Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 101 | Friday, May 21, 2021 | Tel: 905-793-2202 | Fax: 905-793-2282 | news@punjabipost.ca
ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਪਰਮਾਨੈਂਟ ਆਨਲਾਈਨ ਲਰਨਿੰਗ ਉੱਤੇ ਰੋਕ ਲਾਉਣ ਦੀ ਐਨਡੀਪੀ ਨੇ ਕੀਤੀ ਮੰਗ




ਕੇਜਰੀਵਾਲ ਦੇ ਬਿਆਨ ਤੋਂ ਭੜਕੇ ਸਿੰਗਾਪੁਰ ਨੇ ਫੇਕ ਨਿਊਜ਼ ਕਾਨੂੰਨ ਲਾਗੂ ਕੀਤਾ




# ਓਨਟਾਰੀਓ ਨੇ ਰੀਓਪਨਿੰਗ ਲਈ ਤਿੰਨ ਪੜਾਵੀ ਪਲੈਨ ਦਾ ਕੀਤਾ ਖੁਲਾਸਾ

### ਆਊਟਡੋਰ ਗਤੀਵਿਧੀਆਂ ਤੋਂ ਸੁਰੂ ਕਰਕੇ ਹੌਲੀ ਹੌਲੀ ਹਟਾਈਆਂ ਜਾਣਗੀਆਂ ਪਾਬੰਦੀਆਂ

ਟੋਰਾਂਟੋ, 20 ਮਈ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਪ੍ਰੋਵਿੰਸ ਨੂੰ ਮੁੜ ਖੋਲ੍ਹਣ ਲਈ ਤਿੰਨ ਪੜਾਵੀ ਪਲੈਨ ਲਿਆਂਦਾ ਗਿਆ ਹੈ। ਸੱਭ ਤੋਂ ਪਹਿਲਾਂ ਮਨੋਰੰਜਨ ਵਾਲੀਆਂ ਆਊਟਡੋਰ ਥਾਂਵਾਂ ਖੋਲ੍ਹੀਆਂ ਜਾਣਗੀਆਂ ਤੇ ਹੌਲੀ ਹੌਲੀ ਮਹਾਂਮਾਰੀ ਸਬੰਧੀ ਲੱਗੀਆਂ ਪਾਬੰਦੀਆਂ ਹਟਾਈਆਂ ਜਾਣਗੀਆਂ।

ਸਰਕਾਰ ਨੇ ਆਖਿਆ ਕਿ 22 ਮਈ ਤੋਂ ਆਊਟਡੋਰ ਮਨੋਰੰਜਨ ਵਾਲੀਆਂ ਥਾਂਵਾਂ ਜਿਵੇਂ ਕਿ ਗੌਲਫ ਕੋਰਸ ਤੇ ਟੈਨਿਸ ਕੋਰਟ ਨੂੰ ਮੁੜ ਖੋਲ੍ਹਿਆ ਜਾਵੇਗਾ।ਸ਼ਨਿੱਚਰਵਾਰ ਨੂੰ ਸੋਸ਼ਲ ਇੱਕਠ ਤੇ ਆਰਗੇਨਾਈਜ਼ ਕੀਤੇ ਜਾਣ ਵਾਲੇ ਪਬਲਿਕ ਈਵੈਂਟਸ ਲਈ



ਆਊਟਡੋਰ ਲਿਮਿਟ ਵਧਾ ਦਿੱਤੀ ਜਾਵੇਗੀ। ਫਿਰ ਅਜਿਹੀਆਂ ਥਾਂਵਾਂ ਉੱਤੇ ਪੰਜ ਲੋਕ ਤੱਕ ਜਾ ਸਕਣਗੇ।ਇਨ੍ਹਾਂ ਥਾਂਵਾਂ ਵਿੱਚ ਡਰਾਈਵਿੰਗ ਰੇਂਜਿਜ਼, ਸੋਕਰ ਤੇ ਹੋਰ ਖੇਡਾਂ ਦੇ ਮੈਦਾਨ, ਟੈਨਿਸ, ਬਾਸਕਿਟਬਾਲ ਕੋਰਟਸ ਤੇ ਸਕੇਟ ਪਾਰਕਸ ਆਦਿ ਸ਼ਾਮਲ ਹੋਣਗੇ। ਆਊਟਡੋਰ ਖੇਡਾਂ ਜਾਂ ਮਨੋਰੰਜਨ ਨਾਲ ਜੁੜੀਆਂ ਕਿਸੇ ਕਿਸਮ ਦੀਆਂ ਕਲਾਸਾਂ ਦੀ ਇਜਾਜ਼ਤ ਨਹੀਂ ਹੋਵੇਗੀ।

ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਸਾਨੂੰ ਲਗਾਤਾਰ ਸਕਾਰ-ਾਤਮਕ ਰੁਝਾਨ ਵੇਖਣ ਨੂੰ ਮਿਲ ਰਹੇ ਹਨ ਤੇ ਪਬਲਿਕ ਹੈਲਥ ਨਾਲ ਜੁੜੇ ਸੰਕੇਤ ਵੀ ਸਕਾਰਾਤਮਕ ਹਨ। ਨਤੀਜਤਨ ਅਸੀਂ ਹੌਲੀ ਹੌਲੀ ਪ੍ਰੋਵਿੰਸ ਨੂੰ ਕਦਮ ਦਰ ਕਦਮ ਰੀਓਪਨ ਕਰਨ ਲਈ ਆਪਣੇ ਪਬਲਿਕ ਹੈਲਥ ਅਧਿਕਾਰੀਆਂ ਨਾਲ ਰਲ ਕੇ ਕੰਮ ਕਰ ਰਹੇ ਹਾਂ। ਸਰਕਾਰ ਨੇ ਆਖਿਆ ਕਿ ਪ੍ਰੋਵਿੰਸ ਨੂੰ ਰੀਓਪਨ ਕਰਨ ਦੇ ਤਿੰਨ ਪੜਾਵੀ ਪਲੈਨ ਦੀ ਸ਼ੁਰੂਆਤ 14 ਜੂਨ ਵਾਲੇ ਹਫਤੇ ਤੋਂ ਹੋਵੇਗੀ। ਫੋਰਡ ਸਰਕਾਰ ਨੇ ਆਖਿਆ ਕਿ ਉਹ ਉਸ ਸਮੇਂ ਹੀ ਤਰੀਕ ਦਾ ਐਲਾਨ ਕਰਨਗੇ।

...ਬਾਕੀ ਪੰਨਾ 5 'ਤੇ

# ਕੋਵਿਡ-19 ਵੈਕਸੀਨ ਦੀ ਵੰਡ ਦਾ ਕੰਮਕਾਜ ਦੇਖੇਗੀ ਬ੍ਰਿਗੇਡੀਅਰ ਜਨਰਲ ਬ੍ਰੌਡੀ : ਟਰੂਡੋ

ਓਟਵਾ, 20 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ ਭਰ ਵਿੱਚ ਹਰ ਹਫਤੇ ਪਹੁੰਚਣ ਵਾਲੀਆਂ ਕੋਵਿਡ-19 ਵੈਕਸੀਨ ਦੀਆਂ ਕਈ ਮਿਲੀਅਨ ਡੋਜ਼ਾਂ ਦੀ ਵੰਡ ਦਾ ਕੰਮਕਾਜ ਹੁਣ ਬ੍ਰਿਗੇਡੀਅਰ ਜਨਰਲ ਕ੍ਰਿਸਟੀਆ ਬ੍ਰੌਡੀ ਵੇਖੇਗੀ। ਉਨ੍ਹਾਂ ਇਹ ਵੀ ਆਖਿਆ ਕਿ ਜੁਲਾਈ ਦੇ ਮਹੀਨੇ ਕੋਵਿਡ-19 ਵੈਕਸੀਨ ਦੀ ਡਲਿਵਰੀ ਸਮੇਂ ਸਿਰ ਹੋਣ ਦੀ ਪੂਰੀ ਸੰਭਾਵਨਾ ਹੈ।

ਬ੍ਰੌਡੀ ਮੇਜਰ ਜਨਰਲ ਡੈਨੀ ਫੋਰਟਿਨ ਦੀ ਥਾਂ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀ ਐਚ ਏ





ਸੀ) ਦੇ ਵੈਕਸੀਨ ਲਾਜਿਸਟਿਕਸ ਐਂਡ ਆਪਰੇਸ਼ਨਜ਼ ਦੀ ਵਾਈਸ ਪ੍ਰੈਜ਼ੀਡੈਂਟ ਹੋਵੇਗੀ। ਬੀਤੇ ਸ਼ੁੱਕਰਵਾਰ ਨੂੰ ਫੋਰਟਿਨ ਵੱਲੋਂ ਵੈਕਸੀਨ ਦੀ ਵੰਡ ਸਬੰਧੀ ਜ਼ਿੰਮੇਵਾਰੀ ਤੋਂ ਪਾਸੇ ਹੋਣ ਤੇ ਉਨ੍ਹਾਂ ਸਬੰਧੀ ਫੌਜੀ ਜਾਂਚ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰੀ ਮੰਗਲਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਅਸੀਂ ਇਸ ਟੀਚੇ ਨੂੰ ਪੂਰਾ ਕਰਕੇ ਹੀ ਸਾਹ ਲਵਾਂਗੇ।ਟਰੂਡੋ ਨੇ ਆਖਿਆ ਕਿ ਬ੍ਰੌਡੀ ਦਾ ਸਾਥ ਦੇਣ ਲਈ ਸਾਡੀ ਉਹ ਟੀਮ ਮੌਜੂਦ ਹੈ ਜਿਹੜੀ ਪਹਿਲੇ ਦਿਨ ਤੋਂ ਇਹ ਕੰਮ ਕਰ ਰਹੀ ਹੈ ਤੇ ਰਲ ਕੇ ਸਾਰੇ ਆਉਣ ਵਾਲੇ ਹਫਤਿਆਂ ਵਿੱਚ ਕੈਨੇਡੀਅਨਾਂ ਤੱਕ ਮਿਲੀਅਨ ਡੋਜ਼ਾਂ ਪਹੁੰਚਾਉਣ ਵਿੱਚ ਕਾਮਯਾਬ ਰਹਿਣਗੇ।

ਬ੍ਰੌਡੀ ਉਸ ਸਮੇਂ ਇਹ ਜ਼ਿੰਮੇਵਾਰੀ ਸਾਂਭ ਰਹੀ ਹੈ ਜਦੋਂ ਕੋਵਿਡ-19 ਵੈਕਸੀਨ ਵਧੇਰੇ ਮਾਤਰਾ ਵਿੱਚ ਤੇ ਸਹਿਜੇ ਉਪਲਬਧ ਹੋ ਰਹੀਆਂ ਹਨ। ਵਿਰੋਧੀ ਐਮਪੀਜ਼ ਦਾ ਕਹਿਣਾ ਹੈ ਕਿ ਉਹ ਬਾਰੀਕੀ ਨਾਲ ਇਸ ਗੱਲ ਉੱਤੇ ਨਜ਼ਰ ਰੱਖ ਰਹੇ ਹਨ ਕਿ ਜ਼ਿੰਮੇਵਾਰੀਆਂ ਵਿੱਚ ਹੋਈ ਵੱਡੀ ਰੱਦੋਬਦਲ ਕਾਰਨ ਵੰਡ ਪ੍ਰਕਿਰਿਆ ਵਿੱਚ ਕੋਈ ਵਿਘਨ ਨਾ ਪਵੇ।

# ਐਸਟ੍ਰਾਜ਼ੈਨੇਕਾ ਵੈਕਸੀਨ ਦੀ ਦੂਜੀ ਡੋਜ਼ ਸ਼ੁਰੂ ਕਰਨ ਦੀ ਤਿਆਰੀ ਵਿੱਚ ਹੈ ਓਨਟਾਰੀਓ

ਓਨਟਾਰੀਓ, 20 ਮਈ (ਪੋਸਟ ਬਿਊਰੋ) : ਕੋਵਿਡ-19 ਦੀ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਪਹਿਲੀ ਡੋਜ਼ ਲੈਣ ਵਾਲਿਆਂ ਲਈ ਰਾਹਤ ਦੀ ਖਬਰ ਇਹ ਹੈ ਕਿ ਹੁਣ ਉਨ੍ਹਾਂ ਨੂੰ ਜਲਦ ਹੀ ਇਸੇ ਵੈਕਸੀਨ ਦੀ ਦੂਜੀ ਡੋਜ਼ ਮਿਲ ਸਕਦੀ ਹੈ ਕਿਉਂਕਿ ਪ੍ਰੋਵਿੰਸ ਹਜ਼ਾਰਾਂ ਦੀ ਗਿਣਤੀ ਵਿੱਚ ਪਈਆਂ ਵਾਇਲਾਂ ਨੂੰ ਬੇਕਾਰ ਨਹੀਂ ਕਰਨਾ ਚਾਹੁੰਦੀ।

ਪ੍ਰਾਪਤ ਜਾਣਕਾਰੀ ਅਨੁਸਾਰ ਓਨਟਾਰੀਓ ਵੱਲੋਂ ਐਸਟ੍ਰਾਜ਼ੈਨੇਕਾ ਦੀ ਬਚੀ ਹੋਈ ਸਪਲਾਈ ਨੂੰ ਦੂਜੀ ਡੋਜ਼ ਵਜੋਂ ਵਰਤਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇੱਕ ਸਰਕਾਰੀ ਸੂਤਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਸਬੰਧ ਵਿੱਚ ਫੋਰਡ ਸਰਕਾਰ ਵੱਲੋਂ ਐਲਾਨ ਜਲਦ ਕੀਤਾ ਜਾ ਸਕਦਾ ਹੈ। ਇਸ ਵੈਕਸੀਨ ਦੀਆਂ ਪ੍ਰੋਵਿੰਸ ਕੋਲ ਇਸ ਸਮੇਂ ਹਜ਼ਾਰਾਂ ਡੋਜ਼ਾਂ ਪਈਆਂ ਹਨ ਤੇ ਇਹ ਡੋਜ਼ਾਂ 31 ਮਈ ਨੂੰ ਐਕਸਪਾਇਰ ਹੋਣ ਜਾ ਰਹੀਆਂ ਹਨ। ਇੱਥੇ ਹੀ ਬੱਸ ਨਹੀਂ ਪ੍ਰੋਵਿੰਸ ਕੋਲ ਅਜਿਹੀਆਂ ਡੋਜ਼ਾਂ ਵੀ



ਹਨ ਜਿਹੜੀਆਂ ਹੋਰਨਾਂ ਪ੍ਰੋਵਿੰਸਾਂ ਨੂੰ ਸਪਲਾਈ ਕੀਤੀਆਂ ਜਾਣੀਆਂ ਹਨ।

ਓਨਟਾਰੀਓ ਨੇ ਪਿੱਛੇ ਜਿਹੇ ਇਹ ਐਲਾਨ ਕੀਤਾ ਸੀ ਕਿ ਉਹ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਪਹਿਲੀ ਡੋਜ਼ ਨਹੀਂ ਦੇਵੇਗਾ। ਇਹ ਐਲਾਨ ਕੁੱਝ ਲੋਕਾਂ ਵਿੱਚ ਪਾਏ ਗਏ ਬਲੱਡ ਕਲੌਟ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੀਤਾ ਗਿਆ ਸੀ। ਐਸਟ੍ਰਾਜ਼ੈਨੇਕਾ ਨਾਲ ਜੁੜਿਆ ਬਲੱਡ ਕਲੌਟਿੰਗ ਦਾ ਡਰ ਐਨਾ ਜ਼ਿਆਦਾ ਹੈ ਕਿ ਸਿਹਤ ਮਾਹਿਰਾਂ ਤੇ ਅਸਲ ਅੰਕੜਿਆਂ ਵਿੱਚ ਇਸ ਵੈਕਸੀਨ ਦੇ ਵਧੇਰੇ ਫਾਇਦੇ ਹੋਣ ਦੀ ਗੱਲ ਸਾਹਮਣੇ ਆਉਣ ਤੋਂ ਬਾਅਦ ਵੀ ਇਹ ਡਰ ਖ਼ਤਮ ਨਹੀਂ ਹੋ ਰਿਹਾ।

...ਬਾਕੀ ਪੰਨਾ 3 'ਤੇ

# ਓਨਟਾਰੀਓ ਵਿੱਚ ਕਈ ਥਾਂਵਾਂ ਉੱਤੇ 12+ ਨੂੰ ਲਾਏ ਗਏ ਕੋਵਿਡ-19 ਵੈਕਸੀਨ ਦੇ ਟੀਕੇ

ਟੋਰਾਂਟੋ, 20 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਪਹਿਲੀ ਵਾਰੀ ਟੋਰਾਂਟੋ ਵਿੱਚ ਸੈਂਕੜੇ ਟੀਨੇਜਰਜ਼ ਨੂੰ ਕੋਵਿਡ-19 ਵੈਕਸੀਨ ਦੇ ਸ਼ੌਟਸ ਲਾਏ ਗਏ। ਇੱਕ ਲੋਕਲ ਸਕੂਲ ਵਿੱਚ ਸ਼ੁਰੂ ਕੀਤੇ ਗਏ ਪੌਪ ਅੱਪ ਕਲੀਨਿਕ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਟੀਨੇਜਰਜ਼ ਖੁਦ ਨੂੰ ਤੇ ਉਨ੍ਹਾਂ ਦੇ ਮਾਪੇ ਆਪਣੇ ਬੱਚਿਆਂ ਨੂੰ ਇਹ ਟੀਕੇ ਲਵਾਉਣ ਲਈ ਪਹੁੰਚੇ। ਇੱਥੇ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕੇ ਲਾਏ ਗਏ।

ਲਾਈਨ ਵਿੱਖ ਖੜ੍ਹੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਕਈ ਬੱਚਿਆਂ ਨੇ ਦੱਸਿਆ ਕਿ ਇਸ ਟੀਕਾਕਰਣ ਦਾ ਪਤਾ ਉਨ੍ਹਾਂ ਨੂੰ ਆਪਣੇ ਕੁੱਝ ਦੋਸਤਾਂ ਜਾਂ ਸੋਸ਼ਲ ਮੀਡੀਆ ਤੋਂ ਲੱਗਿਆ। ਇਹ ਪਤਾ ਲੱਗਣ ਉੱਤੇ ਉਹ ਆਪਣੇ ਆਨਲਾਈਨ ਕੋਰਸ ਥੋੜ੍ਹੀ ਦੇਰ ਲਈ ਵਿਚਾਲੇ ਹੀ ਛੱਡ ਕੇ ਟੀਕੇ ਲਵਾਉਣ ਲਈ ਪਹੁੰਚੇ ਹਨ।ਓਨਟਾਰੀਓ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਹ 31 ਮਈ



ਤੋਂ ਸ਼ੁਰੂ ਹੋਣ ਵਾਲੇ ਹਫਤੇ ਤੋਂ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਦੀ ਵੈਕਸੀਨੇਸ਼ਨ ਲਈ ਬੁਕਿੰਗ ਖੋਲ੍ਹੇਗਾ।

ਪਰ ਸਰਕਾਰ ਨੇ ਮੰਗਲਵਾਰ ਤੋਂ ਅਜਿਹੇ ਪੌਪ ਅੱਪਜ਼, ਮੋਬਾਈਲ ਕਲੀਨਿਕਸ ਤੇ ਵਾਕ ਇਨ ਅਪੁਆਇੰਟਮੈਂਟਸ ਰਾਹੀਂ 12 ਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਦੀ ਵੈਕਸੀਨੇਸ਼ਨ ਨੂੰ ਹਰੀ ਝੰਡੀ ਦੇ ਦਿੱਤੀ ਸੀ, ਜਿੱਥੇ ਫਾਈਜ਼ਰ ਵੈਕਸੀਨ ਦੇ ਟੀਕੇ ਲਾਏ ਜਾਣੇ ਸਨ। ਕੁੱਝ ਹੈਲਥ ਯੂਨਿਟਸ ਆਪਣੇ ਬੁਕਿੰਗ ਸਿਸਟਮ ਦੀ ਵਰਤੋਂ ਕਰ ਰਹੀਆਂ ਹਨ ਤੇ ਸ਼ਡਿਊਲ ਤੋਂ ਅਗਾਂਹ ਚੱਲ ਰਹੀਆ ਹਨ।

# ਪੀਲ ਰੀਜਨ ਨੇ ਵੈਕਸੀਨ ਦੀ ਯੋਗਤਾ 12+ ਕੀਤੀ


ਓਨਟਾਰੀਓ, 20 ਮਈ (ਪੋਸਟ ਬਿਊਰੋ) : ਵੀਰਵਾਰ ਤੋਂ ਸ਼ੁਰੂ ਹੋ ਕੇ 12 ਤੋਂ 15 ਸਾਲ ਦੇ ਬੱਚੇ, ਜਿਹੜੇ ਪੀਲ ਰੀਜਨ ਵਿੱਚ ਰਹਿੰਦੇ ਹਨ, ਕੰਮ ਕਰਦੇ ਹਨ ਤੇ ਜਾਂ ਫਿਰ ਸਕੂਲ ਜਾਂਦੇ ਹਨ ਆਪਣੇ ਲਈ ਕੋਵਿਡ-19 ਵੈਕਸੀਨ ਅਪੁਆਇੰਟਮੈਂਟ ਬੁੱਕ ਕਰਵਾ ਸਕਦੇ ਹਨ।

ਸਵੇਰੇ 9:00 ਵਜੇ ਤੋਂ ਸ਼ੁਰੂ ਹੋ ਕੇ ਇਸ ਨਵੇਂ ਉਮਰ ਵਰਗ ਲਈ ਵੈਕਸੀਨ ਦੀ ਬੁਕਿੰਗ ਦਾ ਕੰਮ ਸ਼ੁਰੂ ਹੋ ਜਾਵੇਗਾ। ਅਪੁਆਇੰਟਮੈਂਟ ਸਮੇਂ ਸਬੰਧਤ ਬੱਚੇ ਦਾ ਘੱਟੋ ਘੱਟ 12 ਸਾਲ ਤੇ ਇਸ ਤੋਂ ਵੱਧ ਉਮਰ ਦਾ ਹੋਣਾ ਜ਼ਰੂਰੀ ਹੋਵੇਗਾ। ਇਸ ਉਮਰ ਵਰਗ ਦੇ ਬੱਚਿਆਂ ਨੂੰ ਫਾਈਜ਼ਰ ਦੇ ਸ਼ੌਟ ਹੀ ਲਾਏ ਜਾਣਗੇ। ਨੌਜਵਾਨਾਂ ਲਈ ਕੈਨੇਡਾ ਵਿੱਚ ਇਸ ਸਮੇਂ ਸਿਰਫ ਇਸੇ ਵੈਕਸੀਨ ਨੂੰ ਮਨਜ਼ੂਰੀ ਮਿਲੀ ਹੋਈ ਹੈ।
ਰੀਜਨ ਦਾ ਕਹਿਣਾ ਹੈ ਕਿ 12 ਤੋਂ 15 ਸਾਲ ਦੇ ਬੱਚਿਆਂ ਨੂੰ ਇਮਿਊਨਾਈਜ਼ੇਸ਼ਨ ਸਮੇਂ ਆਪਣੇ ਮਾਪਿਆਂ, ਗਾਰਡੀਅਨ ਜਾਂ ਸੀ ਏ ਐਸ ਵਰਕਰ ਦੇ ਨਾਲ ਆਉਣਾ ਹੋਵੇਗਾ ਜਿਹੜੇ ਟੀਕਾਕਰਣ ਲਈ ਮੌਕੇ ਉੱਤੇ ਰਜ਼ਾਮੰਦੀ ਦੇਣਗੇ। 16 ਸਾਲ ਤੇ ਇਸ ਤੋਂ ਵੱਧ ਉਮਰ ਦੇ ਟੀਨੇਜਰ ਆਪਣੀ ਮਰਜ਼ੀ ਨਾਲ ਟੀਕਾ ਲਵਾ ਸਕਦੇ ਹਨ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਪੀਲ ਰੀਜਨ ਵਿੱਚ ਨਵੇਂ ਉਮਰ ਵਰਗ ਦੀ ਵੈਕਸੀਨੇਸ਼ਨ ਦਾ ਕੰਮ ਸ਼ੁਰੂ ਹੋਣ ਜਾ ਰਿਹਾ ਹੈ, ਜੋ ਕਿ ਚੰਗੀ ਖਬਰ ਹੈ। ਉਨ੍ਹਾਂ ਆਖਿਆ ਕਿ ਪੀਲ ਪਬਲਿਕ ਹੈਲਥ ਵੱਲੋਂ ਇਹ ਫੈਸਲਾ ਐਨੀ ਜਲਦੀ ਲੈਣ ਲਈ ਉਹ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੇ ਹਨ। ਬ੍ਰਾਊਨ ਨੇ ਇਹ ਵੀ ਆਖਿਆ ਕਿ ਜਿੰਨੀ ਜਲਦੀ ਅਸੀਂ ਵੱਧ ਤੋਂ ਵੱਧ ਲੋਕਾਂ ਨੂੰ ਵੈਕਸੀਨੇਟ ਕਰਾਂਗੇ ਓਨੀ ਜਲਦੀ ਹੀ ਅਸੀਂ ਆਮ ਵਰਗੇ ਹਾਲਾਤ ਵੱਲ ਮੁੜਾਂਗੇ।

ਇੱਥੇ ਦੱਸਣਾ ਬਣਦਾ ਹੈ ਕਿ ਅਪੁਆਇੰਟਮੈਂਟਸ ਪੀਲ ਰੀਜਨ ਦੇ ਸੱਤ ਮਾਸ ਵੈਕਸੀਨੇਸ਼ਨ ਕਲੀਨਿਕਸ ਉੱਤੇ ਉਪਲਬਧ ਹੋਣਗੀਆਂ। ਬੁਕਿੰਗਜ਼ ਪੀਲ ਰੀਜਨ ਦੀ ਵੈੱਬਸਾਈਟ ਰਾਹੀਂ ਵੀ ਕੀਤੀਆਂ ਜਾ ਸਕਦੀਆਂ ਹਨ।

# ਪਰਿਵਾਰਾਂ ਸਿਰ ਚੜ੍ਹ ਰਹੇ ਕਰਜ਼ੇ ਤੋਂ ਬੈਂਕ ਆਫ ਕੈਨੇਡਾ ਚਿੰਤਤ

ਓਟਵਾ, 20 ਮਈ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਦਾ ਕਹਿਣਾ ਹੈ ਕਿ ਉਸ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਪਰਿਵਾਰਾਂ ਦੇ ਸਿਰਾਂ ਉੱਤੇ ਕਰਜ਼ਾ ਦਿਨੋਂ ਦਿਨ ਵਧੀ ਜਾ ਰਿਹਾ ਹੈ ਤੇ ਇਸ ਨਾਲ ਅਰਥਚਾਰੇ ਨੂੰ ਹੋਰ ਨੁਕਸਾਨ ਹੋਵੇਗਾ। ਆਪਣੇ ਤਾਜ਼ਾ ਫਾਇਨਾਂਸ਼ੀਅਲ ਸਿਸਟਮ ਮੁਲਾਂਕਣ ਵਿੱਚ ਬੈਂਕ ਆਫ ਕੈਨੇਡਾ ਨੇ ਵੀਰਵਾਰ ਨੂੰ ਆਖਿਆ ਕਿ ਕਈ ਪਰਿਵਾਰਾਂ ਨੇ ਆਪਣੀ ਆਮਦਨ ਦੇ ਮੁਕਾਬਲੇ ਬਹੁਤ ਜ਼ਿਆਦਾ ਮਾਰਗੇਜ ਲੈ ਲਈਆਂ ਹਨ, ਇਸ ਨਾਲ ਮਹਾਂਮਾਰੀ ਦੇ ਇਸ ਦੌਰ ਵਿੱਚ ਕਦੇ ਵੀ ਨੌਕਰੀ ਜਾਣ ਕਾਰਨ ਉਨ੍ਹਾਂ ਨੂੰ ਵੱਡਾ ਵਿੱਤੀ ਝਟਕਾ ਲੱਗ ਸਕਦਾ ਹੈ।ਇਹ ਵੀ ਆਖਿਆ ਗਿਆ ਕਿ ਮਹਾਂਮਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਪਰਿਵਾਰਾਂ ਉੱਤੇ ਕੁੱਲ ਕਰਜ਼ਾ ਚਾਰ ਫੀ ਸਦੀ ਤੱਕ ਵੱਧ



ਚੁੱਕਿਆ ਹੈ। ਇਸ ਕਰਜ਼ੇ ਵਿੱਚ ਪਿਛਲੇ ਸਾਲ ਉਦੋਂ ਵੀ ਵਾਧਾ ਹੋਣਾ ਸ਼ੁਰੂ ਹੋਇਆ ਜਦੋਂ ਹਾਊਸਿੰਗ ਮਾਰਕਿਟ ਵਿੱਚ ਕਾਫੀ ਉਛਾਲ ਆ ਗਿਆ।

ਬੈਂਕ ਆਫ ਕੈਨੇਡਾ ਦੀ ਇਸ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਹਾਊਸਿੰਗ ਮਾਰਕਿਟ ਦੀ ਮਜ਼ਬੂਤ ਸਥਿਤੀ ਨਾਲ ਭਾਵੇਂ ਨੇੜ ਭਵਿੱਖ ਵਿੱਚ ਅਰਥਚਾਰੇ ਨੂੰ ਪੈਰਾਂ ਸਿਰ ਹੋਣ ਵਿੱਚ ਕਾਫੀ ਮਦਦ ਮਿਲੇਗੀ ਪਰ ਜੇ ਅਰਥਚਾਰੇ ਵਿੱਚ ਨਿਘਾਰ ਕਾਰਨ ਪਰਿਵਾਰਾਂ ਨੂੰ ਆਪਣੇ ਖਰਚਿਆਂ ਵਿੱਚ ਹੋਰ ਕਟੌਤੀ ਕਰਨੀ ਪੈਂਦੀ ਹੈ ਤਾਂ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਾਰੋਬਾਰਾਂ ਨੂੰ ਲੈ ਕੇ ਬੈਂਕ ਨੇ ਇਹ ਚਿੰਤਾ ਪ੍ਰਗਟਾਈ ਕਿ ਜਦੋਂ ਸਰਕਾਰੀ ਮਦਦ ਬੰਦ ਹੋ ਜਾਵੇਗੀ ਤਾਂ ਉਨ੍ਹਾਂ ਨੂੰ ਕਿਹੋ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਬੈਂਕਸ ਤੇ ਇੰਸ਼ੋਰੈਂਸ ਕੰਪਨੀਆਂ ਲਈ ਬੈਂਕ ਆਫ ਕੈਨੇਡਾ ਨੇ ਆਖਿਆ ਕਿ ਸਾਇਬਰਸਕਿਊਰਿਟੀ ਉਨ੍ਹਾਂ ਦੀਆਂ ਤਿੰਨ ਮੁੱਖ ਚਿੰਤਾਵਾਂ ਵਿੱਚੋਂ ਇੱਕ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A to Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

MANN LAW FIRM
- Real Estate Law
- Wills & Estates
- Business Law
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਜੁਲਾਈ ਵਿੱਚ ਫਾਈਜ਼ਰ ਵੱਲੋਂ ਕੈਨੇਡਾ ਨੂੰ ਦਿੱਤੀ ਜਾਵੇਗੀ 9 ਮਿਲੀਅਨ ਡੋਜ਼




ਓਟਵਾ, 20 ਮਈ (ਪੋਸਟ ਬਿਊਰੋ) : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਪੁਸ਼ਟੀ ਕੀਤੀ ਕਿ ਜਲਦ ਹੀ ਕੈਨੇਡਾ ਨੂੰ ਫਾਈਜ਼ਰ ਵੱਲੋਂ ਕੋਵਿਡ-19 ਵੈਕਸੀਨ ਦੀ ਹੁਣ ਤੱਕ ਦੀ ਸੱਭ ਤੋਂ ਵੱਡੀ ਖੇਪ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਨਾਲ ਆਸ ਨਾਲੋਂ ਪਹਿਲਾਂ ਜ਼ਿੰਦਗੀ ਆਮ ਵਰਗੀ ਹੋਣ ਦੀ ਸੰਭਾਵਨਾ ਹੈ।

ਟਰੂਡੋ ਨੇ ਆਖਿਆ ਕਿ ਕੈਨੇਡਾ ਨੂੰ ਜੁਲਾਈ ਵਿੱਚ ਫਾਈਜ਼ਰ ਤੋਂ ਨੌਂ ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਅਜੇ ਪਿਛਲੇ ਹਫਤੇ ਕੈਨੇਡਾ ਨੂੰ ਇਸ ਵੈਕਸੀਨ ਦੇ ਦੋ ਮਿਲੀਅਨ ਸ਼ੌਟਜ਼ ਹਾਸਲ ਹੋਏ ਸਨ। ਕੈਨੇਡਾ ਨੂੰ ਜੂਨ ਵਿੱਚ ਨੌਂ ਮਿਲੀਅਨ ਡੋਜ਼ਾਂ ਹੋਰ ਹਾਸਲ ਹੋਣ ਦੀ ਆਸ ਹੈ। ਇਹ ਅੱਜ ਪ੍ਰਧਾਨ ਮੰਤਰੀ ਵੱਲੋਂ ਕੀਤੇ ਐਲਾਨ ਨਾਲੋਂ ਵੱਖਰੀ ਖੇਪ ਹੈ।

ਟਰੂਡੋ ਨੇ ਇਹ ਵੀ ਪੁਸ਼ਟੀ ਕੀਤੀ ਕਿ ਇਸ ਹਫਤੇ ਦੇਸ਼ ਵਿੱਚ ਫਾਈਜ਼ਰ ਤੇ ਮੌਡਰਨਾ ਵੈਕਸੀਨਜ਼ ਦੀਆਂ 4·5 ਮਿਲੀਅਨ ਡੋਜ਼ਾਂ ਪਹੁੰਚਣਗੀਆਂ। ਟਰੂਡੋ ਨੇ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੱਕ ਵਾਰੀ ਦੇਸ਼ ਵਿੱਚ ਵੈਕਸੀਨ ਦੀ ਵੰਡ ਦਾ ਕੰਮ ਪਛੜ ਗਿਆ ਸੀ ਪਰ ਹੁਣ ਵੈਕਸੀਨੇਸ਼ਨ ਦਾ ਕੰਮ ਲੀਹ ਉੱਤੇ ਆ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਅਸੀਂ ਜੀ-20 ਮੁਲਕਾਂ ਵਿੱਚ ਰੋਜ਼ਾਨਾ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਮੂਹਰਲੇ ਪਾਏਦਾਨ ਉੱਤੇ ਆ ਜਾਵਾਂਗੇ।

# ਵੈਕਸੀਨੇਸ਼ਨ ਲਈ ਅਮਰੀਕਾ ਜਾਣ ਵਾਲਿਆਂ ਨੂੰ ਯੂ ਐਸ ਬਾਰਡਰ ਏਜੰਸੀ ਵਲੋਂ ਬੈਰੰਗ ਮੋੜਨ ਉਤੇ ਕੈਨੇਡੀਅਨ ਭੰਬਲਭੂਸੇ ਵਿਚ

ਟੋਰਾਂਟੋ, 20 ਮਈ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦਾ ਟੀਕਾ ਲਵਾਉਣ ਦੇ ਇਰਾਦੇ ਨਾਲ ਸਰਹੱਦ ਪਾਰ ਕਰਨ ਵਾਲੇ ਕੈਨੇਡੀਅਨਾਂ ਨੂੰ ਅਮਰੀਕੀ ਅਧਿਕਾਰੀਆਂ ਵੱਲੋਂ ਬੈਰੰਗ ਮੋੜਿਆ ਜਾ ਰਿਹਾ ਹੈ। ਇਹ ਜਾਣਕਾਰੀ ਯੂਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸਨ (ਸੀ ਬੀ ਪੀ) ਵੱਲ'' ਦਿੱਤੀ ਗਈ।




ਬੁੱਧਵਾਰ ਨੂੰ ਜਾਰੀ ਇੱਕ ਬਿਆਨ ਵਿੱਚ ਸੀ ਬੀ ਪੀ ਦੇ ਬੁਲਾਰੇ ਨੇ ਆਖਿਆ ਕਿ ਕੈਨੇਡੀਅਨ ਯੂਐਸ ਸਰਹੱਦ ਸਿਰਫ ਅਸੈਂਸ਼ੀਅਲ ਟਰੈਵਲ ਲਈ ਹੀ ਖੁੱਲ੍ਹਾ ਹੈ। ਉਨ੍ਹਾਂ ਆਖਿਆ ਕਿ ਮਾਰਚ 2020 ਤੋਂ ਇੱਥੇ ਗੈਰ ਜ਼ਰੂਰੀ ਟਰੈਵਲ ਉੱਤੇ ਪਾਬੰਦੀਆਂ ਲੱਗੀਆਂ ਹੋਈਆਂ ਹਨ। ਉਨ੍ਹਾਂ ਇਹ ਵੀ ਆਖਿਆ ਕਿ ਮੌਜੂਦਾ ਪਾਬੰਦੀਆਂ ਦੇ ਚੱਲਦਿਆਂ ਸਿਰਫ ਵੈਕਸੀਨੇਸ਼ਨ ਲਈ ਲੋਕਾਂ ਨੂੰ ਟਰੈਵਲ ਦੀ ਇਜਾਜ਼ਤ ਦੇਣ ਦਾ ਹੁਕਮ ਨਹੀਂ ਹੈ।

ਬੁਲਾਰੇ ਨੇ ਇਹ ਵੀ ਆਖਿਆ ਕਿ ਜੇ ਕੋਈ ਵਿਅਕਤੀ ਜਾਇਜ਼ ਟਰੈਵਲ ਕਾਰਨ ਕਰਕੇ ਅਮਰੀਕਾ ਵਿੱਚ ਦਾਖਲ ਹੁੰਦਾ ਹੈ ਤਾਂ ਉਹ ਆਪਣੇ ਟਰਿੱਪ ਦੇ ਮੱਦੇਨਜ਼ਰ ਇੱਥੇ ਵੈਕਸੀਨੇਸ਼ਨ ਕਰਵਾ ਸਕਦਾ ਹੈ। ਪਰ ਹਰ ਕਿਸੇ ਨੂੰ ਸਿਰਫ ਵੈਕਸੀਨੇਸ਼ਨ ਲਈ ਇੱਧਰ ਆਉਣ ਦੀ ਇਜਾਜ਼ਤ ਨਹੀਂ ਹੈ। ਅਮਰੀਕੀ ਬਾਰਡਰ ਏਜੰਸੀ ਵੱਲੋਂ ਦਿੱਤੇ ਗਏ ਇਸ ਤਰ੍ਹਾਂ ਦੇ ਬਿਆਨ ਨਾਲ ਕੈਨੇਡੀਅਨ ਭੰਬਲਭੂਸੇ ਵਿੱਚ ਹਨ ਕਿਉਂਕਿ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀ ਐਚ ਏ ਸੀ) ਨੇ ਬੀਤੇ ਦਿਨੀਂ ਇਹ ਆਖਿਆ ਸੀ ਕਿ ਕੁੱਝ ਹਾਲਾਤ ਵਿੱਚ ਇਸ ਨੂੰ ਅਸੈਂਸ਼ੀਅਲ ਮੈਡੀਕਲ ਸਰਵਿਸ ਮੰਨਿਆ ਜਾ ਸਕਦਾ ਹੈ। ਇਹ ਵੀ ਆਖਿਆ ਗਿਆ ਸੀ ਕਿ ਅਜਿਹਾ ਕਰਨ ਨਾਲ ਟਰੈਵਲਰ ਨੂੰ ਕੈਨੇਡਾ ਪਰਤਣ ਉੱਤੇ 14 ਦਿਨ ਤੱਕ ਕੁਆਰਨਟੀਨ ਕੀਤੇ ਜਾਣ ਤੋਂ ਛੋਟ ਮਿਲ ਸਕਦੀ ਹੈ।

ਇਨ੍ਹਾਂ ਹਾਲਾਤ ਵਿੱਚ ਕੈਨੇਡਾ ਦੇ ਕਿਸੇ ਲਾਇਸੰਸਸ਼ੁਦਾ ਹੈਲਥ ਕੇਅਰ ਪ੍ਰੋਵਾਈਡਰ ਵੱਲੋਂ ਇਸ ਗੱਲ ਦਾ ਲਿਖਤੀ ਸਬੂਤ ਪੇਸ਼ ਕੀਤਾ ਜਾ ਸਕਦਾ ਹੈ ਕਿ ਸਬੰਧਤ ਵਿਅਕਤੀ ਨੂੰ ਕੈਨੇਡਾ ਤੋਂ ਬਾਹਰ ਮੈਡੀਕਲ ਸੇਵਾਵਾਂ ਜਾਂ ਇਲਾਜ ਦੀ ਲੋੜ ਹੈ ਫਿਰ ਅਮਰੀਕਾ ਦੇ ਕਿਸੇ ਲਾਇਸੰਸਸ਼ੁਦਾ ਹੈਲਥ ਕੇਅਰ ਪ੍ਰੋਵਾਈਡਰ ਵੱਲੋਂ ਇਹ ਵੀ ਲਿਖਤੀ ਸਬੂਤ ਭੇਜਿਆ ਜਾਵੇ ਕਿ ਸਬੰਧ ਵਿਅਕਤੀ ਨੂੰ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਟਰੈਵਲਰ ਨੂੰ ਆਪਣੇ ਨਿਜੀ ਵਾਹਨ ਵਿੱਚ ਟਰੈਵਲ ਕਰਨਾ ਹੋਵੇਗਾ ਤੇ ਉਹ ਆਪਣੇ ਨਾਲ ਸਿਰਫ ਇੱਕ ਹੋਰ ਵਿਅਕਤੀ ਨੂੰ ਹੀ ਮਦਦ ਲਈ ਲਿਜਾ ਸਕਦਾ ਹੈ। ਇਸ ਟਰੈਵਲ ਦੌਰਾਨ ਉਹ ਕਿਤੇ ਹੋਰ ਨਹੀਂ ਰੁਕੇਗਾ।

# ਪਾਰਕ ਵਿੱਚ ਰਹਿ ਰਹੇ ਬੇਘਰ ਲੋਕਾਂ ਦੇ ਡੇਰਿਆਂ ਨੂੰ ਹਟਾਉਣ ਗਈ ਪੁਲਿਸ ਤੇ ਲੋਕਾਂ ਦਰਮਿਆਨ ਹੋਈ ਝੜਪ

ਟੋਰਾਂਟੋ, 20 ਮਈ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਹੋਮਲੈੱਸ ਲੋਕਾਂ ਦੇ ਡੇਰਿਆਂ ਨੂੰ ਹਟਾਉਣ ਕਾਰਨ ਪੁਲਿਸ ਤੇ ਰੈਜ਼ੀਡੈਂਟਸ ਦਰਮਿਆਨ ਝੜਪ ਹੋ ਗਈ।

ਜਿਹੜੇ ਬੇਘਰ ਲੋਕ ਲੈਂਪੋਰਟ ਸਟੇਡੀਅਮ ਪਾਰਕ ਵਾਲੀ ਸਾਈਟ ਉੱਤੇ ਟੈਂਟਾਂ ਵਿੱਚ ਰਹਿ ਰਹੇ ਸਨ, ਉਹ ਆਪਣੇ ਸਮਰਥਕਾਂ ਨਾਲ ਪੁਲਿਸ ਅਧਿਕਾਰੀਆਂ ਉੱਤੇ ਚੀਕਦੇ ਵੇਖੇ ਗਏ ਤੇ ਅੱਗੋਂ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਧਮਕੀ ਦਿੱਤੀ ਗਈ। ਇੱਥੋਂ ਪੁਲਿਸ ਵੱਲੋਂ ਜਦੋਂ ਬੇਘਰ ਲੋਕਾਂ ਦੇ ਟੈਂਟ ਹਟਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਰੋਕਣ ਲਈ ਕਈ ਲੋਕ ਇੱਥੇ ਪਹੁੰਚ ਗਏ। ਪੁਲਿਸ ਅਧਿਕਾਰੀਆਂ ਵੱਲੋ ਵੀ ਲੋਕਾਂ ਨਾਲ ਸਖ਼ਤੀ ਕੀਤੀ ਗਈ।




ਇਸ ਪਾਰਕ ਵਿੱਚ ਬੇਘਰ ਲੋਕਾਂ ਵੱਲੋਂ ਲਾਏ ਡੇਰਿਆਂ ਨੂੰ ਚੁੱਕਣ ਲਈ ਟੋਰਾਂਟੋ ਸਕਿਊਰਿਟੀ ਆਫੀਸਰਜ਼ ਵੱਡੀ ਗਿਣਤੀ ਵਿੱਚ ਇੱਥੇ ਪਹੁੰਚੇ। ਟੋਰਾਂਟੋ ਪੁਲਿਸ ਕਾਂਸਟੇਬਲ ਡੇਵਿਡ ਹੌਪਕਿੰਨਜ਼ ਨੇ ਦੱਸਿਆ ਕਿ ਇਸ ਦੌਰਾਨ ਕੁੱਝ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ। ਇੱਕ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ ਵਾਲੇ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਵਿੱਚੋਂ ਵੀ ਬਹੁਤਿਆਂ ਨੂੰ ਟਰੈੱਸਪਾਸਿੰਗ ਲਈ ਗ੍ਰਿਫਤਾਰ ਕੀਤਾ ਗਿਆ ਪਰ ਡੇਰਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ। ਹੌਪਕਿੰਸਨ ਨੇ ਆਖਿਆ ਕਿ ਦੋ ਪੁਲਿਸ ਅਧਿਕਾਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਮੌਕੇ ਉੱਤੇ ਹੀ ਉਨ੍ਹਾਂ ਦਾ ਇਲਾਜ ਵੀ ਕਰ ਦਿੱਤਾ ਗਿਆ।

ਡੇਰਿਆਂ ਵਿੱਚ ਰਹਿ ਰਹੇ ਲੋਕਾਂ ਤੇ ਸਮਾਜਕ ਕਾਰਕੁੰਨਾਂ ਨੇ ਡੇਰਿਆਂ ਨੂੰ ਹਟਾਉਣ ਦਾ ਵਿਰੋਧ ਕੀਤਾ ਤੇ ਸਕਿਊਰਿਟੀ ਆਫੀਸਰਜ਼ ਵੱਲੋਂ ਕੌਸ਼ਨ ਲਈ ਲਾਈ ਗਈ ਟੇਪ ਵੀ ਉਤਾਰ ਦਿੱਤੀ। ਇੱਕ ਮਹਿਲਾ, ਜਿਸ ਨੇ ਇਹ ਮੰਨਿਆ ਸੀ ਕਿ ਉਹ ਹੋਟਲ ਵਿੱਚ ਰਹਿਣ ਚਲੀ ਜਾਵੇਗੀ, ਦਾ ਟੈਂਟ ਹਟਾਉਣ ਲਈ 20 ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਸਨ ਪਰ ਉੱਥੇ ਰਹਿਣ ਵਾਲੇ ਕਈ ਹੋਰ ਲੋਕਾਂ ਨੇ ਆਖਿਆ ਕਿ ਉਹ ਇੱਥੋਂ ਨਹੀਂ ਜਾਣਾ ਚਾਹੁੰਦੇ। ਸਿਟੀ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਪਾਰਕਾਂ ਵਿੱਚ ਡੇਰੇ ਲਾਉਣਾ ਸੇਫ ਨਹੀਂ ਹੈ ਤੇ ਇਸ ਦੀ ਇਜਾਜ਼ਤ ਵੀ ਨਹੀਂ ਹੈ।

ਇੱਕ ਈ ਮੇਲ ਵਿੱਚ ਬੁਲਾਰੇ ਬ੍ਰੈਡ ਰੌਸ ਨੇ ਆਖਿਆ ਕਿ ਪਿਛਲੇ ਹਫਤੇ ਇੱਥੇ ਲਾਏ ਗਏ ਟਰੈੱਸਪਾਸਿੰਗ ਦੇ ਨੋਟਿਸ ਨੂੰ ਲਾਗੂ ਕਰਵਾਉਣ ਦੀ ਹੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਸਾਰੇ ਰੈਜ਼ੀਡੈਂਟਸ ਨੂੰ ਸੇਫ, ਸ਼ੈਲਟਰ ਜਾਂ ਹੋਟਲ ਦੇ ਕਮਰੇ ਵਿੱਚ ਰਹਿਣ ਦੀ ਪੇਸ਼ਕਸ਼ ਕੀਤੀ ਗਈ ਸੀ, ਜਿੱਥੇ ਮੀਲ, ਲਾਂਡਰੀ, ਸ਼ਾਵਰ ਤੇ ਮੈਡੀਕਲ ਸਹਿਯੋਗ ਆਦਿ ਦਿੱਤਾ ਜਾਣਾ ਸੀ, ਪਰ ਰੈਜ਼ੀਡੈਂਟਸ ਵੱਲੋਂ ਇਸ ਪੇਸ਼ਕਸ਼ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ।

ਇਸ ਘਟਨਾ ਬਾਰੇ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਪੁਲਿਸ ਅਧਿਕਾਰੀਆਂ ਉੱਤੇ ਹਮਲਾ ਕੀਤੇ ਜਾਣ ਦੀ ਖਬਰ ਸੁਣ ਕੇ ਉਹ ਕਾਫੀ ਪਰੇਸ਼ਾਨ ਹਨ ਤੇ ਬਹੁਤ ਵਾਰੀ ਇਹ ਆਖ ਚੁੱਕੇ ਹਨ ਕਿ ਇਸ ਤਰ੍ਹਾਂ ਡੇਰਿਆਂ ਵਿੱਚ ਰਹਿਣਾ ਬਹੁਤ ਹੀ ਅਸੁਰੱਖਿਅਤ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਇੱਥੇ 15 ਲੋਕ ਰਹਿੰਦੇ ਹਨ ਤੇ ਇਨ੍ਹਾਂ ਵਿੱਚੋਂ ਕਈਆਂ ਉੱਤੇ ਬੋਤਲਾਂ ਤੇ ਪੱਥਰ ਸੁੱਟਣ ਦਾ ਵੀ ਦੋਸ਼ ਹੈ।

# ਘਰ ਵਿੱਚ ਦਾਖਲ ਹੋ ਕੇ 50 ਸਾਲਾ ਮਹਿਲਾ ਨੂੰ ਮਾਰੀ ਗੋਲੀ




ਬਰੈਂਪਟਨ, 20 ਮਈ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਵਿੱਚ ਗੋਲੀ ਮਾਰੇ ਜਾਣ ਤੋਂ ਬਾਅਦ ਇੱਕ 50 ਸਾਲਾ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਇਸ ਘਟਨਾ ਦਾ ਪਤਾ ਲੱਗਣ ਉੱਤੇ ਰਾਤੀਂ 7:30 ਵਜੇ ਗੋਰ ਰੋਡ ਤੇ ਡੌਨ ਮਿਨੈਕਰ ਡਰਾਈਵ ਉੱਤੇ ਪੁਲਿਸ ਪਹੁੰਚੀ। ਮਹਿਲਾ ਦੀ ਹਾਲਤ ਕਾਫੀ ਨਾਜ਼ੁਕ ਸੀ ਤੇ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਮਹਿਲਾ ਦੀ ਹਾਲਤ ਸਥਿਰ ਹੈ। ਪੁਲਿਸ ਨੇ ਦੱਸਿਆ ਕਿ ਸ਼ੂਟਿੰਗ ਤੋਂ ਪਹਿਲਾਂ ਦੋ ਮਸ਼ਕੂਕ ਘਰ ਦੇ ਬਾਹਰ ਵੀ ਨਜ਼ਰ ਆਏ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਘਰ ਵਿੱਚੋਂ ਹੀ ਕਿਸੇ ਵਿਅਕਤੀ ਨੇ ਸਾਹਮਣੇ ਵਾਲਾ ਦਰਵਾਜ਼ਾ ਖੋਲ੍ਹਿਆ ਤੇ ਫਿਰ ਉਸ ਮਹਿਲਾ ਉੱਤੇ ਗੋਲੀ ਚਲਾਈ ਗਈ।

ਪੁਲਿਸ ਨੇ ਦੱਸਿਆ ਕਿ ਘਰ ਵਿੱਚ ਹੋਰ ਲੋਕ ਵੀ ਸਨ ਪਰ ਕੋਈ ਹੋਰ ਜ਼ਖ਼ਮੀ ਨਹੀਂ ਹੋਇਆ। ਸ਼ੂਟਿੰਗ ਤੋਂ ਬਾਅਦ ਕਾਲੇ ਰੰਗ ਦੀ ਗੱਡੀ ਨੂੰ ਇਲਾਕੇ ਵਿੱਚੋਂ ਬਾਹਰ ਜਾਂਦਿਆਂ ਵੇਖਿਆ ਗਿਆ।

# ਕੈਨੇਡਾ ਨੇ ਭਾਰਤ ਭੇਜੀ 40 ਟੰਨ ਮੈਡੀਕਲ ਸਪਲਾਈ



ਟੋਰਾਂਟੋ, 20 ਮਈ (ਪੋਸਟ ਬਿਊਰੋ) : ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ 40 ਟੰਨ ਮੈਡੀਕਲ ਸਪਲਾਈ ਲੈ ਕੇ ਏਅਰ ਕੈਨੇਡਾ ਦਾ ਇੱਕ ਜਹਾਜ਼ ਮੰਗਲਵਾਰ ਨੂੰ ਭਾਰਤ ਰਵਾਨਾ ਹੋਇਆ।

ਇਸ ਮਾਲਵਾਹਕ ਜਹਾਜ਼ ਵਿੱਚ ਵੈਂਟੀਲੇਟਰਜ਼, ਪੀਪੀਈ, ਆਕਸੀਜ਼ਨ ਸਿਲੰਡਰ ਤੇ ਜੈਨਰੇਟਰਜ਼ ਹਨ ਤੇ ਇਹ ਜਹਾਜ਼ ਦਿੱਲੀ ਉਤਰੇਗਾ। ਪਿਛਲੇ 24 ਘੰਟਿਆਂ ਵਿੱਚ ਭਾਰਤ ਵੱਲੋਂ ਕੋਵਿਡ-19 ਕਾਰਨ 4300 ਮੌਤਾਂ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇੱਕ ਬਿਆਨ ਵਿੱਚ ਏਅਰ ਕੈਨੇਡਾ ਦੇ ਕਾਰਗੋ ਦੇ ਵਾਈਸ ਪ੍ਰੈਜ਼ੀਡੈਂਟ ਜੇਸਨ ਬੈਰੀ ਨੇ ਦੱਸਿਆ ਕਿ ਭਾਰਤ ਦੇ ਹਾਲਾਤ ਤੋਂ ਸਾਰੇ ਚਿੰਤਤ ਹਨ ਤੇ ਇਸ ਸਮੇਂ ਦੁਨੀਆ ਭਰ ਵਿੱਚ ਜੋ ਕੁੱਝ ਵੀ ਹੋ ਰਿਹਾ ਹੈ ਉਸ ਤੋਂ ਕੋਈ ਵੱਖਰਾ ਹੋ ਕੇ ਨਹੀਂ ਰਹਿ ਸਕਦਾ।

ਭਾਵੇਂ ਇਨਫੈਕਸ਼ਨ ਦੀ ਦਰ ਘਟੀ ਹੈ ਪਰ ਭਾਰਤ ਵਿੱਚ ਇਸ ਸਮੇਂ ਕੋਵਿਡ-19 ਦੇ 25 ਮਿਲੀਅਨ ਤੋਂ ਵੀ ਵੱਧ ਮਾਮਲੇ ਹੋ ਚੁੱਕੇ ਹਨ। ਇਸ ਮਾਮਲੇ ਵਿੱਚ ਅਮਰੀਕਾ ਤੋਂ ਬਾਅਦ ਭਾਰਤ ਦਾ ਦੂਜਾ ਸਥਾਨ ਹੈ। ਟੋਰਾਂਟੋ ਬਿਜ਼ਨਸ ਡਿਵੈਲਪਮੈਂਟ ਸੈਂਟਰ ਅਤੇ ਓਨਟਾਰੀਓ ਸਰਕਾਰ ਵੱਲੋਂ ਡੋਨੇਸ਼ਨ ਦਿੱਤੀ ਗਈ ਹੈ ਤੇ ਇਨ੍ਹਾਂ ਵੱਲੋਂ ਬਰੈਂਪਟਨ ਵਿੱਚ ਤਿਆਰ 2000 ਵੈਂਟੀਲੇਟਰਜ਼ ਭਾਰਤ ਭੇਜੇ ਜਾ ਰਹੇ ਹਨ। ਇਹ ਸਰਕਾਰ ਦੀ 3000 ਵੈਂਟੀਲੇਟਰਜ਼ ਦੀ ਸ਼ੁਰੂਆਤੀ ਡੋਨੇਸ਼ਨ ਦਾ ਹਿੱਸਾ ਹਨ, ਜੋ ਕਿ ਇਸ ਹਫਤੇ ਭਾਰਤ ਪਹੁੰਚਣੇ ਸ਼ੁਰੂ ਹੋ ਜਾਣਗੇ।

ਟੋਰਾਂਟੋ ਬਿਜ਼ਨਸ ਡਿਵੈਲਪਮੈਂਟ ਸੈਂਟਰ ਚੇਅਰਮੈਨ ਵਿਕਰਮ ਖੁਰਾਨਾ ਨੇ ਆਖਿਆ ਕਿ ਭਾਰਤ ਨਾਲ ਸਾਡੇ ਮਜ਼ਬੂਤ ਤੇ ਡੂੰਘੇ ਰਿਸ਼ਤੇ ਹਨ। ਅਸੀਂ ਇਸ ਔਖੀ ਘੜੀ ਵਿੱਚ ਉੱਥੋਂ ਦੇ ਲੋਕਾਂ ਤੇ ਫਰੰਟਲਾਈਨ ਵਰਕਰਜ਼ ਨਾਲ ਖੜ੍ਹੇ ਹਾਂ। ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਵੈਕਸੀਨ ਨਿਰਮਾਤਾ ਹੈ ਤੇ ਹੁਣ ਤੱਕ ਦੁਨੀਆ ਭਰ ਵਿੱਚ ਭਾਰਤ 66 ਮਿਲੀਅਨ ਡੋਜ਼ਾਂ ਭੇਜ ਚੁੱਕਿਆ ਹੈ। ਉਨ੍ਹਾਂ ਆਖਿਆ ਕਿ ਅਸੀਂ ਗਲੋਬਲ ਕਮਿਊਨਿਟੀ ਨੂੰ ਮਹਾਂਮਾਰੀ ਵਿੱਚ ਇੱਕ ਦੂਜੇ ਦੀ ਮਦਦ ਕਰਨ ਦਾ ਸੱਦਾ ਦਿੰਦੇ ਹਾਂ ਤੇ ਇਹ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਜਦੋਂ ਤੱਕ ਹਰ ਕੋਈ ਸੇਫ ਨਹੀਂ ਉਦੋਂ ਤੱਕ ਕੋਈ ਵੀ ਸੇਫ ਨਹੀਂ।

ਏਅਰ ਕੈਨੇਡਾ ਦੀ ਇਸ ਫਲਾਈਟ ਵਿੱਚ ਸਸਕੈਚਵਨ ਸਰਕਾਰ ਵੱਲੋਂ ਡੋਨੇਟ ਕੀਤੇ ਗਏ 100 ਵੈਂਟੀਲੇਟਰਜ਼ ਵੀ ਹਨ। ਇਹ ਸਪਲਾਈ ਭਾਰਤ ਭਰ ਵਿੱਚ ਲੋੜ ਤੇ ਰੈੱਡ ਕਰੌਸ ਦੀ ਸਲਾਹ ਨਾਲ ਵੰਡੀ ਜਾਵੇਗੀ।

# ਫਰੰਟਲਾਈਨ ਵਰਕਰਜ਼ ਲਈ 1 ਮਿਲੀਅਨ ਇੱਕਠਾ ਕਰਨ ਵਾਸਤੇ ਓਸਲਰ ਫਾਊਂਡੇਸ਼ਨ ਨੇ ਲਾਂਚ ਕੀਤਾ ਕੰਪੈਸ਼ਨ ਫੰਡ

ਬਰੈਂਪਟਨ, 20 ਮਈ (ਪੋਸਟ ਬਿਊਰੋ) : ਕੋਵਿਡ-19 ਦਾ ਖਤਰਾ ਅਜੇ ਵੀ ਪੀਲ ਰੀਜਨ ਉੱਤੇ ਮੰਡਰਾ ਰਿਹਾ ਹੈ ਤੇ ਇਸ ਦੌਰਾਨ ਫਰੰਟਲਾਈਨ ਹੈਲਥ ਕੇਅਰ ਵਰਕਰਜ਼ ਇਸ ਮਹਾਂਮਾਰੀ ਦੌਰਾਨ ਮਰੀਜ਼ਾਂ ਦੀ ਦੇਖਭਾਲ ਕਰਦਿਆਂ ਹੋਇਆਂ ਸਰੀਰਕ ਤੇ ਇਮੋਸ਼ਨਲ ਸੰਕਟ ਵਿੱਚੋਂ ਲੰਘ ਰਹੇ ਹਨ। ਇੱਕ ਸਾਲ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ ਜਦੋਂ ਤੋਂ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਦੇ ਸਟਾਫ, ਡਾਕਟਰ ਤੇ ਵਾਲੰਟੀਅਰ ਕੈਨੇਡਾ ਦੀਆਂ ਸੱਭ ਤੋਂ ਵੱਧ ਪ੍ਰਭਾਵਿਤ ਕਮਿਊਨਿਟੀਜ਼ ਦੀ ਸਾਂਭ ਸੰਭਾਲ ਕਰਨ ਵਿੱਚ ਰੁੱਝੇ ਹੋਏ ਹਨ। ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਵੱਲੋਂ ਕੰਪੈਸ਼ਨ ਫੰਡ ਸ਼ੁਰੂ ਕੀਤਾ ਗਿਆ ਹੈ। ਇਸ ਤਹਿਤ ਓਸਲਰ ਦੀਆਂ ਤਿੰਨ ਹਸਪਤਾਲ ਸਾਈਟਸ-ਬਰੈਂਪਟਨ ਸਿਵਿਕ ਹਸਪਤਾਲ, ਇਟੋਬੀਕੋ ਜਨਰਲ ਹੌਸਪਿਟਲ ਤੇ ਪੀਲ ਮੈਮੋਰੀਅਲ ਸੈਂਟਰ



ਫੌਰ ਇੰਟੇਗ੍ਰੇਟਿਡ ਹੈਲਥ ਐਂਡ ਵੈੱਲਨੈੱਸ ਹਸਪਤਾਲਾਂ ਵਿੱਚ ਸਟਾਫ, ਡਾਕਟਰਾਂ ਤੇ ਵਾਲੰਟੀਅਰਜ਼ ਦੀ ਸਿਹਤ ਸੰਭਾਲ ਤੇ ਹੋਰਨਾਂ ਲੋੜਾਂ ਨੂੰ ਪੂਰਾ ਕਰਨ ਲਈ ਕੰਪੈਸ਼ਨ ਫੰਡ ਲਾਂਚ ਕੀਤਾ ਗਿਆ ਹੈ ਜਿਸ ਤਹਿਤ 1 ਮਿਲੀਅਨ ਡਾਲਰ ਇੱਕਠੇ ਕੀਤੇ ਜਾਣ ਦੀ ਸੰਭਾਵਨਾ ਹੈ।

ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਸਾਡੇ ਫਰੰਟ ਲਾਈਨ ਵਰਕਰਜ਼ ਇਸ ਮੁਸ਼ਕਲ ਵੇਲੇ ਵਿੱਚ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਦੀ ਭੂਮਿਕਾ ਵੀ ਨਿਭਾਉਂਦੇ ਹਨ, ਉਨ੍ਹਾਂ ਦੀ ਸਾਂਭ ਸੰਭਾਲ ਕਰਦੇ ਹਨ ਤੇ ਆਖਰੀ ਸਮੇਂ ਵਿੱਚ ਜਦੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੇ ਨਾਲ ਨਹੀਂ ਹੁੰਦੇ ਉਹ ਆਪ ਰਹਿੰਦੇ ਹਨ। ਬਿਨਾਂ ਸ਼ੱਕ ਉਹ ਸਾਡੇ ਹੈਲਥ ਕੇਅਰ ਹੀਰੋ ਹਨ। ਭਾਵੇਂ ਉਹ ਹੁਣ ਸ਼ਰੀਰਕ ਤੌਰ ਉੱਤੇ ਤੇ ਭਾਵਨਾਤਮਕ ਤੌਰ ਉੱਤੇ ਤੱਕ ਥੱਕ ਚੁੱਕੇ ਹਨ ਪਰ ਉਹ ਅਜੇ ਵੀ ਪੂਰੀ ਤਰ੍ਹਾਂ ਵਚਨਬੱਧ ਹਨ। ਉਨ੍ਹਾਂ ਪਿਛਲੇ ਸਾਲ ਤੋਂ ਬੇਹਤਰੀਨ ਭੂਮਿਕਾ ਨਿਭਾਈ ਹੈ ਤੇ ਇਸ ਫੰਡ ਨਾਲ ਅਸੀ ਉਨ੍ਹਾਂ ਦੀ ਮਦਦ ਕਰਨੀ ਚਾਹੁੰਦੇ ਹਾਂ। ਇਸ ਫੰਡ ਨਾਲ ਆਨ ਸਾਈਟ ਕਾਊਂਸਲਿੰਗ, ਓਸਲਰ ਦੇ ਫਰੰਟਲਾਈਨ ਵਰਕਰਜ਼ ਲਈ 24 ਘੰਟੇ ਵੈੱਲਨੈੱਸ ਪ੍ਰੋਗਰਾਮ ਵੀ ਚਲਾਇਆ ਜਾਵੇਗਾ। ਇਸ ਦੇ ਨਾਲ ਹੀ ਇਸ ਫੰਡ ਰਾਹੀਂ ਸਾਰੀ ਤਰ੍ਹਾਂ ਦਾ ਸਾਜ਼ੋ ਸਮਾਨ ਵੀ ਮੁਹੱਈਆ ਕਰਵਾਇਆ ਜਾ ਸਕੇ ਤਾਂ ਕਿ ਸਾਡੇ ਫਰੰਟਲਾਈਨ ਵਰਕਰਜ਼ ਮਿਆਰੀ ਸੇਵਾਵਾਂ ਦੇਣੀਆਂ ਜਾਰੀ ਰੱਖ ਸਕਣ। ਇਸ ਮੌਕੇ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਅਤੇ ਸੀਈਓ ਨਵੀਦ ਮੁਹੰਮਦ ਨੇ ਆਖਿਆ ਕਿ ਆਪਣੇ ਸਟਾਫ, ਡਾਕਟਰਾਂ ਤੇ ਵਾਲੰਟੀਅਰਜ਼ ਦੇ ਸਮਰਪਣ ਭਾਵ ਉੱਤੇ ਉਨ੍ਹਾਂ ਨੂੰ ਬਹੁਤ ਮਾਣ ਹੈ।

## ਇਰਾਨ ਵਿੱਚ ਫਲਾਈਟ 752 ਦੇ ਫੁੰਡੇ ਜਾਣ ਨੂੰ ਅਦਾਲਤ ਨੇ ਅੱਤਵਾਦੀ ਕਾਰਵਾਈ ਕਰਾਰ ਦਿੱਤਾ

ਟੋਰਾਂਟੋ, 20 ਮਈ (ਪੋਸਟ ਬਿਊਰੋ) : ਪਿਛਲੇ ਸਾਲ ਯਾਤਰੀ ਜੈੱਟ ਨੂੰ ਇਰਾਨੀ ਫੌਜ ਵੱਲੋਂ ਫੁੰਡ ਸੁੱਟਣ ਦੇ ਸਬੰਧ ਵਿੱਚ ਓਨਟਾਰੀਓ ਦੀ ਅਦਾਲਤ ਨੇ ਫੈਸਲਾ ਸੁਣਾਉਂਦਿਆਂ ਇਸ ਨੂੰ ਸੋਚ ਸਮਝ ਕੇ ਕੀਤੀ ਗਈ ਅੱਤਵਾਦੀ ਕਾਰਵਾਈ ਕਰਾਰ ਦਿੱਤਾ ਗਿਆ ਹੈ। ਇਸ ਨਾਲ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਨੂੰ ਇਰਾਨ ਤੋਂ ਮੁਆਵਜ਼ਾ ਹਾਸਲ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਆਪਣੇ ਫੈਸਲੇ ਵਿੱਚ ਓਨਟਾਰੀਓ ਦੀ ਸੁਪੀਰੀਅਰ ਕੋਰਟ ਦੇ ਜੱਜ ਐਡਵਰਡ ਬੈਲੋਬਾਬਾ ਨੇ ਪਾਇਆ ਕਿ ਬਹੁਤ ਹੱਦ ਤੱਕ ਇਹ ਸੰਭਾਵਨਾਵਾਂ ਹਨ ਕਿ ਯੂਕਰੇਨ ਦੀ ਇੰਟਰਨੈਸ਼ਨਲ ਏਅਰਲਾਈਨਜ਼ ਦੀ ਫਲਾਈਟ 752 ਉੱਤੇ 8 ਜਨਵਰੀ, 2020 ਨੂੰ ਜਾਣਬੁੱਝ ਕੇ ਉਸ ਸਮੇਂ ਮਿਸਾਈਲ ਦਾਗੀ ਗਈ ਜਦੋਂ ਉਸ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਹਥਿਆਰਬੰਦ ਲੜਾਈ ਨਹੀਂ ਸੀ ਚੱਲ ਰਹੀ। ਨਤੀਜੇ ਵਜੋਂ ਉਨ੍ਹਾਂ ਇਸ ਨੂੰ ਅੱਤਵਾਦੀ ਕਾਰਵਾਈ ਕਰਾਰ ਦਿੰਦਿਆਂ ਆਖਿਆ ਕਿ ਇਰਾਨ ਸਿਵਿਲ ਲਿਟੀਗੇਸ਼ਨ ਤੋਂ ਹੁਣ ਬਚ ਨਹੀਂ ਸਕਦਾ।

ਫੈਸਲੇ ਵਿੱਚ ਆਖਿਆ ਗਿਆ ਕਿ ਭਾਵੇਂ ਸਟੇਟ ਇਮਿਊਨਿਟੀ ਐਕਟ ਹੋਰਨਾਂ ਦੇਸ਼ਾਂ ਨੂੰ ਲੀਗਲ ਕਲੇਮਜ਼ ਤੋਂ ਬਚਾਉਂਦਾ ਹੈ ਪਰ ਜਸਟਿਸ ਫੌਰ ਵਿਕਟਿਮਜ਼ ਆਫ ਟੈਰੋਰਿਜ਼ਮ ਐਕਟ ਅਜਿਹੇ ਮਾਮਲਿਆਂ ਵਿੱਚ ਇਸ ਐਕਟ ਤੋਂ ਛੋਟ ਵੀ ਦਿੰਦਾ ਹੈ ਜਿੱਥੇ ਮਾਮਲਾ ਅੱਤਵਾਦੀ ਗਤੀਵਿਧੀ ਨਾਲ ਜੁੜਿਆ ਹੋਵੇ। ਇਸ ਹਾਦਸੇ ਵਿੱਚ ਮਾਰੇ ਗਏ 176 ਲੋਕਾਂ ਵਿੱਚੋਂ 100 ਤੋਂ ਵੱਧ ਦੇ ਸਬੰਧ ਕੈਨੇਡਾ ਨਾਲ ਸਨ ਤੇ ਇਨ੍ਹਾਂ ਵਿੱਚ ਵੀ 55 ਕੈਨੇਡੀਅਨ ਨਾਗਰਿਕ ਸਨ ਤੇ 30 ਪਰਮਾਨੈਂਟ ਰੈਜ਼ੀਡੈਂਟਸ ਸਨ।

## ਐਸਟ੍ਰਾਜ਼ੈਨੇਕਾ ਵੈਕਸੀਨ ਦੀ ਦੂਜੀ ਡੋਜ਼ ਸ਼ੁਰੂ ਕਰਨ ਦੀ ਤਿਆਰੀ ਵਿੱਚ ਹੈ ਓਨਟਾਰੀਓ

...ਪੰਨਾ 1 ਦਾ ਬਾਕੀ

ਓਨਟਾਰੀਓ ਦੇ ਚੀਫ ਮੈਡੀਕਲ ਆਫਿਸਰ ਡਾ. ਡੇਵਿਡ ਵਿਲੀਅਮਜ਼ ਦਾ ਕਹਿਣਾ ਹੈ ਕਿ ਐਸਟ੍ਰਾਜ਼ੈਨੇਕਾ ਦੀ ਦੂਜੀ ਡੋਜ਼ ਕਾਰਨ ਰੇਅਰ ਬਲੱਡ ਕਲੌਟ ਹੋਣ ਦਾ ਖਤਰਾ ਇੱਕ ਮਿਲੀਅਨ ਵਿੱਚ ਇੱਕ ਹੈ। ਮੰਗਲਵਾਰ ਨੂੰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਪਹਿਲੀ ਡੋਜ਼ ਐਸਟ੍ਰਾਜ਼ੈਨੇਕਾ ਦੀ ਲੈਣ ਵਾਲੇ ਕੈਨੇਡੀਅਨ ਇਹ ਚੋਣ ਕਰ ਸਕਦੇ ਹਨ ਕਿ ਉਨ੍ਹਾਂ ਨੇ ਦੂਜੀ ਡੋਜ਼ ਕਿਹੜੀ ਵੈਕਸੀਨ ਦੀ ਲੈਣੀ ਹੈ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਫੋਰਟਿਨ ਦੀ ਅਚਾਨਕ ਵਿਦਾਈ ਨੇ ਖੜ੍ਹੇ ਕੀਤੇ ਕਈ ਸਵਾਲ !

ਓਟਵਾ, 20 ਮਈ (ਪੋਸਟ ਬਿਊਰੋ) : ਕੈਨੇਡਾ ਦੀ ਕੋਵਿਡ-19 ਵੈਕਸੀਨੇਸ਼ਨ ਕੈਂਪੇਨ ਦਾ ਕੰਮਕਾਜ ਦੇਖ ਰਹੇ ਫੌਜੀ ਜਨਰਲ ਦੀ ਅਚਾਨਕ ਵਿਦਾਈ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਸਬੰਧ ਵਿੱਚ ਮਾਹਿਰਾਂ ਤੇ ਸਿਆਸੀ ਵਿਰੋਧੀਆਂ ਵੱਲੋਂ ਫੈਡਰਲ ਸਰਕਾਰ ਤੋਂ ਤਰ੍ਹਾਂ ਤਰ੍ਹਾਂ ਦੇ ਸਵਾਲ ਕੀਤੇ ਜਾ ਰਹੇ ਹਨ। ਇਹ ਕਿਆਫੇ ਵੀ ਲਾਏ ਜਾ ਰਹੇ ਹਨ ਕਿ ਇਸ ਕੰਮ ਦੀ ਜ਼ਿੰਮੇਵਾਰੀ ਹੁਣ ਕਿਸ ਨੂੰ ਸੌਂਪੀ ਜਾਵੇਗੀ।

ਸ਼ੁੱਕਰਵਾਰ ਸ਼ਾਮ ਨੂੰ ਤਿੰਨ ਲਾਈਨਾਂ ਦੇ ਬਿਆਨ ਵਿੱਚ ਡਿਫੈਂਸ ਡਿਪਾਰਟਮੈਂਟ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਮੇਜਰ ਜਨਰਲ ਡੈਨੀ ਫੋਰਟਿਨ ਕੋਵਿਡ-19 ਵੈਕਸੀਨ ਦੀਆਂ ਡੋਜ਼ਾਂ ਦੀ ਦੇਸ਼ ਭਰ ਵਿੱਚ ਡਲਿਵਰੀ ਤੇ ਵੰਡ ਸਬੰਧੀ ਨਿਭਾਈ ਜਾ ਰਹੀ ਭੂਮਿਕਾ ਹੁਣ ਛੱਡ ਰਹੇ ਹਨ। ਉਨ੍ਹਾਂ ਦੀ ਇਸ ਕੰਮ ਤੋਂ ਛੁੱਟੀ ਕਿਉਂ ਕੀਤੀ ਗਈ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਲਈ ਸਿਰਫ ਫੌਜੀ ਜਾਂਚ ਕੀਤੇ ਜਾਣ ਦਾ ਹੀ ਜਵਾਬ ਮਿ-ਲਆ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਆਫਿਸ ਤੇ ਰੱਖਿਆ ਮੰਤਰੀ



ਹਰਜੀਤ ਸੱਜਣ ਸਮੇਤ ਰੱਖਿਆ ਮੰਤਰਾਲੇ ਵੱਲੋਂ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਨਾ ਹੀ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਜਾਂਚ ਕਿਸ ਸਬੰਧ ਵਿੱਚ ਕੀਤੀ ਜਾ ਰਹੀ ਹੈ। ਸਰਕਾਰ ਨੇ ਇਹ ਦੱਸਣ ਤੋਂ ਵੀ ਇਨਕਾਰ ਕਰ ਦਿੱਤਾ ਹੈ ਕਿ ਇਸ ਜਾਂਚ ਦਾ ਫੈਸਲਾ ਕਦੋਂ ਲਿਆ ਗਿਆ। ਇਹ ਵੀ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਨਵੰਬਰ ਵਿੱਚ ਵੈਕਸੀਨੇਸ਼ਨ ਕੈਂਪੇਨ ਦੀ ਅਗਵਾਈ ਕਰਨ ਤੋਂ ਪਹਿਲਾਂ ਹੀ ਫੋਰਟਿਨ ਦਾ ਨਰੀਖਣ ਸ਼ੁਰੂ ਕਰ ਦਿੱਤਾ ਗਿਆ ਸੀ। ਅਜੇ ਤੱਕ ਇਹ ਜਾਣਕਾਰੀ ਵੀ ਨਹੀਂ ਦਿੱਤੀ ਗਈ ਹੈ ਕਿ ਦੇਸ਼ ਭਰ ਵਿੱਚ ਜਾਰੀ ਇਮਿਊਨਾਈਜ਼ੇਸ਼ਨ ਦੇ ਕੰਮਕਾਜ ਦੀ ਕਮਾਨ ਸਾਂਭਣ ਲਈ ਜ਼ਿੰਮੇਵਾਰੀ ਕਿਸ ਨੂੰ ਦਿੱਤੀ ਜਾਵੇਗੀ।

# ਮਾਰਚ ਵਿੱਚ ਹੀ ਫੋਰਟਿਨ ਉੱਤੇ ਲੱਗੇ ਦੋਸ਼ਾਂ ਤੋਂ ਜਾਣੂ ਸਨ ਰੱਖਿਆ ਮੰਤਰੀ ਹਰਜੀਤ ਸੱਜਣ

ਓਟਵਾ, 20 ਮਈ (ਪੋਸਟ ਬਿਊਰੋ) : ਮੇਜਰ ਜਨਰਲ ਡੈਨੀ ਫੋਰਟਿਨ ਦੇ ਕੈਨੇਡਾ ਦੇ ਵੈਕਸੀਨ ਵੰਡ ਸਬੰਧੀ ਪ੍ਰੋਗਰਾਮ ਤੋਂ ਪਾਸੇ ਹੋਣ ਤੋਂ ਕਈ ਹਫਤੇ ਪਹਿਲਾਂ ਤੋਂ ਹੀ ਰੱਖਿਆ ਮੰਤਰੀ ਹਰਜੀਤ ਸੱਜਣ ਇਹ ਜਾਣਦੇ ਸਨ ਕਿ ਫੋਰਟਿਨ ਦੇ ਸਬੰਧ ਵਿੱਚ ਫੌਜੀ ਜਾਂਚ ਸ਼ੁਰੂ ਹੋ ਚੁੱਕੀ ਹੈ।

ਇੱਕ ਬਿਆਨ ਵਿੱਚ ਸੱਜਣ ਦੇ ਆਫਿਸ ਵੱਲੋਂ ਇਹ ਆਖਿਆ ਗਿਆ ਕਿ ਕਾਰਜਕਾਰੀ ਚੀਫ ਆਫ ਡਿਫੈਂਸ ਸਟਾਫ ਲੈਫਟੀਨੈਂਟ ਜਨਰਲ ਵੇਅਨ ਆਇਰ ਤੇ ਡਿਪਟੀ ਮਨਿਸਟਰ ਆਫ ਨੈਸ਼ਨਲ ਡਿਫੈਂਸ ਜੋਡੀ ਥਾਮਸ ਵੱਲੋਂ ਸੱਜਣ ਨੂੰ ਇਹ ਜਾਣਕਾਰੀ ਦਿੱਤੀ ਗਈ ਸੀ ਕਿ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸਿਜ਼ ( ਸੀ



ਐਫ ਐਨ ਆਈ ਐਸ ) ਵੱਲੋਂ ਫੋਰਟਿਨ ਖਿਲਾਫ ਸਾਹਮਣੇ ਆਏ ਦੋਸ਼ਾਂ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਇਹ ਜਾਣਕਾਰੀ ਉਸੇ ਮਹੀਨੇ ਦੇ ਦਿੱਤੀ ਗਈ ਸੀ ਜਦੋਂ ਜਾਂਚ ਸ਼ੁਰੂ ਹੋਈ ਸੀ।

ਸੱਜਣ ਦੇ ਪ੍ਰੈੱਸ ਸੈਕਟਰੀ ਡੇਨੀਅਲ ਮਿੰਡਨ ਨੇ ਆਖਿਆ ਕਿ ਸੱਜਣ ਨੇ ਉਸ ਸਮੇਂ ਇਹ ਆਖਿਆ ਸੀ ਕਿ ਸ਼ਿਕਾਇਤਕਰਤਾ ਨੂੰ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਤਾਂ ਨਹੀਂ ਤੇ ਉਨ੍ਹਾਂ ਇਹ ਵੀ ਆਖਿਆ ਸੀ ਕਿ ਜਾਂਚ ਸਹੀ ਢੰਗ ਨਾਲ ਪੂਰੀ ਹੋਣੀ ਚਾਹੀਦੀ ਹੈ। ਇਹ ਜਾਣਕਾਰੀ ਉਦੋਂ ਹਾਸਲ ਹੋਈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਪੱਤਰਕਾਰਾਂ ਨੂੰ ਇਹ ਦੱਸਿਆ ਕਿ ਉਨ੍ਹਾਂ ਨੂੰ ਕੁੱਝ ਹਫਤੇ ਪਹਿਲਾਂ ਫੋਰਟਿਨ ਉੱਤੇ ਲੱਗੇ ਇਨ੍ਹਾਂ ਦੋਸ਼ਾਂ ਬਾਰੇ ਪਤਾ ਲੱਗਿਆ ਤੇ ਇਹ ਵੀ ਦੱਸਿਆ ਗਿਆ ਕਿ ਇਸ ਸਬੰਧ ਵਿੱਚ ਜਾਂਚ ਸ਼ੁਰੂ ਹੋਈ ਹੈ। ਪਰ ਟਰੂਡੋ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਵਿਸਥਾਰ ਵਿੱਚ ਜਾਣਕਾਰੀ ਨਹੀਂ ਸੀ ਕਿ ਦੋਸ਼ ਕੀ ਲੱਗੇ ਹਨ।

# ਭਰੀ ਹੋਈ ਪਿਸਟਲ, ਫੈਂਟਾਨਿਲ ਤੇ ਕੋਕੀਨ ਸਮੇਤ ਇੱਕ ਕਾਬੂ



ਟੋਰਾਂਟੋ, 20 ਮਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ ਇੱਕ 21 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਇਹ ਵਿਅਕਤੀ ਉਨ੍ਹਾਂ ਨੂੰ ਕਥਿਤ ਤੌਰ ਉੱਤੇ ਭਰੀ ਹੋਈ ਹੈਂਡਗੰਨ ਤੇ ਕਈ ਤਰ੍ਹਾਂ ਦੇ ਨਸ਼ਿਆਂ, ਜਿਵੇਂ ਕਿ ਫੈਂਟਾਨਿਲ, ਐਮ ਡੀ ਐਮ ਏ ਤੇ ਕੋਕੀਨ, ਨਾਲ ਮਿਲਿਆ।

ਬੁੱਧਵਾਰ ਨੂੰ ਸਰਵਿਸ ਦੀ ਸੈਂਟਰਲ ਨੌਰਥ ਮੇਜਰ ਕ੍ਰਾਈਮ ਯੂਨਿਟ ਨੇ ਵਿਕਟੋਰੀਆ ਪਾਰਕ ਐਵਨਿਊ ਤੇ ਫਿੰਚ ਐਵਨਿਊ ਈਸਟ ਲਾਗੇ ਹਥਿਆਰਾਂ ਨਾਲ ਸਬੰਧੀ ਜਾਂਚ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਇਸ ਏਰੀਏ ਵਿੱਚ ਇੱਕ ਪੁਰਸ਼ ਤੇ ਦੋ ਮਹਿਲਾਵਾਂ ਕੋਲ ਹਥਿਆਰ ਹੋਣ ਦਾ ਸ਼ੱਕ ਸੀ। ਪੁਲਿਸ ਨੇ ਦੱਸਿਆ ਕਿ ਇੱਕ ਪੁਰਸ਼ ਤੇ ਮਹਿਲਾਵਾਂ ਉਨ੍ਹਾਂ ਨੂੰ ਮਿਲ ਗਈਆਂ ਤੇ ਉਨ੍ਹਾਂ ਕੋਲੋਂ ਹਥਿਆਰ ਤੇ ਨਸ਼ੇ ਵੀ ਬਰਾਮਦ ਹੋਏ।

ਫੜ੍ਹੇ ਗਏ ਡਰੱਗਜ਼ ਵਿੱਚ 28 ਗ੍ਰਾਮ ਫੈਂਟਾਨਿਲ, 34 ਗ੍ਰਾਮ ਕੋਕੀਨ ਤੇ 27 ਗ੍ਰਾਮ ਐਮ ਡੀ ਐਮ ਏ ਬਰਾਮਦ ਹੋਈ। ਜਾਂਚ ਦੌਰਾਨ ਉਨ੍ਹਾਂ ਵੱਲੋਂ 21 ਸਾਲਾਂ ਦੇ ਟੋਰਾਂਟੋ ਵਾਸੀ ਲੋਗਨ ਲੀ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਉੱਤੇ 12 ਚਾਰਜਿਜ਼ ਲਾਏ ਗਏ ਹਨ। ਉਸ ਨੂੰ ਵਰਚੂਅਲ ਤੌਰ ਉੱਤੇ ਵੀਰਵਾਰ ਨੂੰ ਟੋਰਾਂਟੋ ਦੀ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਪੁਲਿਸ ਨੇ ਇਹ ਵੀ ਦੱਸਿਆ ਕਿ ਦੋ ਮਹਿਲਾਵਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ।

# 2000 ਵਾਧੂ ਵੈਂਟੀਲੇਟਰਜ਼ ਭਾਰਤ ਭੇਜ ਰਹੀ ਹੈ ਓਨਟਾਰੀਓ ਸਰਕਾਰ : ਟਾਂਗਰੀ

ਟੋਰਾਂਟੋ, 20 ਮਈ (ਪੋਸਟ ਬਿਊਰੋ) : ਕੋਵਿਡ-19 ਦੀ ਤੀਜੀ ਵੇਵ ਕਾਰਨ ਦੁਨੀਆ ਭਰ ਦੇ ਕਈ ਦੇਸ਼ਾਂ ਸਾਹਮਣੇ ਨਵੀਆਂ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਹਨ। ਸਾਡੀ ਸਰਕਾਰ ਦੇ ਅਖ਼ਤਿਆਰ ਵਿੱਚ ਜੋ ਵੀ ਹੈ ਉਹ ਕਰਨ ਲਈ ਪੂਰਾ ਜ਼ੋਰ ਲਾ ਰਹੀ ਹੈ। ਇਹ ਸੱਭ ਅਸੀਂ ਭਾਰਤ ਸਥਿਤ ਆਪਣੇ ਦੋਸਤਾਂ ਦੀ ਮਦਦ ਕਰਨ ਲਈ ਕਰ ਰਹੇ ਹਾਂ।

ਮਿਸੀਸਾਗਾ-ਸਟਰੀਟਸਵਿੱਲ ਤੋਂ ਐਮ ਪੀ ਪੀ ਨੀਨਾ ਟਾਂਗਰੀ ਨੇ ਆਖਿਆ ਕਿ ਜਦੋਂ ਅਸੀਂ ਆਪਣੇ ਹਸਪਤਾਲਾਂ ਤੇ ਇੰਟੈਂਸਿਵ ਕੇਅਰ ਯੂਨਿਟਸ ਵੱਲ ਨਜ਼ਰ ਮਾਰਦੇ ਹਾਂ ਤਾ ਸਾਨੂੰ ਇਸ ਗੱਲ ਉੱਤੇ ਪੂਰਾ ਮਾਣ ਹੁੰਦਾ ਹੈ ਕਿ ਸਾਡੇ ਕੋਲ ਸੱਭ ਕੁੱਝ ਹੈ ਤੇ ਸਾਡੀ ਐਨੀ ਸਮਰੱਥਾ ਵੀ ਹੈ ਕਿ ਅਸੀਂ ਭਾਰਤ ਵਰਗੇ ਆਪਣੇ ਦੋਸਤ ਮੁਲਕ ਦੀ ਮਦਦ ਲਈ ਜੋ ਬਣ ਸਕਦਾ ਹੈ ਕਰੀਏ। ਇਸੇ ਲਈ ਸਾਡੀ ਸਰਕਾਰ



ਨੇ ਬਰੈਂਪਟਨ ਵਿੱਚ ਓ-ਟੂ ਮੈਡੀਕਲ ਟੈਕਨਾਲੋਜੀਜ਼ ਵੱਲੋਂ ਤਿਆਰ 2000 ਵਾਧੂ ਵੈਂਟੀਲੇਟਰਜ਼ ਭਾਰਤ ਭੇਜਣ ਦਾ ਫੈਸਲਾ ਕੀਤਾ ਹੈ। ਇਹ ਉਪਰਾਲਾ ਭਾਰਤ ਦੀਆਂ ਮੈਡੀਕਲ ਲੋੜਾਂ ਨੂੰ ਫੌਰੀ ਪੂਰਾ ਕਰਨ ਲਈ ਕੀਤਾ ਜਾ ਰਿਹਾ ਹੈ।

ਇਨ੍ਹਾਂ ਵੈਂਟੀਲੇਟਰਜ਼ ਨੂੰ ਇੰਡੀਅਨ ਰੈੱਡ ਕਰੌਸ ਤੇ ਟੋਰਾਂਟੋ ਸਥਿਤ ਕਾਊਂਸਲ ਜਨਰਲ ਆਫ ਇੰਡੀਆ ਅਪੂਰਵ ਸ਼੍ਰੀਵਾਸਤਵ ਨਾਲ ਸਲਾਹ ਕਰਨ ਤੋਂ ਬਾਅਦ ਲੋੜਵੰਦਾਂ ਨੂੰ ਵੰਡਿਆ ਜਾਵੇਗਾ। ਇਹ ਮਦਦ ਸਾਡੀ ਸਰਕਾਰ ਵੱਲੋਂ ਪਹਿਲਾਂ 3000 ਵੈਂਟੀਲੇਟਰਜ਼ ਦੀ ਕੀਤੀ ਗਈ ਮਦਦ ਤੋਂ ਵੱਖਰੀ ਹੈ। ਇਹ ਵੈਂਟੀਲੇਟਰ ਇਸ ਹਫਤੇ ਭਾਰਤ ਪਹੁੰਚਣੇ ਸ਼ੁਰੂ ਹੋ ਜਾਣਗੇ। ਸਾਡੀ ਸਰਕਾਰ ਹੋਰ ਮੈਡੀਕਲ ਇਕਿਉਪਮੈਂਟ, ਜੋ ਕਿ ਪ੍ਰਾਈਵੇਟ ਸੈਕਟਰਾਂ ਤੇ ਕਮਿਊਨਿਟੀ ਆਰਗੇਨਾਈਜ਼ੇਸ਼ਨਜ਼ ਵੱਲੋਂ ਡੋਨੇਟ ਕੀਤੇ ਗਏ ਹਨ, ਟਰਾਂਸਪੋਰਟ ਕਰਨ ਵਿੱਚ ਵੀ ਮਦਦ ਕਰ ਰਹੀ ਹੈ।

ਉਨ੍ਹਾਂ ਆਖਿਆ ਕਿ ਇਹ ਵੈਂਟੀਲੇਟਰ ਤੇ ਚਿਰਾਂ ਤੋਂ ਲੋੜੀਂਦੀਆਂ ਮੈਡੀਕਲ ਸਪਲਾਈਜ਼ ਨਾਲ ਭਾਰਤ ਦੇ ਲੋਕਾਂ ਦੀ ਮਦਦ ਯਕੀਨਨ ਹੋਵੇਗੀ। ਇਸ ਲੋੜ ਦੀ ਘੜੀ ਵਿੱਚ ਅਸੀਂ ਭਾਰਤ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ।

# ਕਾਂਗਰਸ ਵਿੱਚ ਬਗਾਵਤੀ ਹਾਲਾਤ, ਸਿੱਧੂ ਨੇ ਵਰਕਰਾਂ ਨੂੰ ਦਿੱਲੀ ਜਾਣ ਨੂੰ ਉਕਸਾਇਆ

*** ਜਾਖੜ ਨੇ ਵਰਕਰਾਂ ਤੇ ਆਗੂਆਂ ਨੂੰ ਵਿਵਾਦ ਤੋਂ ਬਚਣ ਲਈ ਕਿਹਾ**

ਚੰਡੀਗੜ੍ਹ, 20 ਮਈ, (ਪੋਸਟ ਬਿਊਰੋ)- ਪੰਜਾਬ ਕਾਂਗਰਸਦੇ ਬਗਾਵਤ ਦੇ ਹਾਲਾਤ ਕਾਰਨ ਭਾਵੇਂ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਨੇ ਖ਼ੁਦ ਨੂੰ ਇਸ ਤੋਂ ਹਾਲੇ ਦੂਰ ਰੱਖਿਆ ਹੈ,ਪਰ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚੁਣੌਤੀ ਦਿੰਦਿਆਂ ਇਕ ਨਵਾਂ ਟਵੀਟ ਕਰ ਕੇ ਵਿਧਾਇਕਾਂ ਤੇ ਕਾਂਗਰਸੀ ਆਗੂਆਂ ਨੂੰ ਪਾਰਟੀ ਵਿਚਲੀ ਲੜਾਈ ਬਾਰੇ ਦਿੱਲੀ ਹਾਈਕਮਾਨ ਨੂੰ ਜਾਣਕਾਰੀ ਦੇਣ ਲਈ ਓਥੇ ਜਾਣ ਨੂੰ ਟੁੰਬਿਆ ਹੈ।

ਇਸ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕੋਵਿਡ ਮਹਾਮਾਰੀ ਵੇਲੇ ਮੌਕਾਪ੍ਰਸਤ ਰਾਜਨੀਤੀ ਕਰਨ ਵਾਲੇ ਆਗੂਆਂ ਤੋਂ ਦੂਸਰੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਦੂਰ ਰਹਿਣ ਦੀ ਸਲਾਹ ਦਿੱਤੀ ਹੈ।ਅੱਜ ਵੀਰਵਾਰ ਉਨ੍ਹਾ ਨੇ ਪਾਰਟੀ ਦੇ ਸੰਗਠਨ ਇੰਚਾਰਜ ਕੇ ਸੀ ਵੇਣੂਗੋਪਾਲ ਨਾਲ ਗੱਲਬਾਤ ਕਰ ਕੇ ਪੂਰੇ ਘਟਨਾਕ੍ਰਮ ਬਾਰੇ ਦੱਸਿਆਅਤੇ ਖਾਸ ਕਰ ਕੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੱਲੋਂ 45 ਦਿਨਾਂ ਦਾ ਨੋਟਿਸ ਦੇਣ ਤੇ ਵਾਰ-ਵਾਰ ਭੜਕਾਊ ਬਿਆਨ ਦੇਣ ਦੀ ਜਾਣਕਾਰੀ ਦਿੱਤੀ। ਜਾਖੜ ਦੇ ਮੁਤਾਬਕ ਪੰਜਾਬ ਕਾਂਗਰਸ ਦੇ ਆਗੂਆਂ ਵਿਚ ਲੜਾਈ ਮੰਤਰੀਆਂ, ਵਿਧਾਇਕਾਂ ਤੇ ਕਾਂਗਰਸ ਦਾ ਅੰਦਰੂਨੀ ਮੁੱਦਾ ਹੈ, ਪਰ ਬਾਜਵਾ ਵਲੋਂ ਕੋਰੋਨਾ ਮਹਾਮਾਰੀ ਵੇਲੇ ਮੌਕਾਪ੍ਰਸਤੀ ਕੀਤੀ ਜਾ ਰਹੀ ਹੈ।



ਵਰਨਣ ਯੋਗ ਹੈ ਕਿ ਪਿਛਲੇ ਸਾਲ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਾਝੇ ਵਿਚ 134 ਲੋਕਾਂ ਦੀਆਂ ਮੌਤ ਹੋਣ ਉੱਤੇਰਾਜ ਸਭਾ ਮੈਂਬਰਪ੍ਰਤਾਪ ਸਿੰਘ ਬਾਜਵਾ ਤੇ ਸਮਸ਼ੇਰ ਸਿੰਘ ਦੂਲੋ ਗਵਰਨਰ ਵੀਪੀ ਸਿੰਘ ਬਦਨੌਰ ਨੂੰ ਮਿਲੇ ਅਤੇ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ ਤੇ ਉਦੋਂ ਵੀ ਸੁਨੀਲ ਜਾਖੜ ਨੇ ਇਨ੍ਹਾਂ ਦੇ ਖ਼ਿਲਾਫ਼ ਅਨੁਸ਼ਾਸ਼ਨੀ ਕਾਰਵਾਈ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਲਿਖਿਆ ਸੀ। ਜਾਖੜ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਹਾਈ ਕੋਰਟ ਦੇ ਫ਼ੈਸਲੇ ਨਾਲ ਕਾਂਗਰਸੀ ਆਗੂਆਂ ਦੀ ਚਿੰਤਾ ਵਧੀ ਹੈ, ਪਰ ਪੰਜਾਬ ਸਰਕਾਰ ਅਤੇ ਕਾਂਗਰਸ ਪਾਰਟੀ ਇਸ ਬਾਰੇ ਪੂਰੀ ਤਰ੍ਹਾਂ ਗੰਭੀਰ ਹਨ ਤੇ ਲੋਕਾਂ ਨੂੰ ਇਨਸਾਫ਼ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਮੌਕੇ ਕੁਝ ਆਗੂ ਜਿਵੇਂ ਵਿਹਾਰ ਕਰਦੇ ਹਨ, ਇਸ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਮੰਨਿਆ ਜਾ ਸਕਦਾ। ਜਾਖੜ ਨੇ ਇਸ ਬਿਆਨ ਵਿਚ ਕਿਸੇ ਦਾ ਨਾਂ ਨਹੀਂ ਲਿਆ, ਪਰ ਉਨ੍ਹਾਂ ਦਾ ਸਿੱਧਾ ਨਿਸ਼ਾਨਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਉੱਤੇਮੰਨਿਆ ਗਿਆ ਹੈ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਆਪਣੇ ਆਪ ਨੂੰ ਪੰਜਾਬ ਕਾਂਗਰਸ ਦੇ ਇਸ ਕਲੇਸ਼ ਤੋਂ ਪਰੇ ਰੱਖਿਆ ਤੇ ਕਾਂਗਰਸੀਆਂ ਵਿੱਚ ਪੈਦਾ ਹੋਈ ਕੁੜੱਤਣ, ਵਿਰੋਧ ਤੋਂ ਦੂਰੀ ਦਾ ਕਾਰਨ ਬਿਮਾਰ ਹੋਣਾ ਦੱਸਿਆ ਹੈ। ਰਾਵਤ ਦੇ ਮੁਤਾਬਕ ਕੋਵਿਡ ਵਿਚੋਂ ਉਭਰਨ ਤੋਂ ਪਿੱਛੋਂ ਉਨ੍ਹਾਂ ਦੀ ਸਿਹਤ ਪੂਰੀ ਠੀਕ ਨਹੀਂ, ਜਿਸ ਨਾਲ ਬੋਲਣ ਵਿਚ ਮੁਸ਼ਕਲ ਆ ਰਹੀ ਹੈ।ਇਸ ਤੋਂ ਪਹਿਲਾਂ ਹਰੀਸ਼ ਰਾਵਤ ਨੇ ਨਵਜੋਤ ਸਿੱਧੂ ਤੇ ਕੈਪਟਨ ਅਮਰਿੰਦਰ ਸਿੰਘ ਦੀ ਨੇੜਤਾ ਲਿਆਉਣ ਦੇ ਯਤਨ ਕੀਤੇ ਸਨ, ਪਰ ਦੋਵਾਂ ਦੀ ਕੁੜੱਤਣ ਘੱਟ ਨਹੀਂ ਸੀ ਹੋਈ।

ਇਸ ਦੌਰਾਨ ਅੱਜ ਨਵਜੋਤ ਸਿੰਘ ਸਿੱਧੂ ਨੇ ਇੱਕ ਹੋਰ ਪੋਸਟ ਜਾਰੀ ਕਰ ਕੇ ਪੰਜਾਬ ਦੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੂੰ ਸਥਿਤੀ ਬਾਰੇ ਹਾਈ ਕਮਾਂਡ ਨੂੰ ਦੱਸਣ ਲਈ ਦਿੱਲੀ ਜਾਣ ਲਈ ਕਿਹਾ ਹੈ। ਇਸ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਵਰਕਰਾਂ ਅਤੇ ਆਗੂਆਂ ਨੂੰ ਉਕਸਾਉਣ ਦੀ ਕਾਰਵਾਈ ਮੰਨਿਆ ਗਿਆ ਹੈ ਅਤੇ ਰਾਜ ਕਰਦੇ ਧੜੇ ਨੇ ਇਸ ਦੀ ਦਿੱਲੀ ਵਿੱਚ ਸ਼ਿਕਾਇਤ ਕਰਨ ਦਾ ਮਨ ਬਣਾ ਲਿਆ ਹੈ।

# ਪਰਮਾਨੈਂਟ ਆਨਲਾਈਨ ਲਰਨਿੰਗ ਉੱਤੇ ਰੋਕ ਲਾਉਣ ਦੀ ਐਨਡੀਪੀ ਨੇ ਕੀਤੀ ਮੰਗ

ਓਨਟਾਰੀਓ, 20 ਮਈ (ਪੋਸਟ ਬਿਊਰੋ) : ਐਨਡੀਪੀ ਦੀ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਮੈਂਬਰ ਤੇ ਸਰਕਾਰੀ ਵਿਰੋਧੀ ਧਿਰ ਦੀ ਐਜੂਕੇਸ਼ਨ ਕ੍ਰਿਟਿਕ ਮੈਰਿਟ ਸਟਾਈਲਜ਼ ਦੇ ਨਾਲ ਨਾਲ ਓਨਟਾਰੀਓ ਭਰ ਦੇ ਪਬਕਿਲ ਸਕੂਲ ਬੋਰਡਜ਼ ਤੋਂ 76 ਪੇਰੈਂਟ ਕਮੇਟੀ ਚੇਅਰਜ਼ ਵੱਲੋਂ ਪ੍ਰੀਮੀਅਰ ਡੱਗ ਫੋਰਡ ਤੋਂ ਪਰਮਾਨੈਂਟ ਆਨਲਾਈਨ ਲਰਨਿੰਗ ਦੀ ਯੋਜਨਾ ਨੂੰ ਅਮਲ ਵਿੱਚ ਲਿਆਉਣ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੂੰ ਲਿਖੇ ਪੱਤਰ ਵਿੱਚ ਐਮਪੀਪੀ ਸਟਾਈਲਜ਼ ਤੇ ਚੇਅਰਜ਼ ਨੇ ਪਾਰਦਰਸ਼ਤਾ ਦੀ ਘਾਟ ਨਾਲ ਜੁੜੀਆ ਆਪਣੀਆਂ ਮੁੱਖ ਚਿੰਤਾਵਾਂ ਸਾਂਝੀਆਂ ਕੀਤੀਆਂ। ਉਨ੍ਹਾਂ ਆਖਿਆ ਕਿ ਆਨਲਾਈਨ ਲਰਨਿੰਗ ਨੂੰ ਪਾਰਮਾਨੈਂਟ ਬਦਲ ਬਣਾਏ ਜਾਣ ਨਾਲ ਸਿੱਖਿਆ ਦਾ ਕੇਂਦਰੀਕਰਨ ਹੋ ਜਾਵੇਗਾ ਤੇ ਆਨਲਾਈਨ ਲਰਨਿੰਗ ਨਿਯੰਤਰਿਤ ਹੋ ਜਾਵੇਗੀ ਤੇ ਸਕੂਲ ਬੋਰਡਜ ਤੋਂ ਨਿਯੰਤਰਣ ਖੁੱਸ ਜਾਵੇਗਾ।

ਇਨ੍ਹਾਂ ਸਾਰਿਆਂ ਨੇ ਪ੍ਰੋਵਿੰਸ਼ੀਅਲ



ਸਰਕਾਰ ਵੱਲੋਂ ਸਿੱਖਿਆ ਦੇ ਕੀਤੇ ਜਾ ਰਹੇ ਨਿਜੀਕਰਨ ਦੀ ਸੰਭਾਵਨਾ ਉੱਤੇ ਵੀ ਚਿੰਤਾ ਪ੍ਰਗਟਾਈ। ਐਮਓਈ ਦੇ ਪ੍ਰਸਤਾਵ ਵਿੱਚ ਟੀਵੀ ਓਨਟਾਰੀਓ ਨਾਲ ਗੱਠਜੋੜ ਉੱਤੇ ਚਿੰਤਾ ਪ੍ਰਗਟਾਉਂਦਿਆਂ ਇਨ੍ਹਾਂ ਸਾਰਿਆਂ ਨੇ ਆਖਿਆ ਕਿ ਇਸ ਤਰ੍ਹਾਂ ਦੀ ਪਹੁੰਚ ਅਪਣਾਏ ਜਾਣ ਨਾਲ ਉਨ੍ਹਾਂ ਨੂੰ ਡਰ ਹੈ ਕਿ ਸਿੱਖਿਆ ਦਾ ਹੋਰ ਨਿਜੀਕਰਨ ਹੋਵੇਗਾ, ਕਮਰਸ਼ੀਅਲੀ ਪੈਕੇਜਡ ਪ੍ਰੋਗਰਾਮਾਂ ਨੂੰ ਤਰਜੀਹ ਦਿੱਤੀ ਜਾਵੇਗੀ ਤੇ ਓਨਟਾਰੀਓ ਦੇ ਪਾਠਕ੍ਰਮ ਨਾਲ ਵੀ ਅਜਿਹੇ ਪ੍ਰੋਗਰਾਮਾਂ ਦਾ ਕੋਈ ਬਹੁਤਾ ਵਾਹ ਵਾਸਤਾ ਨਹੀਂ ਹੋਵੇਗਾ।

ਪੱਤਰ ਵਿੱਚ ਓਨਟਾਰੀਓ ਦੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਉੱਤੇ ਨਕਾਰਾਤਮਕ ਅਸਰ ਪੈਣ ਉੱਤੇ ਵੀ ਚਿੰਤਾ ਪ੍ਰਗਟਾਈ ਗਈ। ਇਸ ਪੱਤਰ ਵਿੱਚ ਆਖਿਆ ਗਿਆ ਕਿ ਸਿੱਖਿਆ ਮੰਤਰਾਲੇ ਦੇ ਪ੍ਰਸਤਾਵ ਤੋਂ ਵਿਦਿਆਰਥੀਆਂ ਦੀ ਭਲਾਈ ਕਾਰਨ ਹੀ ਆਨਲਾਈਨ ਲਰਨਿੰਗ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਆਖੀ ਗਈ ਹੈ ਪਰ ਇਸ ਨਾਲ ਸਾਡੇ ਸਿੱਖਿਆ ਪ੍ਰਬੰਧਾਂ ਨੂੰ ਘੱਟ ਕਰਕੇ ਆਂਕਿਆ ਜਾ ਰਿਹਾ ਹੈ।

ਪੱਤਰ ਵਿੱਚ ਤਿੰਨ ਤਰ੍ਹਾਂ ਦੀਆਂ ਸਿਫਾਰਿਸ਼ਾਂ ਕਰਦਿਆਂ ਹੋਇਆਂ ਆਖਿਆ ਗਿਆ :

- ਸਿੱਖਿਆ ਮੰਤਰਾਲੇ ਨੂੰ ਆਨਲਾਈਨ ਲਰਨਿੰਗ ਨੂੰ ਸਥਾਈ ਤੌਰ ਉੱਤੇ ਲਾਗੂ ਕਰਨ ਦੇ ਪ੍ਰਸਤਾਵ ਵਿੱਚ ਡਿਲੇਅ ਕਰਨੀ ਚਾਹੀਦੀ ਹੈ ਤੇ ਇਸ ਨੂੰ ਬਿਹਤਰ ਢੰਗ ਨਾਲ ਲਿਆਂਉਣ ਲਈ ਸਿੱਖਿਆ ਸਟੇਕਹੋਲਡਰਜ਼ ਨਾਲ ਰਾਇ ਮਸ਼ਵਰਾ ਕਰਨਾ ਚਾਹੀਦਾ ਹੈ।
- ਸਿੱਖਿਆ ਮੰਤਰਾਲਾ ਸਕੂਲ ਬੋਰਡ ਦੇ ਮੈਂਬਰਾਂ, ਮਾਪਿਆਂ, ਸਿੱਖਿਆ ਮਾਹਿਰਾਂ ਤੇ ਟੀਵੀ ਓਨਟਾਰੀਓ ਦੇ ਸਟਾਫ ਨਾਲ ਆਪਸੀ ਫਾਇਦੇ ਵਾਲਾ ਸਿਸਟਮ ਕਾਇਮ ਕਰਨ ਲਈ ਇੱਕ ਵਰਕਿੰਗ ਟੇਬਲ ਕਾਇਮ ਕਰੇ
- ਸਿੱਖਿਆ ਮੰਤਰਾਲਾ ਆਨਲਾਈਨ ਲਰਨਿੰਗ ਲਈ ਸਪਸ਼ਟ ਤੌਰ ਉੱਤੇ ਪਰਿਭਾਸ਼ਤ ਟਰਮੀਨੌਲੋਜੀ ਲਿਆਵੇ, ਜਿਸ ਵਿੱਚ, ਸਕੂਲ ਬੋਰਡਜ਼ ਤੇ ਟੀਵੀ ਓਨਟਾਰੀਓ ਸਟਾਫ, ਸੱਭ ਦੀਆਂ ਭੂਮਿਕਾਵਾਂ ਤੇ ਜ਼ਿੰਮੇਵਾਰੀਆਂ ਸਪਸ਼ਟ ਤੌਰ ਉੱਤੇ ਦੱਸੀਆਂ ਗਈਆਂ ਹੋਣ। ਸਿੱਖਿਆ ਮੰਤਰੀ ਵੱਲੋਂ ਅਜੇ ਇਸ ਤਰ੍ਹਾਂ ਦੀ ਪੇਸ਼ਕਸ਼ ਉੱਤੇ ਕੋਈ ਪ੍ਰਤੀਕਿਰਿਆ ਨਹੀਂ ਪ੍ਰਗਟਾਈ ਗਈ ਹੈ।

# ਅਮਰੀਕੀ ਪਾਰਲੀਮੈਂਟ ਵਿੱਚ ਹਿੰਸਾ ਦੀ ਜਾਂਚ ਦੇ ਸਵਾਲ ਉੱਤੇ ਟਰੰਪ ਦੀ ਪਾਰਟੀ ਦੋ ਫਾੜ

*** ਜਾਂਚ ਦੇ ਪੱਖ ਵਿੱਚ ਹੇਠਲੇ ਹਾਊਸ ਵਿੱਚ ਮਤਾ ਪਾਸ * 35 ਰਿਪਬਲੀਕਨ ਮੈਂਬਰਵੀ ਟਰੰਪ ਦੇ ਵਿਰੁੱਧ ਭੁਗਤੇ**

ਵਾਸ਼ਿੰਗਟਨ, 20 ਮਈ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਲਈ ਪਿਛਲੇ ਸਾਲ ਹੋਈ ਚੋਣਅਤੇ ਫਿਰ ਜਦੋਂ ਇਸ ਦੀ ਪ੍ਰਵਾਨਗੀ ਓਥੋਂ ਦੀ ਪਾਰਲੀਮੈਂਟ ਨੇ ਦੇਣੀ ਸੀ, ਉਸ ਮੌਕੇ 6 ਜਨਵਰੀ ਨੂੰ ਕੈਪੀਟਲ ਹਿੱਲ (ਪਾਰਲੀਮੈਂਟ ਭਵਨ) ਦੇ ਖਿਲਾਫ ਹੋਈ ਹਿੰਸਾ ਦੇ ਕੇਸ ਵਿੱਚਅਮਰੀਕੀ ਪਾਰਲੀਮੈਂਟ ਦੇ ਹਾਊਸ ਆਫ ਰਿਪਰਜ਼ੈਂਟੇਟਿਵ ਨੇਇੱਕ ਦੋ ਪਾਰਟੀ ਜਾਂਚ ਕਮਿਸ਼ਨ ਬਣਾਉਣ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਮਤਾ ਪਾਸ ਕਰਨ ਲਈ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੋਫਾੜ ਹੋ ਗਈਤੇ ਇਸ ਪਾਰਟੀ ਦੇ 35 ਪਾਰਲੀਮੈਂਟ ਮੈਂਬਰਾਂ ਨੇ ਡੈਮੋਕ੍ਰੇਟ ਪਾਰਟੀ ਦੇ ਮੈਂਬਰਾਂ ਨਾਲ ਮਿਲ ਕੇ ਪਾਰਟੀ ਲਾਈਨ ਤੋਂ ਹਟ ਕੇ ਜਾਂਚ ਕਮਿਸ਼ਨ ਦੀ ਹਮਾਇਤਲਈ ਵੋਟ ਦਿੱਤੀ ਹੈ।

ਵਰਨਣ ਯੋਗ ਕਿ ਕੈਪੀਟਲ ਹਿੱਲ ਦੀ ਹਿੰਸਾ ਲਈ ਕਾਫ਼ੀ ਹੱਦ ਤਕ ਡੋਨ-ਾਲਡ ਟਰੰਪ ਵੱਲੋਂਦਿੱਤੇ ਇੱਕ ਭਾਸ਼ਣ ਨੂੰ ਜ਼ਿੰਮੇਵਾਰ ਮੰਨਿਆ ਗਿਆ ਸੀ ਅਤੇ ਦੋਸ਼ ਹੈ ਕਿ ਟਰੰਪ ਨੇ ਆਪਣੇ ਹਮਾਇਤੀਆਂ



ਦੀ ਭੀੜ ਨੂੰਪਾਰਲੀਮੈਂਟ ਉੱਤੇਹਮਲੇ ਲਈ ਉਕਸਾਇਆ ਸੀ। ਅਮਰੀਕਾ ਦੀ ਹਾਕਮ ਡੈਮੋਕ੍ਰੇਟਿਕ ਪਾਰਟੀ ਸ਼ੁਰੂ ਤੋਂ ਪਾਰਲੀਮੈਂਟ ਵਿੱਚਮੰਗ ਕਰਦੀ ਹੈ ਕਿ ਇਸ ਕੇਸ ਦੀ ਜਾਂਚ ਲਈ ਕਮਿਸ਼ਨ ਬਣਾਉਣਾ ਚਾਹੀਦਾ ਹੈ। ਇਸ ਬਾਰੇ ਪਾਰਲੀਮੈਂਟ ਵਿੱਚਪੇਸ਼ਮਤੇ ਦੀ ਹਮਾਇਤਲਈ ਲੋੜੀ ਜੋਗੀ ਗਿਣਤੀ ਪੂਰੀ ਨਾ ਹੋਣ ਕਾਰਨ ਹਾਲੇ ਤਕ ਇਹ ਪੈਂਡਿੰਗ ਸੀ। ਇਕ ਨਾਟਕੀ ਮੋੜ ਉੱਤੇ ਟਰੰਪ ਨੇ ਗੁੱਸੇ ਦੀ ਪਰਵਾਹਕੀਤੇ ਬਿਨਾਂ 35 ਰਿਪ-ਬਲਿਕਨ ਪਾਰਲੀਮੈਂਟ ਮੈਂਬਰਾਂ ਨੇ ਜਾਂਚ ਕਮਿਸ਼ਨ ਦੇ ਹੱਕ ਵਿੱਚ ਡੈਮੋਕ੍ਰੇਟਾਂ ਦਾ ਸਾਥ ਦਿੱਤਾ ਤੇ ਮਤਾ 252 ਵੋਟਾਂ ਨਾਲ ਪਾਸ ਹੋ ਗਿਆ, ਜਦ ਕਿ 175 ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ।ਇਸ ਮਗਰੋਂ ਮਤਾਮਨਜ਼ੂਰੀ ਲਈ ਸੈਨੇਟ ਨੂੰ ਭੇਜ ਦਿੱਤਾ ਗਿਆ ਹੈ। ਓਥੇ ਵੀ ਹਾਕਮ ਪਾਰਟੀ ਦਾ ਰਾਹ ਸੌਖਾ ਨਹੀਂ।ਜਾਂਚ ਕਮਿਸ਼ਨ ਬਣਵਾਉਣ ਲਈ ਸੈਨੇਟ ਵਿੱਚ 10 ਰਿਪਬਲਿਕਨ ਮੈਂਬਰਾਂ ਦਾ ਇਸ ਦੀ ਹਮਾਇਤ ਵਿੱਚ ਵੋਟ ਪਾਉਣਾ ਜ਼ਰੂਰੀ ਹੋਵੇਗਾ।

ਡੋਨਾਲਡ ਟਰੰਪ ਦੀ ਪਾਰਟੀ ਦੇ ਤਿੰਨ ਪਾਰਲੀਮੈਂਟ ਮੈਂਬਰਾਂ ਕਾਟਕੋ, ਫ੍ਰੈਡ ਅਪਟੋਨ ਤੇ ਪੀਟਰ ਮੇਜਰ ਇਸ ਮਤੇ ਦੀ ਹਮਾਇਤ ਵਿੱਚਹਾਊਸ ਆਫ ਰਿਪਰਜ਼ੈਂਟੇਟਿਵਜ਼ ਵਿੱਚਖੁੱਲ੍ਹ ਕੇਬੋਲੇ ਅਤੇ ਤਿੰਨਾਂ ਨੇ ਕੈਪੀਟਲ ਹਿੱਲਦੀ ਹਿੰਸਾ ਦੀ ਸਖ਼ਤ ਆਲੋਚਨਾ ਕੀਤੀ।ਸੈਨੇਟ ਤੋਂ ਮਤਾ ਪਾਸ ਹੋਣ ਪਿੱਛੋਂ ਜਾਂਚ ਕਮਿਸ਼ਨ ਵਿੱਚ ਗ਼ੈਰ-ਪਾਰਲੀਮੈਂਟ ਮੈਂਬਰਾਂਤੋਂ ਦੋਵੇਂ ਪਾਰਟੀਆਂ ਵੱਲੋਂ ਪੰਜ-ਪੰਜ ਕਮਿਸ਼ਨਰ ਲਏ ਜਾਣਗੇ, ਪਰ ਕਮਿਸ਼ਨ ਦਾ ਚੇਅਰਮੈਨ ਡੈਮੋਕ੍ਰੇਟਿਕ ਪਾਰਟੀ ਬਣਾਏਗੀ, ਜਦਕਿ ਵਾਈਸ ਚੇਅਰਮੈਨ ਰਿਪਬਲਿਕਨ ਪਾਰਟੀ ਦਾ ਹੋਵੇਗਾ ਤੇ ਕਮਿਸ਼ਨ ਇਸ ਸਾਲ ਦੇ ਅੰਤ ਤਕ ਰਿਪੋਰਟ ਦੇਵੇਗਾ। ਇਹ ਕਮਿਸ਼ਨ 6 ਜਨਵਰੀ ਨੂੰ ਘਟਨਾਕ੍ਰਮ ਦੀ ਜਾਂਚ ਕਰ ਕੇ ਦੱਸੇਗਾ ਕਿ ਅੱਗੇ ਤੋਂ ਅਜਿਹੀਆਂ ਘਟਨਾਵਾਂ ਕਿਸ ਤਰ੍ਹਾਂ ਰੋਕੀਆਂ ਜਾ ਸਕਦੀਆਂ ਹਨ। ਇਸ ਦੌਰਾਨ ਕੈਪੀਟਲ ਹਿੱਲ ਹਿੰਸਾ ਦੇ ਕੇਸ ਵਿੱਚ ਗ੍ਰਿਫ਼ਤਾਰੀਆਂ ਦਾ ਦੌਰ ਫਿਰ ਚੱਲ ਪਿਆ ਹੈ।ਇਸ ਕੇਸ ਦੀ ਜਾਂਚ ਕਰਦੀ ਪੁਲਿਸ ਨੇ ਅੱਜ ਤਕ 400 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।






## ਅੱਜ ਨਾਮਾ >>

ਪਹਿਲਾਂ ਕੀਤਾ ਕੋਰੋਨਾ ਪਿਆ ਤੰਗ ਡਾਢਾ,
ਮਗਰੋਂ ਫੰਗਸ ਬਲੈਕ ਕੋਈ ਆਈ ਬੇਲੀ।
ਸਮਝੀ ਮਰਜ਼ ਵੀ ਹਾਲੇ ਨਾ ਡਾਕਟਰਾਂ ਨੇ,
ਮਿਲੀ ਉਹਦੀ ਨਹੀਂ ਅਜੇ ਦਵਾਈ ਬੇਲੀ।
ਪਿੱਛੋਂ ਪਟਨੇ ਤੋਂ ਆਈ ਆ ਖਬਰ ਮਾੜੀ,
ਵਾਈਟ ਫੰਗਸ ਵੀ ਕਰੀ ਚੜ੍ਹਾਈ ਬੇਲੀ।
ਜਿਹੜੇ ਸੁਣੇ ਨਾ ਕਦੀ ਸੀ ਨਾਅ ਪਹਿਲਾਂ,
ਕਰਨੀ ਉਨ੍ਹਾਂ ਲਈ ਪਈ ਪੜ੍ਹਾਈ ਬੇਲੀ।
ਇਹੀ ਹਾਲ ਜੇ ਰਿਹਾ ਤਾਂ ਬਾਅਦ ਇਸ ਦੇ,
ਆਉਣਾ ਪਤਾ ਨਾ ਕਿੰਦਾਂ ਦੀ ਮਰਜ਼ ਬੇਲੀ।
ਆਮਦਨ ਹੋਈ ਹੈ ਬੰਦ, ਇਲਾਜ ਮਹਿੰਗਾ,
ਬਣ ਗਈ ਜ਼ਿੰਦਗੀ ਜਾਪਦੀ ਕਰਜ਼ ਬੇਲੀ।

**ਤੀਸ ਮਾਰ ਖਾਂ**

# ਕੇਜਰੀਵਾਲ ਦੇ ਬਿਆਨ ਤੋਂ ਭੜਕੇ ਸਿੰਗਾਪੁਰ ਨੇ ਫੇਕ ਨਿਊਜ਼ ਕਾਨੂੰਨ ਲਾਗੂ ਕੀਤਾ

### * ਕੋਰੋਨਾ ਦੇ ਨਵੇਂ ਵੈਰੀਐਂਟ ਕਾਰਨ ਸਿੰਗਾਪੁਰ ਵਿਚ ਸਕੂਲ ਬੰਦ ਕੀਤੇ ਗਏ

ਨਵੀਂ ਦਿੱਲੀ, 20 ਮਈ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਬਾਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਸਿੰਗਾਪੁਰ ਬਾਰੇ ਦਿੱਤੇ ਬਿਆਨ ਤੋਂ ਬਖੇੜਾ ਚੋਖਾ ਵਧ ਗਿਆ ਹੈ। ਭਾਰਤ ਸਰਕਾਰ ਨੇ ਕੇਜਰੀਵਾਲ ਦੇ ਬਿਆਨ ਉੱਤੇ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ ਸੀ ਕਿ ਦਿੱਲੀ ਦੇ ਮੁੱਖ ਮੰਤਰੀ ਦੀ ਟਿਪਣੀ ਭਾਰਤ ਦਾ ਬਿਆਨ ਨਹੀਂ ਹੈ। ਅੱਜ ਸਿੰਗਾਪੁਰ ਨੇ ਗਲਤ ਸੂਚਨਾ ਫੈਲਣ ਤੋਂ ਰੋਕਣ ਲਈ 'ਐਂਟੀ ਮਿਸਇਨਫਾਰਮੇਸ਼ਨ ਕਾਨੂੰਨ' (ਪ੍ਰੋਟੈਕਸ਼ਨ ਫਰਾਮ ਆਨਲਾਈਨ ਫਾਲਸਹੁਡ ਐਂਡ ਮੈਨੀਪੁਲੇਸ਼ਨ ਐਕਟ) ਲਾਗੂ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਸਿੰਗਾਪੁਰ ਦੇ ਸਿਹਤ ਮੰਤਰਾਲਾ ਨੇ ਦੇਸ਼ ਦੇ ਗ੍ਰਹਿ ਮੰਤਰਾਲਾ ਨੂੰ ਫੇਸਬੁੱਕ, ਟਵਿਟਰ ਤੇ ਲੋਕਲ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਇੱਕੋ ਜਿਹੇ ਸੁਧਾਰ ਦੇ ਨਿਰਦੇਸ਼ ਜਾਰੀ ਕਰਨ ਲਈ ਕਿਹਾ ਹੈ। ਇਸ ਦਾ ਮਤਲਬ ਹੈ ਕਿ ਇਸ ਕਾਨੂੰਨ ਦੇ ਲਾਗੂ ਹੋਣ ਪਿੱਛੋਂ ਫੇਸਬੁੱਕ, ਟਵਿਟਰ ਅਤੇ ਹਾਰਡਵੇਅਰ ਜ਼ੋਨ ਡਾਟ ਕਾਮ ਸਮੇਤ ਸਭਨਾਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਸਿੰਗਾਪੁਰ ਵਿੱਚ ਸਾਰੇ ਯੂਜ਼ਰਸ ਨੂੰ ਇਕ ਕੁਰੈਕਸ਼ਨ ਨੋਟਿਸ ਭੇਜਣਾ ਹੋਵੇਗਾ। ਸਿੰਗਾਪੁਰ ਨੇ ਦਿੱਲੀ ਦੇ ਮੁੱਖ ਮੰਤਰੀ ਜਾਂ ਭਾਰਤੀ ਸੋਸ਼ਲ ਮੀਡੀਆ ਦਾ ਜ਼ਿਕਰ ਤਾਂ ਨਹੀਂ ਕੀਤਾ, ਪਰ ਮੰਨਿਆ ਇਹੋ ਜਾਂਦਾ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਬਿਆਨ ਕਾਰਨ ਇਹ ਫੈਸਲਾ ਲਿਆ ਗਿਆ ਹੈ। ਇਸ ਕਾਨੂੰਨ ਹੇਠ ਅੱਗੇ ਤੋਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਸਿੰਗਾਪੁਰ ਵੇਰੀਐਂਟ ਬਾਰੇ ਝੂਠੀਆਂ ਗੱਲਾਂ ਦੇ ਸੰਬੰਧ ਵਿੱਚ ਸਾਰੇ ਐਂਡ-ਯੂਜ਼ਰਸ ਲਈ ਇਕ ਕੁਰੈਕਸ਼ਨ ਤੇ ਸਪਸ਼ਟੀਕਰਨ ਦੇਣਾ ਹੋਵੇਗਾ। ਸੋਸ਼ਲ ਮੀਡੀਆ ਪਲੇਟਫਾਰਮ ਨੂੰ ਇਹ ਵੀ ਦੱਸਣਾ ਹੋਵੇਗਾ ਕਿ ਕੋਰੋਨਾ ਦਾ ਕੋਈ ਸਿੰਗਾਪੁਰ ਵੇਰੀਐਂਟ ਨਹੀਂ ਤੇ ਨਾ ਇਸ ਦਾ ਕੋਈ ਸਬੂਤ ਹੈ ਕਿ ਕੋਈ ਕੋਰੋਨਾ ਵੇਰੀਐਂਟ ਬੱਚਿਆਂ ਲਈ ਬੇਹੱਦ ਖ਼ਤਰਨਾਕ ਹੈ।

ਵਰਨਣ ਯੋਗ ਹੈ ਕਿ ਦਿੱਲੀ ਦੇ



ਮੁੱਖ ਮੰਤਰੀ ਨੇ ਮੰਗਲਵਾਰ ਕਿਹਾ ਸੀ ਕਿ ਸਿੰਗਾਪੁਰ ਵਿੱਚ ਮਿਲਿਆ ਨਵਾਂ ਸਟ੍ਰੇਨ ਭਾਰਤ ਵਿੱਚ ਤੀਸਰੀ ਲਹਿਰ ਦਾ ਕਾਰਨ ਬਣ ਸਕਦਾ ਅਤੇ ਬੱਚਿਆਂ ਨੂੰ ਵੱਧ ਪ੍ਰਭਾਵਤ ਕਰ ਸਕਦਾ ਹੈ। ਇਸ ਤੋਂ ਪਹਿਲਾਂ ਸਿੰਗਾਪੁਰ ਦੇ ਹਾਈ ਕਮਿਸ਼ਨਰ ਸਿਮੋਨ ਵੋਂਗ ਨੇ ਇਕ ਵਰਚੂਅਲ ਪ੍ਰੈੱਸ ਕਾਨਫਰੰਸ ਵਿਚ ਇਹ ਨਵਾਂ ਕਾਨੂੰਨ ਲਾਗੂ ਕਰਨ ਦੇ ਸੰਕੇਤਦਿੱਤੇ ਸਨ। ਉਨ੍ਹਾਂ ਨੇ ਬੁੱਧਵਾਰ ਕਿਹਾ ਸੀ ਕਿ ਇਸ ਬਦਕਿਸਮਤ ਚੈਪਟਰ ਨੂੰ ਬੰਦ ਕਰਨਾ ਅਤੇ ਮਹਾਮਾਰੀ ਦੇ ਖਿਲਾਫ ਸਾਨੂੰ ਸਾਰਿਆਂ ਨੂੰ ਸਾਂਝੀ ਲੜਾਈ ਉੱਤੇ ਧਿਆਨ ਦੇਣਾ ਚਾਹੀਦਾ ਹੈ।

ਇਸ ਦੌਰਾਨ ਸਿੰਗਾਪੁਰ ਵਿਚ ਮਾਪੇ ਬੱਚਿਆਂ ਨੂੰ ਕੋਰੋਨਾ ਦੀ ਲਹਿਰ ਤੋਂ ਬਚਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਬੱਚਿਆਂ ਵਿੱਚ ਕੋਰੋਨਾ ਇਨਫੈਕਸ਼ਨ ਦੀ ਸਥਿਤੀ ਖਤਰਨਾਕ ਹੋਣ ਤੋਂ ਬਚਾਉਣ ਲਈ ਸਕੂਲਾਂ ਨੂੰ ਬੰਦ ਕੀਤਾ ਗਿਆਅਤੇ ਘਰਾਂ ਵਿੱਚ ਬੱਚਿਆਂ ਦੀ ਸੰਭਾਲ ਕੀਤੀ ਜਾ ਰਹੀ ਹੈ। ਸਿੰਗਾਪੁਰ ਸਰਕਾਰ ਨੇ ਐਤਵਾਰ ਨੂੰ ਇਹ ਕਿਹਾ ਕਿ ਕੋਰੋਨਾ ਦਾ ਨਵਾਂ ਮਿਊਟੈਂਟ ਬੀ-1.1.67 ਵੈਰੀਐਂਟ ਬੱਚਿਆਂ ਉੱਤੇ ਵੱਧ ਅਸਰ ਕਰਦਾ ਹੋਣ ਦੇ ਕਾਰਨ ਦੇਸ਼ ਦੇ ਸਕੂਲ ਬੰਦ ਕੀਤੇ ਜਾਣਗੇ, ਕਿਉਂਕਿ ਨੌਜਵਾਨਾਂ ਦੇ ਵੈਕਸੀਨੇਸ਼ਨ ਦੀ ਤਿਆਰੀ ਜ਼ਰੂਰੀ ਹੈ। ਸਿੰਗਾਪੁਰ ਦੇ ਸਿੱਖਿਆ ਮੰਤਰੀ ਚਾਨ ਚੁਨ ਸਿੰਗ ਨੇ ਕਿਹਾ ਸੀ ਕਿ ਵਾਇਰਸ ਦੇ ਕੁਝ ਮਿਊਟੇਸ਼ਨ ਬਹੁਤ ਵਧੇਰੇ ਐਕਟਿਵ ਹੁੰਦੇ ਹਨ ਅਤੇ ਇਹ ਵਾਇਰਸ ਬੱਚਿਆਂ ਨੂੰ ਨੁਕਸਾਨ ਪੁਚਾ ਰਿਹਾ ਹੈ। ਚਾਨ ਚੁਨ ਸਿੰਗ ਨੇ ਕਿਹਾ ਸੀ ਕਿ ਵਾਇਰਸ ਨਾਲ ਇਨਫੈਕਟਿਡ ਬੱਚਿਆਂ ਵਿੱਚੋਂ ਕੋਈ ਗੰਭੀਰ ਬੀਮਾਰ ਨਹੀਂ ਹਨ, ਪਰ ਕੁਝ ਬੱਚਿਆਂ ਵਿੱਚ ਹਲਕੇ ਲੱਛਣ ਹਨ।

# ਓਨਟਾਰੀਓ ਨੇ ਰੀਓਪਨਿੰਗ ਲਈ ਤਿੰਨ ਪੜਾਵੀ ਪਲੈਨ ਦਾ ਕੀਤਾ ਖੁਲਾਸਾ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਸਟੇਅ ਐਟ ਹੋਮ ਆਰਡਰ 2 ਜੂਨ ਨੂੰ ਐਕਸਪਾਇਰ ਹੋਣ ਜਾ ਰਿਹਾ ਹੈ ਪਰ ਸਾਰੇ ਗੈਰ ਜ਼ਰੂਰੀ ਕਾਰੋਬਾਰ ਪ੍ਰੋਵਿੰਸ ਦੇ ਪਹਿਲੇ ਪੜਾਅ ਵਿੱਚ ਕਦਮ ਧਰਨ ਤੱਕ ਬੰਦ ਹੀ ਰਹਿਣਗੇ। ਹਰੇਕ ਪੜਾਅ ਵਿੱਚ ਪ੍ਰੋਵਿੰਸ 21 ਦਿਨ ਗੁਜ਼ਾਰੇਗਾ ਤਾਂ ਕਿ ਜਿਨ੍ਹਾਂ ਪਾਬੰਦੀਆਂ ਵਿੱਚ ਢਿੱਲ ਦਿੱਤੀ ਜਾ ਰਹੀ ਹੈ ਉਨ੍ਹਾਂ ਦੇ ਅਸਰ ਦੀ ਨਿਗਰਾਨੀ ਕੀਤੀ ਜਾ ਸਕੇ।ਪਹਿਲੇ ਪੜਾਅ ਵਿੱਚ ਦਾਖਲ ਹੋਣ ਲਈ ਓਨਟਾਰੀਓ ਨੂੰ 60 ਫੀ ਸਦੀ ਬਾਲਗਾਂ ਦੇ ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੈਣ ਤੱਕ ਉਡੀਕ ਕਰਨੀ ਹੋਵੇਗੀ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਅਨੁਸਾਰ ਹੁਣ ਤੱਕ ਓਨਟਾਰੀਓ 58 ਫੀ ਸਦੀ ਦਾ ਟੀਚਾ ਪੂਰਾ ਕਰ ਚੁੱਕਿਆ ਹੈ।

ਸਰਕਾਰ ਨੇ ਆਖਿਆ ਕਿ ਪਹਿਲਾ ਪੜਾਅ ਥੋੜ੍ਹੀ ਭੀੜ ਨਾਲ ਆਊਟਡੋਰ ਗਤੀਵਿਧੀਆਂ ਸ਼ੁਰੂ ਕਰਨ ਉੱਤੇ ਕੇਂਦਰਿਤ ਹੋਵੇਗਾ ਤੇ ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਉੱਥੇ ਟਰਾਂਸਮਿਸ਼ਨ ਦਾ ਖਤਰਾ ਘੱਟ ਹੋਵੇ। ਗੈਰ ਜ਼ਰੂਰੀ ਸਟੋਰਾਂ ਨੂੰ 15 ਫੀ ਸਦੀ ਸਮਰੱਥਾ ਨਾਲ ਖੁੱਲ੍ਹਣ ਦੀ ਇਜਾਜ਼ਤ ਦਿੱਤੀ ਜਾਵੇਗੀ।10 ਲੋਕਾਂ ਨਾਲ ਆਊਟਡੋਰ ਇੱਕਠ ਕਰਨ ਦੀ ਖੁੱਲ੍ਹ ਹੋਵੇਗੀ। ਆਊਟਡੋਰ ਡਾਈਨਿੰਗ ਵੀ ਇੱਕ ਟੇਬਲ ਉੱਤੇ ਚਾਰ ਵਿਅਕਤੀਆਂ ਨਾਲ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਸ ਦੌਰਾਨ ਕੈਂਪਸ, ਕੈਂਪਗ੍ਰਾਊਂਡਜ਼ ਤੇ ਪ੍ਰੋਵਿੰਸ਼ੀਅਲ ਪਾਰਕਸ, ਆਊਟਡੋਰ ਪੂਲਜ਼ ਤੇ ਸਪਲੈਸ਼ ਪੈਡਜ਼ ਤੋਂ ਵੀ ਪਾਬੰਦੀਆਂ ਹਟਾ ਲਈਆਂ ਜਾਣਗੀਆਂ।

ਦੂਜੇ ਪੜਾਅ ਵਿੱਚ ਦਾਖਲ ਹੋਣ ਲਈ 70 ਫੀ ਸਦੀ ਬਾਲਗਾਂ ਦਾ ਪਹਿਲੀ ਡੋਜ਼ ਨਾਲ ਟੀਕਾਕਰਣ ਹੋਇਆ ਹੋਣਾ ਜ਼ਰੂਰੀ ਹੈ ਤੇ ਇਸ ਦੇ ਨਾਲ ਹੀ 20 ਫੀ ਸਦੀ ਨੂੰ ਦੂਜੀ ਡੋਜ਼ ਲੱਗੀ ਹੋਣੀ ਚਾਹੀਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਪੜਾਅ ਵਿੱਚ ਪੰਜ ਲੋਕਾਂ ਨਾਲ ਇੰਡੋਰ ਇੱਕਠ ਤੇ 25 ਲੋਕਾਂ ਨਾਲ ਆਊਟਡੋਰ ਇੱਕਠ ਕੀਤਾ ਜਾ ਸਕੇਗਾ। ਆਊਟਡੋਰ ਖੇਡਾਂ ਤੇ ਲੀਗਜ਼ ਸ਼ੁਰੂ ਹੋ ਸਕਣਗੀਆਂ। ਇਸ ਦੇ ਨਾਲ ਹੀ ਪਰਸਨਲ ਕੇਅਰ ਸਰਵਿਸਿਜ਼ ਸ਼ੁਰੂ ਹੋ ਸਕਣਗੀਆਂ, ਪਰ ਮੂੰਹ ਢੱਕ ਕੇ ਰੱਖਣਾ ਹੋਵੇਗਾ। 15 ਫੀ ਸਦੀ ਸਮਰੱਥਾ ਨਾਲ ਇੰਡੋਰ ਧਾਰਮਿਕ ਸੇਵਾਵਾਂ ਸ਼ੁਰੂ ਕੀਤੀਆਂ ਜਾ ਸਕਣਗੀਆਂ।ਵਾਧੂ ਦੀਆਂ ਰੀਟੇਲ ਪਾਬੰਦੀਆਂ ਨੂੰ ਵੀ ਸੁਖਾਲਾ ਕੀਤਾ ਜਾਵੇਗਾ, ਅਸੈਂਸ਼ੀਅਲ ਰੀਟੇਲਰਜ਼ 50 ਫੀ ਸਦੀ ਸਮਰੱਥਾ ਤੇ ਗੈਰ ਜ਼ਰੂਰੀ 25 ਫੀ ਸਦੀ ਸਮਰੱਥਾ ਨਾਲ ਕੰਮ ਕਰ ਸਕਣਗੇ।ਆਊਟਡੋਰ ਐਮਿਊਜ਼ਮੈਂਟ ਪਾਰਕ ਤੇ ਵਾਟਰ ਪਾਰਕਸ ਵੀ ਮੁੜ ਖੋਲ੍ਹੇ ਜਾ ਸਕਣਗੇ। ਆਊਟਡੋਰ ਸਿਨੇਮਾ, ਪਰਫੌਰਮਿੰਗ ਆਰਟਸ, ਲਾਈਵ ਮਿਊਜ਼ਿਕ, ਈਵੈਂਟਸ ਤੇ ਹੋਰ ਆਕਰਸ਼ਣ ਵੀ ਮੁੜ ਆਪਰੇਟ ਕੀਤੇ ਜਾ ਸਕਣਗੇ।

ਤੀਜੇ ਤੇ ਆਖਰੀ ਪੜਾਅ ਵਿੱਚ ਜ਼ਿੰਦਗੀ ਆਮ ਵਾਂਗ ਸ਼ੁਰੂ ਹੋ ਜਾਵੇਗੀ ਤੇ ਇਹ ਸਮਾਂ ਉਦੋਂ ਆਵੇਗਾ ਜਦੋਂ ਓਨਟਾਰੀਓ ਵਿੱਚ 70 ਤੋਂ 80 ਫੀ ਸਦੀ ਬਾਲਗਾਂ ਨੂੰ ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਤੇ 25 ਫੀ ਸਦੀ ਨੂੰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਲੱਗ ਚੁੱਕੀਆਂ ਹੋਣਗੀਆਂ।ਇਸ ਪੜਾਅ ਉੱਤੇ ਪ੍ਰੋਵਿੰਸ ਵਿੱਚ ਇੰਡੋਰ ਇੱਕਠਾਂ ਨੂੰ ਹਰੀ ਝੰਡੀ ਦਿੱਤੀ ਜਾਵੇਗੀ। ਵੱਡੇ ਇੰਡੋਰ ਤੇ ਆਊਟਡੋਰ ਇੱਕਠ ਸ਼ੁਰੂ ਹੋ ਜਾਣਗੇ। ਇਸ ਦੌਰਾਨ ਇੰਡੋਰ ਖੇਡਾਂ, ਮਨੋਰੰਜਨ ਫਿੱਟਨੈੱਸ, ਇੰਡੋਰ ਡਾਈਨਿੰਗ, ਮਿਊਜ਼ੀਅਮ, ਆਰਟ ਗੈਲਰੀਜ਼, ਲਾਇਬ੍ਰੇਰੀਜ਼ ਤੇ ਕੈਸੀਨੋ ਵੀ ਖੋਲ੍ਹੇ ਜਾਣਗੇ।

ਪ੍ਰੋਵਿੰਸ ਨੇ ਆਖਿਆ ਕਿ ਸਕੂਲਾਂ ਵਿੱਚ ਰਿਮੋਟ ਲਰਨਿੰਗ ਹੀ ਜਾਰੀ ਰਹੇਗੀ ਤੇ ਕਲਾਸਾਂ ਇਨ ਪਰਸਨ ਲਰਨਿੰਗ ਲਈ ਉਦੋਂ ਤੱਕ ਨਹੀਂ ਖੋਲ੍ਹੀਆਂ ਜਾਣਗੀਆਂ ਜਦੋਂ ਤੱਕ ਬੱਚਿਆਂ ਦਾ ਸੁਰੱਖਿਅਤ ਢੰਗ ਨਾਲ ਕਲਾਸਾਂ ਵਿੱਚ ਪਰਤਣਾ ਤੈਅ ਨਾ ਹੋ ਜਾਵੇ।

# ਮਾਹਿਰਾਂ ਮੁਤਾਬਕ ਕੋਰੋਨਾ ਮਿਊਟੈਂਟ ਧਾਰਮਿਕ ਸਮਾਗਮਾਂ ਅਤੇ ਪ੍ਰਵਾਸੀ ਮਜ਼ਦੂਰਾਂ ਕਾਰਨ ਫੈਲਿਆ

### * ਕੁੰਭ ਨੂੰ ਕੋਰੋਨਾ ਨਾਲ ਜੋੜਨ ਦੀ ਹਿੰਦੂ ਧਰਮ ਗੁਰੂਆਂ ਵੱਲੋਂ ਨਿੰਦਾ

ਨਵੀਂ ਦਿੱਲੀ, 20 ਮਈ, (ਪੋਸਟ ਬਿਊਰੋ)- ਕੋਰੋਨਾਵਾਇਰਸਦੀ ਦੂਸਰੀ ਲਹਿਰ ਅੱਜਕੱਲ੍ਹ ਵਿੱਚ ਭਾਰਤ ਵਿੱਚ ਤਬਾਹੀ ਮਚਾ ਰਹੀ ਹੈ, ਭਾਵੇਂ ਇਸ ਹਫਤੇ ਦੌਰਾਨ ਥੋੜ੍ਹਾ ਕੁ ਘਟੀ ਹੈ, ਪਰ ਕੋਰੋਨਾ ਦੇ ਨਵੇਂ ਕੇਸਅਜੇ ਆ ਰਹੇ ਹਨ ਅਤੇ ਇਸ ਦੇ ਨਾਲ ਮਰਨ ਵਾਲਿਆਂ ਦੀ ਗਿਣਤੀ ਅਜੇ ਵੀ ਬਹੁਤ ਜ਼ਿਆਦਾ ਹੈ।

ਇਸ ਦੌਰਾਨ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਨੇ ਆਪਣੀ ਇਕ ਖੋਜ ਵਿਚ ਦਾਅਵਾ ਕੀਤਾ ਹੈ ਕਿ ਕੋਵਿਡ-19 ਦੀ ਦੂਸਰੀ ਲਹਿਰ ਦੇ ਪਿੱਛੇ ਜ਼ਿੰਮੇਵਾਰ ਮੰਨੇ ਜਾਂਦੇ ਕੋਰੋਨਾਵਾਇਰਸ ਦੇ ਮਿਊਟੈਂਟ ਨੂੰ ਵਿਦੇਸ਼ੀ ਯਾਤਰੀ ਭਾਰਤ ਵਿੱਚ ਲਿਆਏ ਅਤੇ ਇਸਮਗਰੋਂ ਇਹ ਬਦਲਣ ਯੋਗ ਵਾਇਰਸ ਪ੍ਰਵਾਸੀ ਮਜ਼ਦੂਰਾਂ ਤੇ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਦੇ ਰਾਹੀਂ ਦੇਸ਼ ਵਿੱਚ ਫੈਲਿਆ ਸੀ।ਮੀਡੀਆ ਰਿਪੋਰਟਾਂ ਅਨੁਸਾਰ ਆਈਸੀਐੱਮਆਰ ਦੀ ਖੋਜ ਕਹਿੰਦੀ ਹੈ ਕਿ ਸ਼ੁਰੂ ਦੇ ਪੜਾਅ ਵਿੱਚ ਕੋਰੋਨਾ ਲਾਗ ਦੇ ਫੈਲਣ ਦਾ ਪਤਾ ਮੁੱਖ ਤੌਰ ਉੱਤੇ ਪ੍ਰਵਾਸੀ ਮਜ਼ਦੂਰਾਂ ਅਤੇ ਧਾਰਮਿਕ ਸਮਾਗਮਾਂਦੀ ਸਰਗਰਮੀ ਤੋਂ ਮਿਲ ਸਕਦਾ ਹੈ। ਸ਼ੁਰੂ ਦੇ ਇਸ ਪੜਾਅ ਦੇ ਨਮੂਨਿਆਂ ਤੋਂ ਸਾਰਸ ਸੀਓ ਵੀ -2



ਵਾਲੇ ਰੂਪ ਵਿੱਚ ਵੇਖੀ ਗਈ ਅਮੀਨੋ ਐਸਿਡ ਪਰਿਵਰਤਨ ਦੀ ਖੁੱਲ੍ਹੀ ਪਛਾਣ ਇਸ ਸਮੇਂਫੈਲਦੇ ਪਏ ਸਟ੍ਰੇਨ ਦੇ ਵਧਣ ਨੂੰ ਦਰਸਾਉਂਦੀ ਹੈ, ਜਿਹੜਾ ਇੱਕ ਸੀਰੀਅਸ ਮਾਮਲਾ ਹੈ।

ਦੂਸਰੇ ਪਾਸੇ ਹਿੰਦੂ ਧਰਮ ਦੇ ਪ੍ਰਮੁੱਖ ਧਰਮ ਗੁਰੂਆਂ ਨੇ ਹਰਿਦੁਆਰ ਵਿੱਚਹੋਏ ਕੁੰਭ ਮੇਲੇ ਨੂੰ ਕੋਰੋਨਾ ਇਨਫੈਕਸ਼ਨ ਦੇ ਪਸਾਰ ਨਾਲ ਜੋੜਨ ਦੀ ਨਿੰਦਾ ਕੀਤੀ ਅਤੇ ਇਸ ਨੂੰ ਹਿੰਦੂਆਂ ਤੇ ਉਨ੍ਹਾਂ ਦੀਆਂ ਪ੍ਰੰਪਰਾਵਾਂ ਦਾ ਅਪਮਾਨ ਕਿਹਾ ਹੈ। ਧਰਮ ਗੁਰੂਆਂ ਨੇ ਕਿਹਾ ਕਿ ਕੁੰਭ ਮੇਲਾ ਕਰਵਾਉਣ ਤੋਂ ਬਾਅਦ ਉੱਤਰਾਖੰਡ ਵਿੱਚ ਕੋਰੋਨਾ ਇਨਫੈਕਸ਼ਨ ਦੇ ਕੇਸਾਂ ਦਾ ਵਾਧਾ ਨਹੀਂ ਹੋਇਆ ਸੀ।ਇਨ੍ਹਾਂ ਧਰਮ ਗੁਰੂਆਂ ਨੇ ਕਿਸੇ ਸਿਆਸੀ ਪਾਰਟੀ ਦਾ ਨਾਂ ਨਹੀਂ ਲਿਆ, ਪਰ ਉਨ੍ਹਾਂ ਦਾ ਬਿਆਨ ਭਾਜਪਾ ਵੱਲੋਂ ਕਾਂਗਰਸ ਉੱਤੇ ਮਹਾਮਾਰੀ ਦੀ ਦੂਸਰੀ ਲਹਿਰ ਲਈ ਮੋਦੀ ਸਰਕਾਰ ਦੀ ਬਦਨਾਮੀਅਤੇ ਕੁੰਭ ਨੂੰ ਇਨਫੈਕਸ਼ਨ ਦੇ ਪਸਾਰ ਨਾਲ ਜੋੜਨ ਲਈ 'ਟੂਲਕਿੱਟ' ਬਣਾਉਣ ਦੇ ਦੋਸ਼ ਲਾਉਣ ਦੇ ਇਕ ਦਿਨ ਬਾਅਦ ਆਇਆ ਹੈ। ਕਾਂਗਰਸ ਨੇ ਭਾਜਪਾ ਦੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ।ਜੂਨਾ ਅਖਾੜਾ ਦੇ ਸਵਾਮੀ ਅਵਧੇਸ਼ਾਨੰਦ ਗਿਰੀ ਨੇ ਕਿਹਾ ਕਿ ਕੁੰਭ ਭਾਰਤੀ ਸੰਸਕ੍ਰਿਤੀ ਅਤੇ ਇਸ ਦੀ ਸੰਵੇਦਨਸ਼ੀਲਤਾ ਦਾ ਪ੍ਰਤੀਕ ਹੈ।ਇਸ ਨੂੰ ਕੋਰੋਨਾ ਦੇ ਵਧਦੇ ਕੇਸਾਂ ਨਾਲ ਜੋੜਨਾ ਭਾਰਤ ਦੀ ਸੰਸਕ੍ਰਿਤੀ ਉੱਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਕੁੰਭ ਦੀ ਗ਼ਲਤ ਜਾਣਕਾਰੀ ਫੈਲਾਉਣ ਦੀ ਸਾਰੇ ਸਾਧੂ ਸੰਤ ਆਲੋਚਨਾ ਕਰਦੇ ਹਨ ਤੇ ਏਦਾਂ ਦੀ ਸਿਆਸਤ ਠੀਕ ਨਹੀਂ। ਸਵਾਮੀ ਕੈਲਾਸ਼ਨੰਦ ਗਿਰੀ ਨੇ ਵੀ ਕੁੰਭ ਨੂੰ ਕੋਰੋਨਾ ਨਾਲ ਜੋੜਨ ਨੂੰ ਬਦਕਿਸਮਤੀ ਦੱਸਿਆ ਹੈ।

# ਉਚ ਸਿੱਖਿਆ ਲਈ ਅਮਰੀਕਾ ਨੂੰ ਪਸੰਦ ਕਰਦੇ ਨੇ 67 ਫੀਸਦੀ ਭਾਰਤੀ

ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਵਿਦੇਸ਼ ਵਿੱਚ ਸਿੱਖਿਆ ਲੈਣ ਲਈ ਕਰੀਬ 67 ਫੀਸਦੀ ਭਾਰਤੀ ਵਿਦਿਆਰਥੀ ਅਮਰੀਕਾ ਨੂੰ ਪਸੰਦ ਕਰਦੇ ਹਨ। ਇਹ ਦਾਅਵਾ ਫਿਨ-ਟੇਕ ਪਲੇਟਫਾਰਮ ਪ੍ਰੋਡੀਜੀ ਫਾਈਨੈਂਸ ਦੀ ਇੱਕ ਨਵੀਂ ਰਿਪੋਰਟ ਵਿੱਚ ਕੀਤਾ ਗਿਆ ਹੈ, ਜਿਸ ਨੇ ਸਭ ਦੀ ਦਿਲਚਸਪੀ ਜਗਾਈ ਹੈ।

ਸਟੇਟ ਆਫ ਹਾਇਰ ਐਜੂਕੇਸ਼ਨ ਇਨ ਸਟੱਡੀ ਅਬਰਾਡ ਮਾਰਕੀਟ ਦੀ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਅਮਰੀਕਾ ਦੇ ਇਲਾਵਾ ਭਾਰਤੀ ਵਿਦਿਆਰਥੀ ਵਿਦੇਸ਼ ਵਿੱਚ ਮਾਸਟਰ ਡਿਗਰੀ ਕਰਨ ਦੇ ਲਈ ਯੂ ਕੇ ਤੇ ਫਰਾਂਸ ਪਸੰਦ ਕਰਦੇ ਹਨ। ਇਨ੍ਹਾਂ ਦੋਵਾਂ ਦੇਸ਼ਾਂ ਦਾ ਹਿੱਸਾ ਅੱਠ ਫੀਸਦੀ ਹੈ। ਉਚ ਸਿੱਖਿਆ ਲਈ ਵਿਦੇਸ਼ ਜਾਂਦੇਬਹੁਤੇ ਵਿਦਿਆਰਥੀ ਮਹਾਰਾਸ਼ਟਰ (20 ਫੀਸਦੀ), ਕਰਨਾਟਕ (15 ਫੀਸਦੀ), ਦਿੱਲੀ (12 ਫੀਸਦੀ) ਅਤੇ ਤੇਲੰਗਾਨਾ (ਅੱਠ ਫੀਸਦੀ) ਹਨ। ਰਿਪੋਰਟ ਵਿੱਚ ਕਿਹਾ ਗਿਆ ਕਿ ਪਿਛਲੇ ਸਾਲ ਉਚ ਸਿੱਖਿਆ ਲਈ ਵਿਦੇਸ਼ ਯਾਤਰਾ ਕਰਨ ਵਾਲੇ ਲਗਭਗ ਸੱਤਰ ਫੀਸਦੀ ਮਰਦ ਸਨ ਤੇ 30 ਫੀਸਦੀ ਔਰਤਾਂ ਹਨ। ਖੋਜ ਵਿੱਚ ਪਤਾ ਲੱਗਾ ਕਿ ਇੰਜੀਨੀਅਰਿੰਗ ਸਿਲੇਬਸ ਲਈ ਨਾਰਥ ਈਸਟਰਨ ਯੂਨੀਵਰਸਿਟੀ ਅਰਲਿੰਗਟਨ ਵਿੱਚ ਟੈਕਸਾਸ ਯੂਨੀਵਰਸਿਟੀ ਤੇ ਸਟੀਵਨਸ ਇੰਸਟੀਚਿਊਟ ਆਫ



ਟੈਕਨਾਲੋਜੀ ਸਭ ਤੋਂ ਵੱਧ ਪਸੰਦ ਵਾਲੇ-ਹਨ। ਐਮ ਬੀ ਏ ਪ੍ਰੋਗਰਾਮ ਲਈ ਜਾਰਜ ਟਾਊਨ ਯੂਨੀਵਰਸਿਟੀ, ਟੋਰਾਂਟੋ ਯੂਨੀਵਰਸਿਟੀ ਅਤੇ ਰੋਚੈਸਟਰ ਯੂਨੀਵਰਸਿਟੀ ਸਭ ਤੋਂ ਪਸੰਦ ਦੇ ਅਦਾਰੇਹਨ। 2019 ਦੇ ਮੁਕਾਬਲੇ ਵਿੱਚ 2020 ਵਿੱਚ ਅਰਜ਼ੀਆਂ ਵਿੱਚ 4.1 ਫੀਸਦੀ ਵਾਧਾ ਹੋਇਆ। 2020 ਵਿੱਚ ਪ੍ਰੋਡੀਜੀ ਫਾਈਨੈਂਸ ਨੇ ਹਰੇਕ ਵਿਦਿਆਰਥੀ ਨੂੰ ਉਚ ਸਿੱਖਿਆ ਦੇ ਲਈ ਕਰਜ਼ੇ ਵਜੋਂ ਲਗਭਗ ਤੀਹ ਲੱਖ ਰੁਪਏ ਵੰਡੇ ਹਨ। ਸਾਲ 2020 ਵਿੱਚ ਦੁਨੀਆ ਭਰ ਦੇ ਵਿਦਿਆਰਥੀਆਂ, ਮਾਪਿਆਂ ਅਤੇ ਵਿਦਿਅਕ ਸੰਸਥਾਵਾ ਲਈ ਕਈ ਚੁਣੌਤੀਆਂ ਸਨ। ਪ੍ਰੋਡੀਜੀ ਫਾਈਨੈਂਸ ਵੱਲੋਂ ਭਾਰਤ ਦੇ ਹੈਡ ਮਯੰਕ ਸ਼ਰਮਾ ਨੇ ਕਿਹਾ ਕਿ 2021 ਵਿੱਚ ਅੰਤਰਰਾਸ਼ਟਰੀ ਸਰਹੱਦਾਂ ਹੌਲੀ-ਹੌਲੀ ਫਿਰ ਖੁੱਲ੍ਹਣ ਲੱਗੀਆਂ ਹਨ ਅਤੇ ਟੀਕਾਕਰਨ ਮੁਹਿੰਮ ਦੇਖ ਕੇ ਕੈਂਪਸ ਲਰਨਿੰਗ ਅਗਲੀ ਤਿਮਾਹੀ ਵਿੱਚ ਆਸ਼ਾਜਨਕ ਹੈ, 2020 ਦੇ ਮੁਕਾਬਲੇ ਵਿੱਚ 2021 ਵਿੱਚ 30-35 ਫੀਸਦੀ ਦੇ ਵਾਧੇ ਦੀ ਉਮੀਦ ਹੈ।

# ਜੇ ਕੋਰੋਨਾ ਮਾਰੂ ਟੀਕਾ ਨਾ ਲਵਾਇਆ ਤਾਂ ਸਥਿਤੀ ਭਿਆਨਕ ਹੋ ਸਕਦੀ ਹੈ : ਮੈਟ ਹੈਨਕਾਕ

ਲੰਡਨ, 20 ਮਈ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਕਰ ਕੇ ਦੇਸ਼ ਵਿੱਚ ਅਤੇ ਨਾਲ ਹੀ ਪੂਰੀ ਦੁਨੀਆ ਵਿਚ ਹਾਹਾਕਾਰ ਮੱਚੀ ਹੋਈ ਹੈ। ਕੋਰੋਨਾ ਮਰੀਜ਼ਾਂ ਦੀ ਜਾਨ ਲਗਾਤਾਰ ਜਾ ਰਹੀ ਹੈ। ਲੰਡਨ-ਕੋਵਿਡ ਵੈਕਸੀਨ ਭਾਰਤ ਵਿਚ ਸਭ ਤੋਂ ਪਹਿਲਾਂ ਪਾਏ ਗਏ ਵੈਰੀਐਂਟ ਤੋਂ ਸੁਰੱਖਿਅਤ ਰੱਖਦੀ ਹੈ, ਪਰ ਜਿਨ੍ਹਾਂ ਲੋਕਾਂ ਨੇ ਟੀਕਾ ਨਹੀਂ ਲਵਾਇਆ, ਉਨ੍ਹਾਂ ਵਿਚ ਇਨਫ਼ੈਕਸ਼ਨ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਸਕਦੀ ਹੈ। ਇਹ ਜਾਣਕਾਰੀ ਬ੍ਰਿਟੇਨ ਦੇ ਸਿਹਤ ਮੰਤਰੀ ਮੈਟ ਹੈਨਕਾਕ ਨੇ ਇਕ ਮੀਡੀਆ ਹਾਊਸ ਨਾਲ ਗੱਲਬਾਤ ਦੇ ਦੌਰਾਨ ਦਿੱਤੀ ਹੈ।

ਬ੍ਰਿਟਿਸ਼ ਸਿਹਤ ਮੰਤਰੀ ਨੇ ਉਨ੍ਹਾਂ ਲੋਕਾਂ, ਜਿਹੜੇ ਟੀਕੇ ਦੇ ਯੋਗ ਹਨ ਪਰ ਅਜੇ ਤੱਕ ਅਪਾਇੰਟਮੈਂਟ ਨਹੀਂ ਬੁੱਕ ਕੀਤੀ, ਨੂੰ ਅੱਗੇ ਆ ਕੇ ਟੀਕਾ ਲਵਾਉਣ ਦੀ ਅਪੀਲ ਕੀਤੀ ਹੈ ਕਿ ਭਾਰਤ ਵਿੱਚ ਕਹਿਰ ਮਚਾ ਰਿਹਾ ਕੋਰੋਨਾ ਵੈਰੀਐਂਟ ਵੈਕਸੀਨ ਨਾ ਲਵਾਉਣ ਵਾਲਿਆਂ ਲਈ ਬਹੁਤ ਖ਼ਤਰਨਾਕ ਹੋ ਸਕਦਾ ਹੈ। ਹੈਨਕਾਕ ਨੇ ਕਿਹਾ ਕਿ ਇਹ ਸਟ੍ਰੇਨ, ਜਿਸ ਦੇ ਇਸ ਦੇਸ਼ ਵਿੱਚ 1300 ਕੇਸ ਸਾਹਮਣੇ ਆਏ ਹਨ, ਕੈਂਟ ਵੈਰੀਐਂਟ ਤੋਂ ਵੱਧ ਤੇਜ਼ੀ ਨਾਲ ਫੈਲ ਸਕਦਾ ਹੈ। ਕੈਂਟ ਵੈਰੀਐਂਟ ਬ੍ਰਿਟੇਨ ਵਿੱਚ ਇਸ ਵਾਰ ਸਰਦੀਆਂ ਵਿੱਚ ਫੈਲੀ ਦੂਜੀ ਲਹਿਰ ਦਾ ਮੁੱਖ ਕਾਰਨ ਬਣਿਆ ਸੀ।ਉਨ੍ਹਾਂ ਕਿਹਾ ਕਿ ਭਾਰਤ ਵਿੱਚ ਮਿਲਿਆ ਕੋਵਿਡ ਵੈਰੀਐਂਟ ਦੇਸ਼ ਦੇ ਕੁਝ ਹਿੱਸਿਆਂ ਵਿੱਚ ਜਿਵੇਂ ਬੋਲਟਨ ਤੇ ਬਲੈਕਬਰਨ ਵਿੱਚ ਮੁੱਖ ਵੈਰੀਐਂਟ ਬਣਦਾ ਜਾ ਰਿਹਾ ਹੈ। ਬ੍ਰਿਟਿਸ਼ ਸਿਹਤ ਮੰਤਰੀ ਨੇ ਕਿਹਾ ਕਿ ਬੋਲਟਨ ਵਿੱਚ ਕਈ ਲੋਕ ਭਾਰਤ ਵਿੱਚ ਮਿਲੇ ਵੈਰੀਐਂਟ ਦੇ ਇਨਫ਼ੈਕਸ਼ਨ ਕਾਰਨ ਹਸਪਤਾਲ ਵਿੱਚ ਦਾਖ਼ਲ ਹੋਏ ਸਨ। ਇਨ੍ਹਾਂ ਵਿੱਚ ਵੱਡੀ ਗਿਣਤੀ ਅਜਿਹੇ ਲੋਕਾਂ ਦੀ ਸੀ ਜੋ ਕੋਵਿਡ ਟੀਕਾ ਲਵਾਉਣ ਦੀ ਯੋਗਤਾ ਰੱਖਦੇ ਸਨ, ਪਰ ਉਨ੍ਹਾਂ ਨੇ ਟੀਕਾ ਨਹੀਂ ਲਿਆ ਸੀ।












# ਖੇਡ ਮੇਲਿਆਂ ਦਾ ਸ਼ਿੰਗਾਰ ਮੱਖਣ ਬਰਾੜ

## ਪੰਜਾਬੀ ਖੇਡ ਸਾਹਿਤ-43



-ਮੱਖਣ ਬਰਾੜ-

'ਆਗੇ ਨੇ ਖਿਡਾਰੀ ਵੇਖੋ ਖਿੱਚ ਕੇ ਤਿਆਰੀਆਂ, ਖਾਧੀਆਂ ਖੁਰਾਕਾਂ ਨਾਲੇ ਮਿਹਨਤਾਂ ਵੀ ਮਾਰੀਆਂ' ਵਰਗੇ ਗੀਤ ਲਿਖਣ ਵਾਲਾ ਮੱਖਣ ਬਰਾੜ ਖੇਡ ਮੇਲਿਆਂ ਦਾ ਸ਼ਿੰਗਾਰ ਹੈ। ਉਸ ਨੇ ਪੁਸਤਕ 'ਮੱਖਣ ਬਰਾੜ ਦੀ ਵਿਰਾਸਤ' ਲਿਖੀ ਹੈ। ਉਹ ਕਬੱਡੀ ਦਾ ਪਹਿਲਾ ਗੀਤਕਾਰ ਹੈ ਜੀਹਦੀ ਰੀਸ ਨਾਲ ਕਈਆਂ ਨੇ ਕਬੱਡੀ ਗੀਤ ਲਿਖਣੇ ਸ਼ੁਰੂ ਕੀਤੇ। ਕਬੱਡੀ ਟੂਰਨਾਮੈਂਟਾਂ 'ਚ ਉਹ ਦੇ ਸ਼ਿਅਰ ਪੈਸਿਆਂ ਬਦਲੇ ਕਲੱਬ ਬਦਲਣ ਵਾਲੇ ਚੁਫੇਰਗੜ੍ਹੀਏ ਖਿਡਾਰੀਆਂ ਨੂੰ ਵੀ ਨਹੀਂ ਬਖ਼ਸ਼ਦੇ:

*ਪਹਿਲਾਂ ਹੁੰਦਾ ਸੀ ਕਬੱਡੀ ਦਾ ਮੁੱਲ ਕੌਡੀ, ਢਿੱਡੋਂ ਜਾਈ ਇਹ ਖੇਡ ਸੀ ਘਰ ਘਰ ਦੀ*
*ਖਿਡਾਰੀ ਜਾਂਦੇ ਸੀ ਬੱਸਾਂ/ਸਾਈਕਲਾਂ 'ਤੇ, ਹੁਣ ਸੁੱਖ ਨਾਲ ਜਹਾਜ਼ਾਂ 'ਤੇ ਫਿਰੇ ਚੜ੍ਹਦੀ*
*ਤਕੜੇ ਪਲੇਅਰ ਦਾ ਚੋਖਾ ਹੈ ਮੁੱਲ ਪੈਂਦਾ, ਤਕੜੀ ਕਲੱਬ ਹੀ ਓਸ ਨੂੰ ਸਾਈਨ ਕਰਦੀ*
*ਮੱਖਣ ਬਰਾੜਾ ਖਿਡਾਰੀ ਪਰ ਇਉਂ ਹੋ ਗੇ, ਆਂਡੇ ਕਿਤੇ ਤੇ ਕੁੜ-ਕੁੜ ਕਿਤੇ ਕਰਦੀ!*

ਮੱਖਣ ਬਰਾੜ ਦੀ ਮਹਿਮਾਂ ਉਹਦੇ ਪਹਿਲੇ ਹੀਗੀਤ:ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ, ਮੂਲੀ ਨਾਲ ਗੰਢਾ ਹੋਵੇ, ਵਾਣ ਵਾਲਾ ਮੰਜਾ ਹੋਵੇ,ਮੰਜੇ ਉਤੇ ਬੈਠਾ ਜੱਟ ਬਣਿਆ ਨਵਾਬ ਹੋਵੇ, ਆਪਣਾ ਪੰਜਾਬ ਹੋਵੇ...ਨਾਲ ਹੋਣੀ ਸ਼ੁਰੂ ਹੋ ਗਈ ਸੀ। ਇਹ ਗੀਤ ਮਹਿਫ਼ਲਾਂ ਵਿਚ ਵਾਰ ਵਾਰ ਗਾਇਆ ਜਾਣ ਲੱਗਾ।ਦੇਸ਼ ਵਿਦੇਸ਼ ਵਿਚ 'ਆਪਣਾ ਪੰਜਾਬ-ਆਪਣਾ ਪੰਜਾਬ' ਹੋਣ ਲੱਗੀ।ਇਉਂ ਇਸ ਗੀਤ ਦੀ ਉਮਰ ਲੋਕ ਗੀਤ ਵਾਂਗ ਲੰਮੀ ਹੋ ਗਈ।

ਇਸ ਗੀਤ ਦੇ ਪਿਛੋਕੜ ਬਾਰੇ ਮੱਖਣ ਬਰਾੜ ਦੱਸਦਾ ਹੈ ਕਿ ਪੰਜਾਬ ਤੋਂ ਕੈਨੇਡਾ ਜਾ ਕੇ ਉਹਦਾ ਜੀਅ ਨਹੀਂ ਸੀ ਲੱਗਦਾ। ਉਦਰੇਵੇਂ ਵਿਚ ਉਹਨੇ ਮਾਂ ਨੂੰ ਪਹਿਲੀ ਚਿੱਠੀ ਲਿਖੀ ਕਵਿਤਾ ਵਿਚ ਹੀ ਲਿਖੀ। ਲਿਖਿਆ, ਮਾਂ ਮੈਨੂੰ ਤੇਰਾ ਬਣਾਇਆ ਸਾਗ ਯਾਦ ਆਉਂਦਾ, ਕੂੰਡੇ 'ਚ ਰਗੜੀ ਚਟਣੀ ਚੇਤੇ ਆਉਂਦੀ ਐ, ਘਰ ਦੇ ਕੱਟੇ-ਵੱਛੇ ਤੇ ਕੰਧਾਂ ਬਨੇਰੇ ਯਾਦ ਆਉਂਦੇ ਐ...। ਸਬੱਬੀਂ ਉਹਦਾ ਮਿੱਤਰ ਸਿਆਟਲ ਤੋਂ ਉਹਨੂੰ ਮਿਲਣ ਟੋਰਾਂਟੋ ਆ ਗਿਆ। ਦੋਹੇਂ ਖਾਂਦੇ ਪੀਂਦੇ ਪੰਜਾਬ ਦੀਆਂ ਗੱਲਾਂ ਕਰਨ ਲੱਗ ਪਏ। ਗੰਨੇ ਚੂਪਣ ਦੀਆਂ ਗੱਲਾਂ, ਸ਼ਰਾਬ ਕੱਢਣ ਦੀਆਂ, ਬਿਨਾਂ ਗਿਣੇ ਰੋਟੀਆਂ ਖਾਣ ਦੀਆਂ, ਗੰਢਿਆਂ ਮੂਲੀਆਂ ਦੀਆਂ ਤੇ ਵਾਣ ਦੇ ਮੰਜੇ 'ਤੇ ਲਮਲੇਟ ਹੋ ਜਾਣ ਦੀਆਂ ਗੱਲਾਂ। ਤੜਕੇ ਉਠਦਿਆਂ ਉਹਨੇ ਗੀਤ ਜੋੜ ਲਿਆ: ਆਪਣਾ ਪੰਜਾਬ ਹੋਵੇ...। ਉੱਦਣ ਹੀ ਟੋਰਾਂਟੋ ਗੁਰਦਾਸ ਮਾਨ ਦਾ ਸ਼ੋਅ ਸੀ। ਉਹ ਪਰਮਜੀਤ ਸਿੱਧੂ ਕੋਲ ਠਹਿਰਿਆ ਹੋਇਆ ਸੀ। ਮੱਖਣ ਸਿਓਂ ਪਰਮਜੀਤ ਕੋਲ ਆਉਂਦਾ ਜਾਂਦਾ ਰਹਿੰਦਾ ਸੀ। ਉਸ ਨੇ ਬਰਾੜ ਨੂੰ ਕੁਝ ਸੁਣਾਉਣ ਲਈ ਕਿਹਾ ਤਾਂ ਉਸ ਨੇ ਤਾਜ਼ਾ ਲਿਖਿਆ ਗੀਤ ਸੁਣਾ ਦਿੱਤਾ ਜੋ ਗੁਰਦਾਸ ਮਾਨ ਨੂੰ ਪਸੰਦ ਆ ਗਿਆ। ਉਹੀ ਗੀਤ ਗੁਰਦਾਸ ਮਾਨ ਨੇ ਸ਼ੋਅ ਵਿਚ ਗਾਇਆ ਤਾਂਲੋਕਾਂ ਦੇ ਸਿਰ ਚੜ੍ਹ ਗਿਆ। ਫਿਰ ਗੁਰਦਾਸ ਮਾਨ ਜਿਥੇ ਵੀ ਗਾਉਂਦਾ ਸਰੋਤਿਆਂ ਦੀ ਮੰਗ ਉਤੇ 'ਆਪਣਾ ਪੰਜਾਬ' ਦੋ ਤਿੰਨ ਵਾਰ ਗਾਉਣਾ ਪੈਂਦਾ। ਗੀਤ ਦੀ ਏਨੀ ਮੰਗ ਵੇਖ ਕੇ ਗੁਰਦਾਸ ਮਾਨ ਨੇ ਇਹ ਗੀਤ ਰਿਕਾਰਡ ਕਰਵਾ ਦਿੱਤਾ।

ਮੱਖਣ ਬਰਾੜ ਨੇ ਲਿਖਿਆ ਸੀ: ਪਿੰਡ ਦੀਆਂ ਗੱਲਾਂ ਪੁੱਛਾਂ ਆਪਣੇ ਮੈਂ ਹਾਣੀ ਕੋਲੋਂ, ਕਿੱਦਾਂ ਦੀ ਮਹਿਕ ਆਉਂਦੀ ਤੇਲੀਆਂ ਦੀ ਰਾਣੀ ਕੋਲੋਂ। ਮਾਨ ਨੇ ਰਿਕਾਰਡ ਕਰਵਾਇਆ: ਆਪਣੇ ਗਰਾਂਈਂ ਕੋਲੋਂ ਹਾਲ ਪੁੱਛਾਂ ਪਿੰਡ ਦਾ, ਮਰ ਜਾਣੇ ਮਾਨਾਂ ਕਿਉਂ ਪੰਜਾਬ ਜਾਂਦਾ ਖਿੰਡਦਾ। ਇਉਂ ਮਾਨ ਦਾ ਨਾਂ ਵੀ ਗੀਤ ਵਿਚ ਰਿਕ-ਾਰਡ ਹੋ ਗਿਆ। ਚੋਟੀ ਦੇ ਗਾਇਕਗੁਰਦਾਸ ਮਾਨ ਵੱਲੋਂ ਗਾਏ ਜਾਣ ਨਾਲ ਇਸ ਗੀਤ ਦੀ ਗੂੰਜਦੂਰ-ਦੂਰ ਤਕ ਪਹੁੰਚ ਗਈ। ਰਹਿੰਦੀ ਕਸਰ ਉਹਦੇ ਕਬੱਡੀ ਦੇ ਪਲੇਠੇਗੀਤ 'ਸਿੰਗ ਫਸਗੇ ਕੁੰਢੀਆਂ ਦੇ, ਮਿੱਤਰਾ ਬਹਿਜਾ ਗੋਡੀ ਲਾ ਕੇ' ਨੇ ਕੱਢ ਦਿੱਤੀ।

ਹੁਣ ਹਰਜੀਤ ਬਾਜਾਖਾਨਾ ਦੇ ਕਬੱਡੀ ਟੂਰਨਾਮੈਂਟ ਤੋਂ ਲੈ ਕੇ ਦੇਸ਼ ਵਿਦੇਸ਼ ਦੇ ਪੰਜਾਬੀ ਖੇਡ ਮੇਲਿਆਂ 'ਚ ਪਈ 'ਮੱਖਣ ਬਰਾੜ, ਮੱਖਣ ਬਰਾੜ' ਹੁੰਦੀ ਹੈ। ਜਿੰਨੇ ਕੁ ਖੇਡ ਮੇਲੇ ਮੈਂ ਤੇ ਪ੍ਰੋ. ਮੱਖਣ ਸਿੰਘ ਨੇ ਵੇਖੇ ਨੇ ਓਨੇ ਕੁ ਖੇਡ ਮੇਲਿਆਂ 'ਚ ਮੱਖਣ ਬਰਾੜ ਵੀ ਹਾਜ਼ਰੀ ਲੁਆ ਚੁੱਕਾ ਹੈ। ਅਸੀਂ ਉਥੇ ਮੈਚਾਂ ਦੀ ਕੁਮੈਂਟਰੀ ਕਰਦੇਤੇ ਉਹ ਸ਼ਿਅਰੋ ਸ਼ਾਇਰੀ ਸੁਣਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਦਾ। ਕੈਨੇਡਾ ਜਾਣ ਤੋਂ ਪਹਿਲਾਂ ਉਹ ਪੱਗ ਬੰਨ੍ਹਦਾ ਸੀ ਪਰ ਕੈਨੇਡਾ ਜਾ ਕੇ ਪਟੇ ਰੱਖ ਲਏ ਸਨ। ਸੱਠਾਂ ਸਾਲਾਂ ਦਾ ਹੋ ਕੇ ਫਿਰ ਦਸਤਾਰ ਸਜਾਉਣ ਲੱਗ ਪਿਆ।ਪਟਿਆਂ ਉਤੋਂ ਦੀ ਪੱਗ ਬੰਨ੍ਹ ਕੇ ਕੈਨੇਡਾ ਕਬੱਡੀ ਕੱਪ 'ਚ ਪੁੱਜਾ ਤਾਂ ਜਾਂਦਿਆਂ ਸ਼ਿਅਰ ਸੁਣਾਇਆ:

*ਹੋਵੇ ਬਦਲਣਾ ਆਪਣੇ ਆਪ ਨੂੰ ਜੇ, ਵੱਡੀ ਗੱਲ ਨਹੀਂ ਐਵੇਂ ਪਹਾੜ ਲੱਗਦਾ*
*ਬਿਨਾਂ ਵਰਦੀ ਦੇ ਲੱਗਦਾ ਆਮ ਬੰਦਾ, ਵਰਦੀ ਪਾਈ ਤੋਂ ਹੀ ਠਾਣੇਦਾਰ ਲੱਗਦਾ*
*ਕੀਹਦਾ ਪੁੱਤ ਇਹ ਕੀਹਦਾ ਹੋਊ ਪੋਤਾ, ਬੰਨ੍ਹੀ ਪੱਗ ਜੇ ਹੋਵੇ ਸਰਦਾਰ ਲੱਗਦਾ*
*ਪਹਿਲਾਂ ਦੇਖਣ ਨੂੰ ਗੰਜਾ ਜਾ ਲੱਗਦਾ ਸੀ, ਹੁਣ ਦੇਖੋ ਖਾਂ ਮੱਖਣ ਬਰਾੜ ਲੱਗਦਾ!*

ਇਸ ਤਰ੍ਹਾਂ ਦੀ ਟੋਟਕੇਬਾਜ਼ੀ ਨਾਲ ਉਹ ਸਰੋਤਿਆਂ ਦਾ ਜੀਅ ਪਰਚਾਉਂਦਾ ਰਹਿੰਦਾ ਹੈ:

*ਪੈਸੇ ਕੱਢ ਕੇ ਬਾਪੂ ਦੀ ਜੇਬ ਵਿਚੋਂ, ਬੋਤਲ ਠੇਕੇ ਤੋਂ ਪੀਵਣੀ ਬੜੀ ਸੌਖੀ*
*ਪੱਲਿਓਂ ਪੀਂਦੇ ਜੋਪੀਣੀ ਛੱਡ ਜਾਂਦੇ, ਮਿਲੇ ਮੁਫ਼ਤ ਤਾਂ ਛੱਡਣੀ ਬੜੀ ਔਖੀ*
*ਬਿਨਾਂ ਟੀਕੇ ਦੇ ਕੌਡੀ ਨਾ ਖੇਡ ਹੁੰਦੀ, ਟੀਕਾ ਲਾਏ ਤੋਂ ਖੇਡਣੀ ਬੜੀ ਸੌਖੀ*
*ਸੌਖੀ ਮੱਝ ਨਾਕੱਢਣੀਛੱਪੜ ਵਿਚੋਂ, ਤੀਵੀਂਹੱਟੀ 'ਚੋਂ ਕੱਢਣੀ ਬੜੀ ਔਖੀ!*

1995 'ਚ ਹੇਵਰਡ ਯੂਨੀਵਰਸਿਟੀ ਦੇ ਸਟੇਡੀਅਮ ਵਿਚ 'ਕੈਲੇਫੋਰਨੀਆ ਕਬੱਡੀ ਕੱਪ' ਹੋ ਰਿਹਾ ਸੀ। ਮੈਂ ਤੇ ਦਾਰਾਗਰੇਵਾਲ ਉਥੇ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਗਏ ਸਾਂ। ਉਦੋਂ ਗਾਇਕ ਜਗਤ ਸਿੰਘ ਜੱਗਾ ਜਿਉਂਦਾ ਸੀ। ਕਿਹਾ ਜਾਂਦਾ ਸੀ ਕਿ ਉਸ ਨੇ ਕਤਲ ਕੇਸ ਵਿਚ ਦਾਰੇ ਪਹਿਲਵਾਨ ਨਾਲ ਫਿਰੋਜ਼ਪੁਰ ਜੇਲ੍ਹ 'ਚ ਕੈਦ ਕੱਟੀ ਸੀ। ਉਹ ਚਿੱਟਾ ਚਾਦਰਾ, ਚਿੱਟਾ ਕੁੜਤਾ ਤੇ ਚਿੱਟੀ ਟੌਰੇ ਵਾਲੀ ਪੱਗ ਬੰਨ੍ਹ ਕੇ ਚਿਮਟੇ ਨਾਲ ਗਾਇਆ ਕਰਦਾ ਸੀ। ਆਖ਼ਰੀ ਉਮਰੇ ਉਹ ਅਮਰੀਕਾ ਚਲਾ ਗਿਆ ਸੀ। ਉਹ ਵੀ ਸਟੇਜ 'ਤੇ ਆ ਪੁੱਜਾ ਪਰ ਮੈਂ ਉਸ ਨੂੰ ਸਿਆਣ ਨਾ ਸਕਿਆ। ਉੱਦਣ ਉਹ ਚਿੱਟੇ ਚਾਦਰੇ ਤੇ ਚਿੱਟੇ ਕਲੀਆਂ ਵਾਲੇ ਕੁੜਤੇ ਵਿਚ ਨਹੀਂ ਸੀ। ਉਹ ਮੈਨੂੰ ਕਹਿਣ ਲੱਗਾ, "ਪ੍ਰੋਫ਼ੈਸਰ ਸਾਹਿਬ ਮੈਂ ਕਬੱਡੀ 'ਤੇ ਗੀਤ ਲਿਖਿਐ। ਲਓ ਪੜ੍ਹ ਲਓ, ਜੇ ਸਮਾਂ ਮਿਲਿਆ ਤਾਂ ਲੋਕਾਂ ਨੂੰ ਸੁਣਾ ਵੀ ਦੇਵਾਂਗੇ। ਗੀਤ ਦਾ ਮੁਖੜਾ ਸੀ: ਹਟ ਕਬੱਡੀ ਯਾਰਾਂ ਦੀ, ਇਹ ਖੇਡ ਵੱਡੇ ਸਰਦਾਰਾਂ ਦੀ...।

ਮੇਰੀ ਜਾਣਕਾਰੀ ਮੁਤਾਬਿਕ ਕਬੱਡੀ ਦਾ ਉਹ ਪਹਿਲਾ ਗੀਤ ਸੀ ਪਰ ਉਸ ਨੂੰ ਜੱਗਾ ਰਿਕਾਰਡ ਨਾ ਕਰਵਾ ਸਕਿਆ। ਛੇਤੀ ਹੀ ਉਸ ਦਾ ਦੇਹਾਂਤ ਹੋ ਗਿਆ। ਇਸ ਲਈ ਕਬੱਡੀ ਦਾ ਪਹਿਲਾ ਗੀਤ ਮੱਖਣ ਬਰਾੜ ਦੇ ਨਾਂ ਲੱਗ ਗਿਆ ਜੋ 2000 ਦੇ ਆਸ ਪਾਸ ਰਿਕਾਰਡ ਹੋਇਆ:

*ਮੁੰਡੇ ਕੌਡੀ ਖੇਡਣ ਬਈ, ਖੇਡਣ ਵਿਚ 'ਖਾੜਿਆਂ ਆ ਕੇ*
*ਚਿਹਰੇ ਦਗਦੇ ਸ਼ੇਰਾਂ ਦੇ, ਰੱਖਦੇ ਡੌਲ਼ਿਆਂ ਨੂੰ ਲਿਸ਼ਕਾ ਕੇ*
*ਦੁਨੀਆਂ ਪਹੁੰਚੀ ਜਾਂਦੀ ਐ, ਦੂਰੋਂ ਨੇੜਿਓਂ ਹੁੰਮ ਹੁੰਮਾ ਕੇ*
*ਸਿੰਗ ਫਸਗੇ ਕੁੰਢੀਆਂ ਦੇ, ਮਿੱਤਰਾ ਬਹਿਜਾ ਗੋਡੀ ਲਾ ਕੇ*
*ਆਹ ਪੁੱਤ ਬਰਾੜਾਂ ਦਾ, ਜੀਹਦਾ ਪਿੰਡ ਹੈ ਬਾਜਾਖਾਨਾ*
*ਗਾਗੋ ਕਹਿੰਦਾ ਕਾਲੇ ਨੂੰ, ਅੱਜ ਨੀ ਛੱਡਣਾ ਕੋਈ ਜੁਆਨਾਂ*
*ਔਹ ਬਾਘਾ ਮੱਲਕਿਆਂ ਦਾ, ਜੱਫੇ ਲਾਉਂਦਾ ਗਰਮੀ ਖਾ ਕੇ*
*ਸਿੰਗ ਫਸਗੇ ਕੁੰਢੀਆਂ ਦੇ...*
*ਔਹ ਮਾਰਨ ਥਾਪੀਆਂ ਬਈ, ਤੋਚੀ ਲੱਖਾ ਜਵਾਹਰਾ ਲਾਲੀ*
*ਲੋਕੀਂ ਗੱਲਾਂ ਕਰਦੇ ਆ, ਭੀਮਾ ਮੰਦਰ ਮੁੜਨ ਨਾ ਖਾਲੀ*
*ਔਹ ਵੈੱਲੀ ਭੱਜ ਤੁਰਿਆ, ਜੀਤੇ ਮੌੜ ਨਾ ਪੰਗਾ ਪਾ ਕੇ*
*ਸਿੰਗ ਫਸਗੇ ਕੁੰਢੀਆਂ ਦੇ...*

ਇਸ ਪਿੱਛੋਂ ਕਬੱਡੀ ਦੇ ਦਰਜਨਾਂ ਗੀਤ ਰਿਕਾਰਡ ਹੋਏ। 'ਚੁੰਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ' ਤੋਂ ਲੈ ਕੇ 'ਜੁਗਾਂ ਜੁਗਾਂ ਤੋਂ ਕਰਨ ਪੰਜਾਬੀ, ਪਿਆਰ ਕਬੱਡੀ ਨੂੰ' ਤਕ। ਜਿਸ ਖੇਡ ਦੇ ਗੀਤ ਚੱਲ ਪੈਣ ਉਹਦੀ ਹਰਮਨ ਪਿਆਰਤਾ ਦਾਕੋਈ ਹੱਦ ਬੰਨਾ ਨਹੀਂ ਰਹਿੰਦਾ। ਕਬੱਡੀ ਮੇਲਿਆਂ ਵਿਚ ਕੁਮੈਂਟੇਟਰਾਂ ਦਾ ਆਪਣਾ ਰੋਲ ਹੁੰਦਾ ਹੈ ਤੇ ਮਨੋਰੰਜਨ ਕਰਨ ਵਾਲਿਆਂ ਦਾ ਆਪਣਾ। ਮੱਖਣ ਬਰਾੜ ਦਾ ਰੋਲ ਆਮ ਕਰ ਕੇ ਮਨੋਰੰਜਨ ਕਰਨ ਦਾ ਹੀ ਰਿਹਾਹੈ। ਇਸ ਗੇੜ ਵਿਚ ਉਸ ਨੇ ਭਾਰਤ ਤੇ ਕੈਨੇਡਾ ਤੋਂ ਬਾਹਰ ਇੰਗਲੈਂਡ, ਜਰਮਨੀ, ਸਵਿਟਰਜ਼ਰਲੈਂਡ, ਹਾਲੈਂਡ, ਫਰਾਂਸ, ਪੋਲੈਂਡ, ਨਾਰਵੇ, ਅਮਰੀਕਾ, ਪਾਕਿਸਤਾਨ, ਡੁਬਈ, ਆਬੂਧਾਬੀ, ਆਸਟ੍ਰੇਲੀਆ, ਨਿਊਜ਼ੀਲੈਂਡ, ਹਾਂਗਕਾਂਗ ਤੇ ਸਿੰਗਾਪੁਰ ਦੇ ਪੰਜਾਬੀ ਮੇਲਿਆਂ ਵਿਚ ਰੌਣਕਾਂ ਲਾਈਆਂ ਹਨ।

ਮੱਖਣ ਬਰਾੜ ਵਾਂਗ ਪੰਜਾਬ ਦੇ ਕਬੱਡੀ ਵਰਲਡ ਕੱਪ-2010 ਵਿਚਭਗਵੰਤ ਮਾਨ ਵੀ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਸ਼ਾਮਲ ਸੀ। ਉਦੋਂ ਉਹ ਸਿਆਸੀ ਨੇਤਾ ਨਹੀਂ, ਕੇਵਲ ਕਮੇਡੀਅਨ ਸੀ। ਉਸ ਨੂੰ ਭੀੜਾਂ ਖਿੱਚਣ ਲਈ ਹੀ ਬਾਦਲ ਸਰਕਾਰ ਨੇ ਲੱਖਾਂ ਦੀ ਸਾਈ ਦੇ ਕੇ ਸੱਦਿਆ ਸੀ। ਕਬੱਡੀ ਬਾਰੇ ਜਾਣਕਾਰੀ ਦੇਣ ਮੈਂ ਉਸ ਨੂੰ ਕਿਤਾਬ 'ਕਬੱਡੀ ਕਬੱਡੀ ਕਬੱਡੀ' ਭੇਟ ਕੀਤੀ। ਉਸਨੇ ਕਮੇਡੀ ਵਾਲੀ ਕੁਮੈਂਟਰੀ ਨਾਲ ਸਟੇਡੀਅਮ ਵਿਚ ਬੈਠੇਤੇ ਟੀਵੀ ਵੇਖਦੇ ਲੱਖਾਂ ਕਰੋੜਾਂ ਦਰਸ਼ਕਾਂ ਦਾ ਮਨੋਰੰਜਨ ਜੁ ਕਰਨਾ ਸੀ। ਉਹਫਿਰਇਹੋ ਜਿਹੇ ਟੋਟਕੇ ਸੁਣਾਉਣ ਲੱਗਾ: ਹਰ ਤਰਫ਼ ਯਹੀ ਅਫ਼ਸਾਨੇ ਹੈਂ, ਹਮ ਕੌਡ-ਕਬੱਡੀਕੇ ਦੀਵਾਨੇ ਹੈਂ। ਪੈਂਦੀਆਂ ਕਬੱਡੀਆਂ ਨੇ ਚੜ੍ਹ-ਚੜ੍ਹ ਕੇ, ਲੋਕੀਂ ਦੇਖਦੇ ਨੇ ਦੂਰੋਂ ਖੜ੍ਹ-ਖੜ੍ਹ ਕੇ। ਵਿਚ ਮੈਦਾਨੇ ਭਿੜਨਾ ਕੰਮ ਹੈ ਹੁੰਦਾ ਸ਼ੇਰਾਂ ਦਾ, ਖੇਡ ਕਬੱਡੀ ਖੇਡਣਾ ਸ਼ੌਕ ਪੰਜਾਬੀ ਸ਼ੇਰਾਂ ਦਾ। ਚੌਕੇ ਛਿੱਕੇ ਭੁੱਲੇ ਕੌਡੀ ਦੀ ਗੱਲ ਚਲਦੀ, ਆਈਪੀਐੱਲ ਤਾਂਹੋ ਗਈ ਯਾਰੋ ਗੱਲ ਕੱਲ੍ਹ ਦੀ। ਖੇਡ ਕਬੱਡੀ ਦੇਖਣ ਲੋਕੀਂ ਛੱਤਾਂ ਤੋਂ ਲਮਕਣਗੇ, ਧੋਨੀ ਸਚਿਨ ਵਾਂਗੂੰ, ਮੰਗੀ ਬੱਗਾ ਬਿੱਟੂ ਦੁੱਲਾ ਚਮਕਣਗੇ...। ਮੈਚ ਤੋਂ ਪਹਿਲਾਂ, ਮੈਚ ਦੀ ਬਰੇਕ ਸਮੇਂ ਤੇ ਮੈਚ ਤੋਂ ਪਿੱਛੋਂ ਮਾਈਕ ਉਹਦੇ ਹੱਥ ਹੁੰਦਾ ਸੀ। ਮੱਖਣ ਬਰਾੜ ਨੂੰ ਵੀ ਅਸੀਂ ਉਦੋਂ ਹੀ ਮਾਈਕ ਫੜਾਉਂਦੇ ਜਦੋਂ ਮੈਚ ਰੁਕਦਾ ਤਾਂ ਜੋ ਦਰਸ਼ਕ ਹਿੱਲਣ ਨਾ। ਉਹ ਕੋਈ ਨਵਾਂ ਲਿਖਿਆ ਸ਼ਿਅਰ ਸੁਣਾਉਂਦਾ ਤੇ ਸਰੋਤਿਆਂ ਦੀ ਮੰਗ 'ਤੇ ਪੁਰਾਣੇ ਵੀ ਦੁਹਰਾਉਂਦਾ। ਏਨੇ ਨਾਲ ਕੁਮੈਂਟੇਟਰ ਨੂੰ ਦਮ ਮਿਲ ਜਾਂਦਾ।

ਮੱਖਣ ਬਰਾੜ ਦਾ ਜਨਮ ਪਿੰਡ ਮੱਲਕੇ ਜ਼ਿਲ੍ਹਾ ਮੋਗਾ ਵਿਚ ਪਿਤਾ ਪੂਰਨ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ 3 ਜਨਵਰੀ 1949 ਨੂੰ ਹੋਇਆ ਸੀ। ਉਹਦੀ ਮਾਂ ਕਹਿੰਦੀ ਹੁੰਦੀ ਸੀ, 'ਹੱਲਿਆਂ ਵਾਲੇ ਸਾਲ' ਤੋਂ ਡੂਢ ਸਾਲ ਪਿੱਛੋਂ ਜੰਮਿਆਂ ਸੀ। ਗ਼ੌਰ ਕਰਨ ਵਾਲੀ ਗੱਲ ਹੈ ਕਿ 'ਆਜ਼ਾਦੀ' ਵਾਲੇ ਸਾਲ ਨੂੰ ਕੋਈ 'ਹੱਲਿਆਂ ਵਾਲਾ ਸਾਲ', ਕੋਈ 'ਰੌਲ਼ਿਆਂ ਵਾਲਾ ਸਾਲ' ਤੇ ਕੋਈ 'ਉਜਾੜੇ ਵਾਲਾਸ-ਾਲ' ਕਹਿੰਦਾ ਹੈ। ਉਦੋਂ ਦਸ ਲੱਖ ਪੰਜਾਬੀ 'ਆਜ਼ਾਦੀ' ਦੀ ਭੇਟ ਚੜ੍ਹੇ ਸਨ। 1947 ਦਾ ਸਾਲ ਪੰਜਾਬੀਆਂ ਤੇ ਬੰਗਾਲੀਆਂ ਲਈ 'ਆਜ਼ਾਦੀ' ਦਾ ਘੱਟ ਪਰ 'ਬਰਬਾਦੀ' ਦਾਵੱਧ ਸਾਲਸਾਬਤ ਹੋਇਆ। ਇਕੋ ਬੋਲੀ ਤੇ ਇਕੋ ਸਭਿਆਚਾਰ ਸੰਗ ਜਿਉਂਦੇ ਕਰੋੜਾਂ ਲੋਕਾਂ ਨੂੰ ਉਹਨਾਂ ਦੀ ਮਰਜ਼ੀ ਦੇ ਉਲਟ ਧਿੰਗੋਜ਼ੋਰੀ ਨਿਖੇੜ ਦਿੱਤਾ ਗਿਆ। ਹਾਕਮਾਂ ਨੇ ਰਾਜ ਗੱਦੀਆਂ ਲਈ ਲੋਕ ਧਰਮਾਂ ਦੇ ਨਾਂ 'ਤੇ ਨਾ ਸਿਰਫ਼ ਆਪਸ ਵਿਚ ਵੰਡੇ ਬਲਕਿ ਇਕ ਦੂਜੇ ਦੇ ਦੁਸ਼ਮਣ ਬਣਾ ਦਿੱਤੇ। ਨਵੇਂ ਹਾਕਮਾਂ ਨੇ ਵੀ ਇਸ ਪਾੜੇ ਨੂੰ ਮੇਟਣ ਦੀ ਥਾਂ ਹੋਰ ਡੂੰਘਾ ਹੀ ਕੀਤਾ। ਪਾੜਾ ਮੇਟਣ ਲਈਮੱਖਣ ਬਰਾੜ ਵਰਗੇ ਗੀਤਕਾਰ ਨੂੰ ਆਪਣੇ ਗੀਤ ਵਿਚ ਪੁਕਾਰ ਕਰਨੀ ਪਈ: ਸੁਖੀ ਵਸੇ ਕਸ਼ਮੀਰ, ਮੁੱਕੇ ਰੇੜਕਾ ਪਸ਼ੌਰ ਦਾ, ਕਰੀਂ ਕਿਤੇ ਮੇਲ ਰੱਬਾ! ਦਿੱਲੀ ਤੇ ਲਾਹੌਰ ਦਾ...।

ਇਹ ਗੀਤਰਿਕਾਰਡ ਕਰਾਉਣ ਵਾਲਾ ਗਿੱਲ ਹਰਦੀਪ, ਢੁੱਡੀਕੇ ਕਾਲਜ ਵਿਚ ਪੜ੍ਹਨ ਵੇਲੇ ਮੇਰੇ ਰਜਿਸਟਰ 'ਚ ਹਰਦੀਪ ਸਿੰਘਲਿਖਿਆ ਹੁੰਦਾ ਸੀ। ਉਹ ਕੋਕਰੀ ਤੋਂ ਪੜ੍ਹਨ ਆਉਂਦਾ ਸੀ। ਆਪਣੇ ਸਫ਼ਰਨਾਮੇ 'ਫੇਰੀ ਵਤਨਾਂ ਦੀ' ਦਾਇਕ ਕਾਂਡ ਮੈਂ ਉਹਦੇ ਗਾਣੇ ਨਾਲ ਸ਼ੁਰੂ ਕੀਤਾ ਸੀ:

*ਧੁੰਦ ਪੈਂਦੀ ਲੋਹੜੇ ਦੀ ਮੇਰਾ ਅੰਗ ਅੰਗ ਜਾਂਦਾ ਠਰਦਾ*
*ਸੀਟੀ ਮਾਰ ਅਰਜਨਾ ਵੇ ਭੁੱਲਗੀ ਮੌੜ ਗੁਲਾਬੋ ਘਰਦਾ...*


ਗੱਡੀ ਵਿਚ ਉਹਦਾ ਗਾਣਾ ਗੂੰਜ ਰਿਹਾ ਸੀ। ਬਾਹਰ ਧੁੰਦ ਸੀ ਤੇ ਅੰਦਰ ਠਾਰੀ। ਪੋਹ ਦੀ ਠੰਢ 'ਚ ਅੰਗ ਸੱਚੀਮੁੱਚੀਂ ਠਰੀ ਜਾਂਦੇ ਸਨ। ਹਰਦੀਪ ਦੀ ਆਵਾਜ਼ ਵਿਚ ਲੋਹੜੇ ਦਾ ਸੋਜ਼ ਸੀ। ਸਮੇਂ ਤੇ ਸਥਾਨ ਦਾ ਅਜੀਬਮੇਲ ਸੀ। ਸਾਡੀ ਗੱਡੀ ਢੁੱਡੀਕੇ ਤੋਂ ਮੱਦੋਕੇ ਜਾਰਹੀ ਸੀ। ਢੁੱਡੀਕੇ ਦਾ ਕਾਲਜ, ਜਿਥੇ ਮੈਂ ਤੀਹ ਸਾਲ ਪੜ੍ਹਾਇਆ, ਧੁੰਦ ਦੀ ਬੁੱਕਲ ਵਿਚ ਸੁੱਤਾ ਪਿਆ ਸੀ। ਉਹਦੇ ਗੇਟ ਅੱਗੇ ਅਸੀਂ ਕੁਝ ਪਲ ਰੁਕੇ। ਮੈਂ ਸਿਰ ਨਿਵਾ ਕੇ ਸਿਜਦਾ ਕੀਤਾ ਜਿਥੇ 1967 ਤੋਂ 96 ਤਕ ਪੜ੍ਹਾਉਂਦਾ ਰਿਹਾ ਸਾਂ। ਗੀਤ ਲਗਾਤਾਰ ਗੂੰਜੀ ਜਾਂਦਾ ਸੀ, ਸੀਟੀ ਮਾਰ ਅਰਜਨਾ ਵੇ...।

ਮੈਨੂੰ ਹਰਦੀਪ ਨਾਲ ਅਰਜਨ ਵੀ ਯਾਦ ਆ ਗਿਆ। ਕੌਂਕਿਆਂ ਦਾ ਅਰਜਨ ਕਬੱਡੀ ਦਾ ਤਕੜਾ ਧਾਵੀ ਸੀਜਿਸ ਨੇ ਆਪਣੀ ਖੇਡ ਦੀਆਂ ਧੁੰਮਾਂ ਵਲਾਇਤਾਂ ਤਕ ਜਾ ਪਾਈਆਂ ਸਨ। ਹਰਦੀਪ ਗਾਉਣ ਲੱਗਾ ਰੋਡਵੇਜ਼ ਦੀ ਲਾਰੀ ਦੀਆਂ ਨਕਲਾਂ ਲਾਇਆ ਕਰਦਾ ਸੀ ਜਿਹੜੀ ਮਸਾਂ ਸਟਾਰਟ ਹੁੰਦੀ ਸੀ। ਉਹ ਮੂੰਹ ਨਾਲ ਹੀ ਕੰਡਕਟਰ ਦੀ ਸੀਟੀ ਵਜਾਉਂਦਾ ਤੇ ਰੇਸ ਘਟਾਉਂਦਾ ਵਧਾਉਂਦਾ। ਉਦੋ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਉਹ ਕਹਿੰਦਾ ਕਹਾਉਂਦਾ ਗਾਇਕ ਬਣੇਗਾ। ਆਹ ਜਿਹੜਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਹੈ ਇਹਦੇ ਪਿੱਛੇ 'ਕਰੀਂ ਕਿਤੇ ਮੇਲ ਰੱਬਾ' ਵਰਗੇ ਗੀਤਾਂ ਦਾ ਵੀ ਯੋਗਦਾਨ ਹੈ।

ਗਿੱਲ ਹਰਦੀਪ ਜਦੋਂ 'ਮਨ ਵਿਚ ਵਸਣੈਂ, ਵਸਣੈਂ ਵੇ ਰਹਿੰਨੈਂ ਅੱਖੀਆਂ ਤੋਂ ਦੂਰ, ਤੂੰ ਕੀ ਜਾਣੇ, ਸੱਜਣਾ ਮੈਂ ਐਥੇ ਕਿੰਨੀ ਮਜਬੂਰ... ' ਗਾ ਰਿਹਾ ਹੁੰਦੈ ਤਾਂ ਜਾਪਦੈ ਜਿਵੇਂ ਦਿਲਸ਼ਾਦ ਅਖ਼ਤਰ ਮੁੜ ਜਿਉਂ ਪਿਆ ਹੋਵੇ। ਉਹਦਾਮੁਹਾਂਦਰਾ ਦਿਲਸ਼ਾਦ ਅਖ਼ਤਰ ਨਾਲ ਮਿਲਦਾ ਜੁਲਦਾ ਹੈ ਅਤੇ ਆਵਾਜ਼ ਵੀ। ਉਂਜ ਵੀ ਉਹਦੇ ਗਾਇਕੀ ਦੇ ਮਾਡਲ ਆਲਮ ਲੁਹਾਰ, ਸ਼ੌਕਤ ਅਲੀ ਤੇ ਦਿਲਸ਼ਾਦ ਅਖ਼ਤਰ ਹੀ ਹਨ। ਪਿਛਲੇ ਕਈ ਸਾਲਾਂ ਤੋਂ ਗਿੱਲ ਹਰਦੀਪ ਤੇ ਮੱਖਣ ਬਰਾੜ 'ਕੱਠੇ ਪ੍ਰੋਗਰਾਮ ਪੇਸ਼ ਕਰਦੇ ਆ ਰਹੇ ਹਨ। ਮੱਖਣ ਬਰਾੜ ਦੇ ਗੀਤ ਬੇਸ਼ਕ ਗੁਰਦਾਸ ਮਾਨ, ਹੰਸ ਰਾਜ ਹੰਸ, ਮਲਕੀਤ ਸਿੰਘ, ਸਰਬਜੀਤ ਚੀਮਾ, ਮੰਡੇਰ ਬ੍ਰਦਰਜ਼, ਅੰਗਰੇਜ਼ ਅਲੀ, ਸਤਵਿੰਦਰ ਬੁੱਗਾ, ਰਾਜ ਬਰਾੜ, ਬਲਬੀਰ ਚੋਟੀਆਂ, ਬੱਬੂ ਗੁਰਪਾਲ, ਲਾਭ ਹੀਰਾ, ਜਗਤਾਰ ਬਰਾੜ ਤੇ ਗੁਰਤੇਜ ਵਰਗਿਆਂ ਨੇ ਵੀ ਗਾਏ ਹਨ ਪਰ ਸਭ ਤੋਂ ਵੱਧ ਗਿੱਲ ਹਰਦੀਪ ਨੇ ਹੀ ਗਾਏ ਹਨ: ਕਰੀਂ ਕਿਤੇ ਮੇਲ ਰੱਬਾ, ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਐ, ਹਾੜ੍ਹੇ ਲਾਂਘਾ ਖੋਲ੍ਹ ਦਿਓ ਬਾਬੇ ਦੇ ਖੇਤਾਂ ਨੂੰ ਆਦਿ।

ਮੱਖਣ ਬਰਾੜ ਦੱਸਦਾ ਹੈ: ਇਕ ਵਾਰ ਗਿੱਲ ਹਰਦੀਪ ਕੈਨੇਡਾ ਵਿਚ ਮੇਰਾ ਗੀਤ 'ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' ਗਾ ਰਿਹਾ ਸੀ। ਉਥੇ ਇਕ ਪਾਕਿਸਤਾਨੀ ਭਰਾ ਕਹਿਣ ਲੱਗਾ, ਮੈਂ ਗੀਤ ਲਿਖਣ ਵਾਲੇ ਨੂੰ ਵੀ ਇਨਾਮ ਦੇਣਾ। ਉਸ ਨੇ ਮੇਰੀ ਨਾਂਹ-ਨੁੱਕਰ ਦੇ ਬਾਵਜੂਦ ਮੈਨੂੰ ਇਕ ਹਜ਼ਾਰ ਡਾਲਰ ਦਾ ਇਨਾਮ ਦਿੱਤਾ। ਇਕ ਵਾਰ ਮੈਂ ਮੁੰਬਈ ਗਿਆ। ਉਥੇ ਇਕ ਫੰਕਸ਼ਨ ਵਿਚ ਧਰਮਿੰਦਰ, ਸੁਨੀਲ, ਕਪੂਰ ਫੈਮਲੀ, ਕਾਦਰ ਖਾਨ, ਬਲਦੇਵ ਖੋਸਾ ਤੇ ਹੋਰ ਪੰਜਾਬੀ ਕਲਾਕਾਰ ਆਏ ਸਨ। 'ਆਪਣਾ ਪੰਜਾਬ ਹੋਵੇ' ਗੀਤ ਚੱਲਿਆ ਤਾਂ ਉਹਨਾਂ ਨੇ ਨੋਟਾਂ ਨਾਲ ਮੇਰੇ ਬੋਝੇ ਭਰ ਦਿੱਤੇ ਬਈ ਗੀਤ ਨਾਲ ਮੁੜ ਕੇ ਪੰਜਾਬ ਵੇਖ ਲਿਆ। ਕਾਦਰ ਖਾਨ ਨੇ 'ਕਰੀਂ ਕਿਤੇ ਮੇਲ ਰੱਬਾ' ਸੁਣਿਆਂ ਤਾਂ ਨੋਟਾਂ ਦਾ ਰੁੱਗ ਮੇਰੇ ਬੋਝੇ ਵਿਚ ਤੁੰਨ ਦਿੱਤਾ। ਜੇ ਮੈਂ ਗੀਤਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਮਾਣ ਦਿੱਤਾ ਤਾਂ ਪੰਜਾਬੀਆਂ ਨੇ ਵੀ ਮੈਨੂੰ ਮਾਨਾਂ ਸਨਮਾਨਾਂ ਨਾਲ ਲੱਦ ਦਿੱਤਾ।

ਮੱਖਣ ਬਰਾੜ ਦਾ ਪਿੰਡ ਮੱਲਕੇ ਭਾਵੇਂ ਕਿਸੇ ਵੱਡੇ ਸ਼ਹਿਰ ਜਾਂ ਸੜਕ ਨਾਲ ਨਹੀਂ ਲੱਗਦਾ ਪਰ ਉਸ ਦੀ ਮਸ਼ਹੂਰੀ ਬਹੁਤ ਹੈ। ਪਹਿਲਾਂ ਇਹ ਗੁੰਮਨਾਮ ਪਿੰਡ



-ਪ੍ਰਿੰ. ਸਰਵਣ ਸਿੰਘ-

ਸੀ, ਹੁਣ ਗਾਉਣ ਵਾਲਿਆਂ ਦਾ ਪਿੰਡ ਵੱਜਦਾ ਹੈ। ਰਾਜ ਬਰਾੜ, ਰਾਜਿੰਦਰ ਬਰਾੜ ਤੇ ਹੋਰ ਕਈ ਬਰਾੜ ਇਥੋਂ ਦੇ ਗਾਇਕ ਤੇ ਗੀਤਕਾਰ ਹਨ। ਕਬੱਡੀ ਦਾ ਪ੍ਰਸਿੱਧ ਖਿਡਾਰੀ ਦਿਲਬਾਗ ਬਾਘਾ ਵੀ ਮੱਲਕਿਆਂ ਦਾ ਹੈ। ਇਸ ਪਿੰਡ 'ਚਪੰਜਾਬ ਦਾ ਮਰਹੂਮ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਵਿਆਹਿਆ ਸੀ। ਕਈਆਂ ਨੂੰ ਹੈਰਾਨੀ ਹੋਵੇਗੀ ਕਿ ਸੌ ਸਾਲ ਪਹਿਲਾਂ ਮਾਝੇ ਦਾਮੁੰਡਾ ਮਾਲਵੇ ਦੀਕੁੜੀ ਨਾਲ ਕਿਵੇਂ ਵਿਆਹਿਆ ਗਿਆ?

ਪਰਤਾਪ ਸਿੰਘ ਕੈਰੋਂ ਦੀ ਪਤਨੀ ਸਰਦਾਰਨੀਰਾਮ ਕੌਰ ਮੱਲਕੇ ਦੇ ਸਾਧਾਰਨ ਕਿਸਾਨ ਸੰਮਾ ਸਿੰਘ ਬਰਾੜ ਦੀ ਧੀ ਸੀ ਜੋ ਪਿੰਡ ਕੈਰੋਂ ਵਿਖੇ ਕੁੜੀਆਂ ਦੀ ਪਾਠਸ਼ਾਲਾ ਵਿਚ ਪੜ੍ਹੀ ਸੀ। ਉਸ ਨੇ ਮੁੱਢਲੀ ਸਿੱਖਿਆ ਮੱਲਕੇ ਦੇ ਸਫੈਦਪੋਸ਼ ਬਾਬਾ ਸ਼ਾਮ ਸਿੰਘ ਤੋਂ ਲਈ ਸੀ ਜਿਸ ਨੇ ਸੰਮਾ ਸਿੰਘ ਨੂੰ ਕਿਹਾਕਿ ਬੀਬੀ ਪੜ੍ਹਨ ਵਾਲੀ ਹੈ,ਇਸ ਨੂੰ ਦਸਵੀਂ ਤਕ ਜ਼ਰੂਰ ਪੜ੍ਹਾਓ। ਤਿੰਨ ਕੁੜੀਆਂ ਦੇ ਮਾਪੇ ਮਸਾਂ ਮੰਨੇ। ਉਨ੍ਹੀਂ ਦਿਨੀਂ ਪਿੰਡਾਂ ਦੇ ਅਣਪੜ੍ਹ ਮਾਪੇ ਆਪਣੀਆਂ ਕੁੜੀਆਂ ਨੂੰ ਇਸ ਕਰਕੇ ਵੀ ਨਹੀਂ ਸਨ ਪੜ੍ਹਾਉਂਦੇ ਕਿ ਪੜ੍ਹ ਲਿਖ ਕੇ ਮੁੰਡਿਆਂ ਨੂੰ ਚਿੱਠੀਆਂ ਨਾ ਲਿਖਣ ਲੱਗ ਪੈਣ! ਪਰ ਬੀਬੀ ਰਾਮ ਕੌਰ ਨੂੰ ਦੋ ਹੋਰ ਕੁੜੀਆਂ ਨਾਲ ਕੈਰੋਂ ਦੀ ਪਾਠਸ਼ਾਲਾ ਵਿਚ ਪੜ੍ਹਨੇ ਪਾ ਦਿੱਤਾਗਿਆ ਜਿਸ ਨਾਲ ਉਹਦਾ ਰਿਸ਼ਤਾ ਮਾਝੇ ਦੇ ਪੜ੍ਹੇ ਲਿਖੇ ਪਰਿਵਾਰ ਵਿਚ ਹੋ ਗਿਆ। ਪਰਤਾਪ ਸਿੰਘ ਦਾ ਪਿਤਾ ਨਿਹਾਲ ਸਿੰਘ ਉੱਘਾ ਸਮਾਜ ਸੇਵੀ ਸੀ ਜਿਸ ਨੇ ਆਪਣੇ ਪਿੰਡ ਕੈਰੋਂ ਵਿਚ ਕੁੜੀਆਂ ਦੀ ਪੜ੍ਹਾਈ ਲਈ ਪਾਠਸ਼ਾਲਾ ਖੋਲ੍ਹ ਰੱਖੀ ਸੀ। ਉਥੇ ਦੂਰ ਦੂਰ ਤੋਂ ਕੁੜੀਆਂ ਪੜ੍ਹਨ ਆਉਂਦੀਆਂ ਜੋ ਹੋਸਟਲ ਵਿਚ ਰਹਿੰਦੀਆਂ।

ਸਰਦਾਰਨੀ ਰਾਮ ਕੌਰ ਦੀ ਕੁੱਖੋਂ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ। ਬਾਅਦ ਵਿਚ ਪਰਤਾਪ ਸਿੰਘ ਕੈਰੋਂ ਦੀ ਭਤੀਜੀ ਗੁਰਵਿੰਦਰ ਕੌਰ ਪਿੰਡ ਸਰਾਏ ਨਾਗਾ ਦੇ ਕਾਕੇ ਹਰਚਰਨ ਸਿੰਘ ਬਰਾੜ ਨਾਲ ਵਿਆਹੀ ਗਈ ਅਤੇ ਪੋਤਾ ਆਦੇਸ਼ ਪਰਤਾਪ ਸਿੰਘ, ਪ੍ਰਕਾਸ਼ ਸਿੰਘ ਬਾਦਲ ਦੀ ਬੀਬੀ ਪਰਨੀਤ ਕੌਰ ਨਾਲ ਵਿਆ-ਹਿਆ ਗਿਆ। ਮੱਲਕੇ ਤੇ ਸਰਾਏ ਨਾਗਾ ਵਾਲੇ ਬਰਾੜ ਹਨ ਜਦ ਕਿ ਕੈਰੋਂ ਤੇ ਬਾਦਲ ਹੋਰੀਂ ਢਿੱਲੋਂ ਹਨ।

ਮੱਲਕੇ ਦੇ ਬਜ਼ੁਰਗ ਨਿੱਕੇ-ਨਿੱਕੇ ਨਿੱਜੀ ਕੰਮਾਂ ਲਈ ਕੈਰੋਂ ਕੋਲ ਜਾਂਦੇ ਰਹਿੰਦੇ ਸਨ। ਇਕ ਦਿਨ ਕੈਰੋਂ ਨੇ ਕਿਹਾ, "ਮੈਂ ਤੁਹਾਡਾ ਜੁਆਈ ਭਾਈ ਆਂ। ਮੈਥੋਂ ਨਿੱਕੀਆਂ ਸਿਫਾਰਸ਼ਾਂ ਦੀ ਥਾਂ ਕੋਈ ਚੱਜ ਦਾ ਵੱਡਾ ਕੰਮ ਕਰਾਓ ਜੀਹਦਾ ਇਲਾਕੇ ਨੂੰ ਫਾਇਦਾ ਹੋਵੇ। ਫਿਰ ਆਪ ਹੀ ਉਸ ਨੇ ਸਹੁਰੇ ਪਿੰਡਾਂ ਨੂੰ ਪੌਲੀਟੈਕਨਿਕ ਕਾਲਜ ਦੇ ਦਿੱਤਾ ਜੋ ਇਲਾਕੇ ਨੂੰ ਬੜਾ ਰਾਸ ਆਇਆ। ਪਰ ਮੱਖਣ ਬਰਾੜ ਉਹਦੇ ਵਿਚ ਨਹੀਂ ਪੜ੍ਹਿਆ। ਉਸ ਨੇ ਦਸਵੀਂ ਪਾਸ ਕਰ ਕੇ ਮਾਰਕਫੈੱਡ ਵਿਚ ਨੌਕਰੀ ਕਰ ਲਈ। ਫਿਰ ਚੌਦਾਂ ਸਾਲ ਦੀ ਨੌਕਰੀ ਵਿਚਾਲੇ ਛੱਡ ਕੇ 1981 ਵਿਚ ਕੈਨੇਡਾ ਦੀ ਉਡਾਰੀ ਮਾਰ ਲਈ। ਪਹਿਲਾਂ ਵੀਡੀਓ ਸਟੋਰ ਖੋਲ੍ਹਿਆ ਤੇ ਪਿਛੋਂ ਟੈਂਟ ਹਾਊਸ। ਦੋਵੇਂ ਪੁੱਤਰ ਕੰਮ ਧੰਦਿਆਂ 'ਤੇ ਲੱਗੇ ਤਾਂ ਬਰੈਂਪਟਨ ਛੱਡ ਕੇ ਨਿਆਗਰਾ ਚਲਾ ਗਿਆ ਜਿਥੇ ਹੁਣ ਨਿਆਗਰਾ ਫਾਲਜ਼ ਦੇ ਨਜ਼ਾਰੇ ਲੈ ਰਿਹੈ।

ਗੁਰਦਾਸ ਮਾਨ ਨੇ ਲਿਖਿਆ: ਪੰਜਾਬੀ ਸਭਿਆਚਾਰ ਨੂੰ ਆਪਣੀ ਕਲਮ ਰਾਹੀਂ ਲਿਖ ਕੇ ਤੇ ਸਟੇਜਾਂ ਉਪਰ ਬੋਲ ਕੇ ਬਿਆਨ ਕਰਨ ਵਾਲੇ ਦਾ ਨਾਂ ਹੈ ਮੱਖਣ ਬਰਾੜ। ਪੰਜਾਬੀਆਂ ਦਾ ਉਹ ਹਰਮਨ ਪਿਆਰਾ ਸ਼ਾਇਰ ਹੈ। ਮਾਲਵੇ ਦੀ ਸਿੱਧੀ ਪੱਧਰੀ ਬੋਲੀ ਨੂੰ ਬੜੇ ਵਧੀਆ ਅਲੰਕਾਰਾਂ ਵਿਚ ਜੜ ਕੇ ਲਿਖਣਾ ਉਸ ਨੂੰ ਆਉਂਦਾ ਹੈ। ਮੱਖਣ ਬਰਾੜ ਦਾ ਲਿਖਿਆ 'ਆਪਣਾ ਪੰਜਾਬ ਹੋਵੇ' ਲੋਕ ਗੀਤ ਬਣ ਗਿਆ, ਜਿਸ ਨੂੰ ਸੁਣਨ ਦੀ ਫਰਮਾਇਸ਼ ਮੈਨੂੰ ਹਰ ਪ੍ਰੋਗਰਾਮ 'ਤੇ, ਕੈਨੇਡਾ ਹੋਵੇ ਜਾਂ ਪੰਜਾਬ, ਅਮਰੀਕਾ ਹੋਵੇ ਜਾਂ ਇੰਗਲੈਂਡ ਹਰ ਜਗ੍ਹਾ ਆਉਂਦੀ ਰਹਿੰਦੀ ਹੈ। ਮੱਖਣ ਬਰਾੜ ਨਾਲ ਮਿਲਣ ਬੈਠਣ ਦਾ ਮੌਕਾ ਇਥੇ ਪੰਜਾਬ ਵਿਚ ਵੀ ਤੇ ਕੈਨੇਡਾ ਵਿਚ ਵੀ ਮਿਲਦਾ ਰਹਿੰਦਾ ਹੈ। ਇਕ ਸ਼ਾਇਰ ਹੋਣ ਦੇ ਨਾਲ ਉਹ ਹਸਮੁੱਖ ਤੇ ਹਾਜ਼ਰ ਜੁਆਬ ਇਨਸਾਨ ਹਨ। ਆਸ ਕਰਦਾ ਹਾਂ ਕਿ ਮੱਖਣ ਬਰਾੜ ਪੰਜਾਬੀ ਮਾਂ ਬੋਲੀ ਦਾ ਸਿਰ ਨੀਵਾਂ ਨਹੀਂ ਹੋਣ ਦੇਵੇਗਾ। ਆਮੀਨ!

ਹੰਸ ਰਾਜ ਹੰਸ ਨੇ ਲਿਖਿਆ: ਮੈਨੂੰ ਵੀ ਮੱਖਣ ਬਰਾੜ ਦਾ ਲਿਖਿਆ ਗੀਤ ਗਾਉਣ ਦਾ ਮੌਕਾ ਮਿਲਿਆ ਜੋ ਮੇਰੇ ਗਾਏ ਗੀਤਾਂ ਦੀ ਮੂਹਰਲੀ ਕਤਾਰ ਵਿਚ ਆਉਂਦਾ ਹੈ: 'ਇਕ ਵਾਰੀ ਦੇਖਣਾ ਚਾਹੁੰਦਾ ਹਾਂ ਤੇਰਾ ਕਿਹੋ ਜਿਹਾ ਪੰਜਾਬ ਬਿੱਲੋ'। ਉਹਦੇ ਗੀਤਾਂ ਵਿਚ ਪਿੰਡਾਂ ਦੀ ਮਿੱਟੀ ਦੀ ਮਹਿਕ ਅਤੇ ਅੰਤਾਂ ਦਾ ਮੋਹ ਛੁਪਿਆ ਹੁੰਦਾ ਹੈ ਜੋ ਸੁਣਨ ਵਾਲਿਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਉਸ ਦੇ ਲਿਖੇ ਬੋਲ ਕਦੇ ਪੁਰਾਣੇ ਨਹੀਂ ਹੁੰਦੇ। ਰੱਬ ਕਰੇ ਸਾਡਾ ਵੀਰ ਮੱਖਣ ਬਰਾੜ ਹੋਰ ਬੁਲੰਦੀਆਂ ਛੂਹੇ। ਖੇਡਾਂ ਬਾਰੇ ਲਿਖੇ ਉਹਦੇ ਗੀਤਾਂ ਦੀਆਂ ਕੁਝ ਹੋਰ ਵੰਨਗੀਆਂ:

*ਕੌਡੀ ਖੇਡੀ ਤੇ ਖੇਡਦੇ ਬੜੇ ਦੇਖੇ, ਖੇਡ ਦੇਖੀ ਨੀ ਕਦੇ ਹਰਜੀਤ ਵਰਗੀ*
*ਮੱਖਣ ਬਰਾੜਾ ਉਹ ਮਰੇ ਨੀ ਅਮਰ ਹੋਗੇ ਮੌਤ ਮਾਰਦੀ ਉਨ੍ਹਾਂ ਨੂੰ ਆਪ ਮਰਗੀ...*
*ਗ਼ਲਤੀ ਕਰਦਾ ਨਹੀਂ ਰੈਫਰੀ ਜਾਣ ਬੁੱਝ ਕੇ, ਜੇਕਰ ਹੋਜੇ ਤਾਂ ਓਸ ਨੂੰ ਪੂਰ ਦਿੰਦਾ*
*ਥੱਪੜ ਮਾਰਦਾ ਧੌਲ ਦੀ ਥਾਂ ਜਿਹੜਾ, ਸਿਆਣਾ ਰੈਫਰੀ ਓਸ ਨੂੰ ਘੂਰ ਦਿੰਦਾ*
*ਜਿਹੜੇ ਜਾਫੀ ਨੇ ਮਾਂ ਦਾ ਦੁੱਧ ਪੀਤਾ, ਕੈਂਚੀ ਮਾਰ ਕੇ ਰੇਡਰ ਨੂੰ ਨੂੜ ਦਿੰਦਾ...*
*ਚੋਟੀ ਦਾ ਤੂੰ ਜਾਫੀ ਮਿੱਤਰਾ, ਪਰ ਅਸੀਂ ਲੱਤ ਨੀ ਕਿਸੇ ਨੂੰ ਫੜਨ ਦੇਣੀ*
*ਛਾਤੀ ਜੱਟ ਦੀ ਵਿਚ ਤੂੰ ਵੱਜ ਸਿੱਧਾ, ਧੌਲ ਕੰਨ ਦੇ ਉਤੇ ਨੀ ਜੜਨ ਦੇਣੀ...*
*ਚੱਲਿਆ ਰੇਡਰ ਰੇਡ ਪਾਉਣ ਲਈ, ਮਾਰ ਦਿੱਤੀ ਹੈ ਥਾਪੀ*
*ਧੌਲਾਂ ਧੱਫੇ ਝੱਲਣੇ ਪੈਣੇ, ਹੁਣ ਨੀ ਮਿਲਣੀ ਮਾਫੀ...*
*ਮੈਨੂੰ ਖ਼ੁਸ਼ੀ ਹੈ ਮੇਰੇ ਹੀ ਸ਼ਿਅਰ ਪੜ੍ਹ ਕੇ, ਤੋਰੀ ਫੁਲਕਾ ਕਈ ਆਪਣਾ ਤੋਰ ਲੈਂਦੇ*
*ਕੁਮੈਂਟਰੀ ਕਰਦੇ ਕਬੱਡੀ ਦੀ ਕਈ ਬੇਲੀ, ਲਾਈਨਾਂ ਮੇਰੀਆਂ ਤੋੜ-ਮਰੋੜ ਲੈਂਦੇ...*
*ਰੌਲਾ ਪਾ ਕੇ ਖੇਡ ਨਹੀਂ ਜਿੱਤ ਹੁੰਦੀ, ਮੱਖਣ ਬਰਾੜ ਸੱਚੀ ਗੱਲ ਕਹਿ ਗਿਆ ਹੈ...*
*ਨਸ਼ਾ ਕਰ ਕੇ ਜੋ ਖੇਡਦੇ ਖੇਡ ਕੌਡੀ, ਉਨ੍ਹਾਂ ਵੀਰਾਂ ਨੂੰ ਮੇਰੀ ਹੈ ਅਰਜ਼ ਲੋਕੋ*
*ਥੋੜ੍ਹਾ ਟੈਮ ਈ ਨਸ਼ਾ ਹੈ ਕੰਮ ਕਰਦਾ, ਬਣੇ ਜ਼ਿੰਦਗੀ ਭਰ ਲਈ ਮਰਜ਼ ਲੋਕੋ*
*ਨਸ਼ੇ ਵਾਲੇ ਨੂੰ ਲੋਕ ਦੁਰਕਾਰਦੇ ਨੇ, ਨਾਲੇ ਸਿਹਤ ਦਾ ਹੁੰਦਾ ਹੈ ਹਰਜ ਲੋਕੋ*
*ਗੁੱਸਾ ਕਰੋ ਨਾ ਸੁਧਰਜੋ ਵੀਰ ਮੇਰੇ, ਮੱਖਣ ਬਰਾੜ ਦਾ ਕਹਿਣਾ ਫਰਜ਼ ਲੋਕੋ...*
*ਵਾਰੇ ਜਾਵਾਂ ਮੈਂ ਉਨ੍ਹਾਂ ਪ੍ਰਮੋਟਰਾਂ ਦੇ, ਖੇਡ ਕਬੱਡੀ ਨੂੰ ਜਿਹੜੇ ਪਿਆਰ ਕਰਦੇ*
*ਜਿਉਂਦੀ ਰੱਖਣ ਨੂੰ ਤੈਨੂੰ ਕਬੱਡੀਏ ਨੀ, ਖਰਚਾ ਤੇਰੇ 'ਤੇ ਲੱਖ ਹਜ਼ਾਰ ਕਰਦੇ*
*ਸਰਵਣ ਸਿੰਘ ਤੇ ਮੱਖਣ ਸਿੰਘ ਜੇਹੇ, ਨਾਲੇ ਸੱਦੇ ਐ ਮੱਖਣ ਬਰਾੜ ਵਰਗੇ...*

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਗਰਬੱਤੀਆਂ ਵੇਚਣ ਵਾਲਾ -ਅਰਤਿੰਦਰ ਸੰਧੂ

ਮੈਂ ਜਿਹੜੇ ਸਰਕਾਰੀ ਸਕੂਲ ਵਿੱਚ ਮੁੱਖ ਅਧਿਆਪਕ ਸੀ, ਉਸ ਦੇ ਆਸੇ-ਪਾਸੇ ਚਾਰ ਪ੍ਰਾਈਵੇਟ ਸਕੂਲ ਸਨ। ਦੋ ਇਸ ਤਰ੍ਹਾਂ ਦੇ ਸਨ ਕਿ ਦੋ ਤਿੰਨ ਕਮਰਿਆਂ ਦੇ ਸਕੂਲ ਤੇ ਬੱਚੇ ਦੀ ਮਹੀਨੇ ਦੀ ਫੀਸ ਸਿਰਫ ਦਸ ਰੁਪਏ। ਜਿਹੜਾ ਪਰਵਾਰ ਦਸ ਰੁਪਏ ਵੀ ਦੇ ਸਕਦਾ ਹੁੰਦਾ, ਆਪਣੇ ਬੱਚੇ ਜਾਂ ਬੱਚੀ ਨੂੰ ਉਸ ਤਰ੍ਹਾਂ ਦੇ ਅੰਗਰੇਜ਼ੀ ਸਕੂਲ ਵਿੱਚ ਦਾਖਲ ਕਰਵਾ ਦਿੰਦਾ, ਪਰ ਸਾਡੇ ਸਰਕਾਰੀ ਸਕੂਲ ਵਿੱਚ ਪੜ੍ਹਨ ਵਾਲੇ ਬਹੁਤ ਸਾਰੇ ਬੱਚਿਆਂ ਦੇ ਘਰ ਦੇ ਹਾਲਾਤ ਅਜਿਹੇ ਸਨ ਕਿ ਉਹ ਸਕੂਲ ਤੋਂ ਵਾਪਸ ਜਾ ਕੇ ਸ਼ਾਮ ਨੂੰ ਕਿਤੇ ਨਾ ਕਿਤੇ ਕੰਮ ਕਰਦੇ ਸਨ। ਇਸ ਹਾਲਤ ਵਿੱਚ ਘਰ ਵਿੱਚ ਸਕੂਲ ਦਾ ਮਿਲਿਆ ਕੰਮ ਕਰਨ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ।

ਚੰਗੀ ਗੱਲ ਇਹ ਸੀ ਕਿ ਕੁਦਰਤੀ ਬਹੁਤੇ ਅਧਿਆਪਕ ਏਦਾਂ ਦੇ ਸਨ ਕਿ ਉਹ ਬੱਚਿਆਂ ਦੇ ਘਰੇਲੂ ਹਾਲਾਤ ਜਾਣਦੇ ਤੇ ਮੁਸ਼ਕਲਾਂ ਸਮਝਦੇ ਸਨ, ਇਸ ਕਰ ਕੇ ਹਮਦਰਦੀ ਵਾਲਾ ਰਵੱਈਆ ਰੱਖਦੇ ਸਨ। ਹਰ ਅਧਿਆਪਕ ਨੇ ਕਿਸੇ ਨਾ ਕਿਸੇ ਕਲਾਸ ਦੇ ਇੱਕ ਦੋ ਬੱਚਿਆਂ ਦੀ ਫੀਸ ਦੀ ਜ਼ਿੰਮੇਵਾਰੀ ਲਈ ਹੁੰਦੀ ਸੀ। ਕਈ ਵਾਰ ਬੱਚਿਆਂ ਦੀਆਂ ਮਾਵਾਂ ਮੇਰੇ ਕੋਲ ਆ ਕੇ ਆਪਣੀ ਪ੍ਰੇਸ਼ਾਨੀ ਦੱਸ ਜਾਂਦੀਆਂ, ਜੋ ਬਹੁਤਾ ਕਰ ਕੇ ਸਾਡੇ ਵਿਦਿਆਰਥੀ ਮੁੰਡੇ ਜਾਂ ਕੁੜੀ ਦੇ ਪਿਤਾ ਦੇ ਨਸ਼ਈ ਹੋਣ ਬਾਰੇ ਤੇ ਘਰ ਦਾ ਫਿਕਰ ਨਾ ਕਰਨ ਬਾਰੇ ਹੁੰਦੀਆਂ ਸਨ। ਇਸ ਕਾਰਨ ਬੱਚੇ ਦੀ ਪੜ੍ਹਾਈ ਕਰ ਕੇ ਖਰਚ ਦੀ ਤੰਗੀ ਵੀ ਉਨ੍ਹਾਂ ਦਾ ਫਿਕਰ ਹੁੰਦੀ। ਸਕੂਲ ਵਿੱਚ ਲਏ ਜਾਂਦੇ ਫੰਡ ਭਾਵੇਂ ਬਹੁਤ ਥੋੜ੍ਹੇ ਹੁੰਦੇ ਸਨ, ਉਨ੍ਹਾਂ ਨੂੰ ਓਨੇ ਪੈਸੇ ਦੇਣੇ ਵੀ ਮੁਸ਼ਕਲ ਜਾਪਦੇ। ਨਾਲ ਬੱਚਿਆਂ ਨੂੰ ਸਕੂਲ ਦੀ ਵਰਦੀ ਆਦਿ ਬਣਵਾ ਕੇ ਦੇਣੀ ਔਖੀ ਲੱਗਦੀ ਸੀ। ਬਣਦੀ ਸਰਦੀ ਮਦਦ ਦੀ ਜ਼ਿੰਮੇਵਾਰੀ ਮੈਂ ਵੀ ਚੁੱਕ ਲੈਂਦੀ। ਇਉਂ ਕੰਮ ਠੀਕ ਠਾਕ ਨਿਭ ਰਿਹਾ ਸੀ।

ਇੱਕ ਵਾਰ ਸੱਤਵੀਂ ਜਮਾਤ ਵਾਲੀ ਇੰਚਾਰਜ ਨੇ ਆ ਕੇ ਦੱਸਿਆ ਕਿ ਉਸ ਦੀ ਜਮਾਤ ਵਿੱਚ ਦੋ ਸਕੇ ਭਰਾ ਪੜ੍ਹਦੇ ਹਨ, ਜਿਨ੍ਹਾਂ ਦੇ ਮਾਂ-ਬਾਪ ਮਰ ਚੁੱਕੇ ਹਨ, ਉਨ੍ਹਾਂ ਦੀ ਦਾਦੀ ਕਿਸੇ ਦੇ ਘਰ ਕੰਮ ਕਰ ਕੇ ਉਨ੍ਹਾਂ ਨੂੰ ਪਾਲ ਰਹੀ ਹੈ। ਬੱਚੇ ਵੀ ਸ਼ਾਮ ਨੂੰ ਕਿਤੇ ਕੰਮ ਕਰਦੇ ਹਨ। ਮੈਂ ਉਨ੍ਹਾਂ ਨੂੰ ਬੁਲਾ ਕੇ ਕਹਿ ਦਿੱਤਾ ਕਿ ਤੁਹਾਡੀ ਫੀਸ, ਕਾਪੀਆਂ ਆਦਿ ਦਾ ਖਰਚਾ ਮੇਰੀ ਜ਼ਿੰਮੇਵਾਰੀ ਹੋਵੇਗੀ, ਤੁਸੀਂ ਸਕੂਲ ਆਇਆ ਕਰੋ। ਕਿਤਾਬਾਂ ਉਨ੍ਹਾਂ ਨੂੰ ਪਹਿਲਾਂ ਇੰਚਾਰਜ ਨੇ ਸੱਤਵੀਂ ਤੋਂ ਪਾਸ ਹੋਏ ਲੜਕੇ ਕੋਲੋਂ ਲੈ ਦਿੱਤੀਆਂ ਸਨ। ਦੋ ਤਿੰਨ ਮਹੀਨੇ ਹੀ ਇਸ ਤਰ੍ਹਾਂ ਨਿਕਲੇ ਹੋਣਗੇ ਕਿ ਇੱਕ ਦਿਨ ਉਨ੍ਹਾਂ ਲੜਕਿਆਂ ਵਿੱਚੋਂ ਛੋਟੇ ਦੀ ਸ਼ਿਕਾਇਤ ਲੈ ਕੇ ਉਨ੍ਹਾਂ ਦੀ ਕਲਾਸ ਇੰਚਾਰਜ ਆ ਗਈ ਕਿ ਵੱਡਾ ਲੜਕਾ ਪਹਿਲਾਂ ਕਿਤੇ ਕੰਮ ਲੱਗ ਗਿਆ ਹੈ ਅਤੇ ਸਕੂਲ ਨਹੀਂ ਆ ਰਿਹਾ, ਫਿਰ ਛੋਟਾ ਵੀ ਨਹੀਂ ਆ ਰਿਹਾ। ਮੈਂ ਉਸ ਨੂੰ ਕਿਹਾ ਕਿ ਉਸ ਨੂੰ ਕਿਸੇ ਹੋਰ ਜਮਾਤੀ ਰਾਹੀਂ ਸਕੂਲ ਬੁਲਾ ਕੇ ਮੈਨੂੰ ਮਿਲਾ ਤਾਂ ਸਹੀ। ਖੈਰ! ਤੀਜੇ ਕੁ ਦਿਨ ਉਸ ਨੇ ਦੱਸਿਆ ਕਿ ਛੋਟਾ ਲੜਕਾ ਆਇਆ ਸੀ ਤੇ ਕਹਿ ਗਿਆ ਹੈ ਕਿ ਮੈਂ ਨਹੀਂ ਪੜ੍ਹਨਾ, ਅਧਿਆਪਕਾ ਦੇ ਕਹਿਣ ਉਤੇ ਵੀ ਉਹ ਮੇਰੇ ਕੋਲ ਨਹੀਂ ਆਇਆ। ਫਿਰ ਪਤਾ ਲੱਗਾ ਕਿ ਉਹ ਸ਼ਹਿਰ ਦੇ ਚੌਕਾਂ ਵਿੱਚ ਅਗਰਬੱਤੀਆਂ ਵੇਚਣ ਲੱਗ ਪਿਆ ਹੈ।

ਇੱਕ ਦਿਨ ਮੈਨੂੰ ਇੱਕ ਵਾਕਫ ਪਰਵਾਰ ਦੇ ਡਾਕਟਰ ਲੜਕੇ ਦਾ ਫੋਨ ਆਇਆ: ਆਂਟੀ, ਤੁਹਾਡੇ ਸਕੂਲ ਦਾ ਇੱਕ ਲੜਕਾ ਮਿਲਿਆ ਸੀ, ਉਹ ਆਪਣੀ ਪੜ੍ਹਾਈ ਦਾ ਖਰਚ ਚੁੱਕਣ ਦੇ ਲਈ ਅਗਰਬੱਤੀਆਂ ਵੇਚਦਾ ਹੈ। ਉਸ ਦੀ ਪੜ੍ਹਾਈ ਦਾ ਖਰਚ ਮੈਂ ਦਿਆ ਕਰਾਂਗਾ। ਅਸਲ ਵਿੱਚ ਉਹ ਲੜਕਾ ਹਰ ਇੱਕ ਨੂੰ ਇਹ ਕਹਿੰਦਾ ਸੀ ਕਿ ਮੇਰੇ ਤੋਂ ਅਗਰਬੱਤੀਆਂ ਖਰੀਦ ਲਓ, ਮੈਂ ਸਕੂਲ ਦੀ ਫੀਸ ਦੇਣੀ ਹੈ। ਲੋਕ ਸਕੂਲ ਅਤੇ ਉਥੇ ਦੇ ਪ੍ਰਿੰਸੀਪਲ ਦਾ ਨਾਂਅ ਪੁੱਛਦੇ ਤਾਂ ਉਹ ਸਕੂਲ ਦਾ ਨਾਂਅ ਦੱਸ ਦਿੰਦਾ ਤੇ ਮੇਰਾ ਨਾਂਅ ਵੀ ਲੈ ਦਿੰਦਾ। ਅਣਜਾਣ ਲੋਕ ਤਾਂ ਹੋ ਸਕਦਾ ਹੈ, ਉਸ ਨੂੰ ਕੁਝ ਪੈਸੇ ਫੀਸ ਵਾਸਤੇ ਵੀ ਦੇ ਦਿੰਦੇ ਹੋਣ, ਪਰ ਵਾਕਫ ਮੈਨੂੰ ਫੋਨ ਕਰ ਦਿੰਦੇ ਕਿ ਇਸ ਬੱਚੇ ਦੀ ਜ਼ਿੰਮੇਵਾਰੀ ਸਾਡੇ ਉਤੇ ਛੱਡ ਦਿਓ। ਵਾਰੀ ਵਾਰੀ ਕਰ ਕੇ ਤਿੰਨ ਚਾਰ ਹੋਰ ਵਾਕਫਾਂ ਦੇ ਫੋਨ ਉਸ ਲੜਕੇ ਦੀ ਮਦਦ ਵਾਸਤੇ ਆ ਗਏ। ਸੁਣ ਕੇ ਸ਼ਰਮ ਆਵੇ ਕਿ ਇਹ ਸੋਚਦੇ ਹੋਣਗੇ ਕਿ ਸਕੂਲ ਵਾਲੇ ਆਪਣੇ ਲੋੜਵੰਦ ਵਿਦਿਆਰਥੀ ਦੀ ਮਦਦ ਨਹੀਂ ਕਰ ਸਕਦੇ ਜਿਸ ਨੂੰ ਪੜ੍ਹਾਈ ਜਾਰੀ ਰੱਖਣ ਖਾਤਰ ਅਗਰਬੱਤੀਆਂ ਵੇਚਣੀਆਂ ਪੈ ਰਹੀਆਂ ਹਨ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਵਰਕਰ ਦੀ ਲੋੜ
ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।
ਸੰਪਰਕ: 416-816-1695

Visions of Punjab
Vision ZoomerTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/Host
Cell: 416 662 1313
Email: punjabirang13@hotmail.com

# ਫਿਲਸਤੀਨੀ-ਇਜ਼ਰਾਈਲੀ ਹਮਲੇ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ



ਸੁਰਜੀਤ ਸਿੰਘ ਫਲੋਰਾ

ਮਈ ਮਹੀਨੇ ਈਦ ਦਾ ਪਵਿੱਤਰ ਮਹੀਨਾ ਇਸਲਾਮ ਵਿਚ ਅਮਨ ਅਮਾਨ ,ਸ਼ਾਤੀ, ਪਿਆਰ ਮੁਹੱਬਤ ਦੇ ਪੈਗਾਮ ਦਾ ਪ੍ਰਤੀਕ ਹੁੰਦਾ ਹੈ। ਪਰ ਫਿਲਸਤੀਨੀ ਅਤੇ ਇਜ਼ਰਾਈਲੀ ਵਲੋਂ ਇਕ ਦੂਸਰੇ ਤੇ ਹਮਲੇ ਕਰਕੇ ਬੇਗੁਨਾਹਾ ਦਾ ਖ਼ੂਨ ਵਹਾਇਆ ਜਾਂ ਰਿਹਾ ਹੈ। ਜੋ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਇਜ਼ਰਾਈਲ ਅਤੇ ਫਲਸਤੀਨ ਵਿਚਾਲੇ ਚੱਲ ਰਹੇ ਹਿੰਸਕ ਹਵਾਈ ਹਮਲਿਆਂ ਵਿਚ ਸੋਮਵਾਰ ਤੋਂ ਗਾਜ਼ਾ ਵਿਚ 17 ਬੱਚਿਆਂ ਸਮੇਤ ਘੱਟੋ ਘੱਟ 83 ਫਿਲਸਤੀਨੀ ਮਾਰੇ ਗਏ ਹਨ। ਇਸ ਨਾਲ ਵਿਸ਼ਵ ਯੁੱਧ ਦੀ ਅੰਤਰਰਾਸ਼ਟਰੀ ਚਿੰਤਾ ਪੈਦਾ ਹੁੰਦੀ ਜਾ ਰਹੀ ਹੈ। ਦੋਵਾਂ ਦੇਸ਼ਾਂ ਦੀ ਸੁਲਾਸਲਾਮਤੀ ਲਈ , ਅਮਰੀਕੀ ਰਾਸਟਰਪਤੀ ਬਾਈਡਨ ਵਲੋਂ ` ਇਜ਼ਰਾਈਲੀ ਅਤੇ ਫਿਲਸਤੀਨੀ ਅਧਿਕਾਰੀਆਂ ਨਾਲ ਮੁਲਾਕਾਤ ਲਈ ਇੱਕ ਰਾਜਦੂਤ ਭੇਜਿਆ ਕੇ ਉਮੀਦ ਜ਼ਾਹਰ ਕੀਤੀ ਕਿ ਗਾਜ਼ਾ ਵਿੱਚ ਇਜ਼ਰਾਈਲ ਅਤੇ ਇਸਲਾਮੀ ਅੱਤਵਾਦੀਆਂ ਦਰਮਿਆਨ ਤਾਜ਼ਾ ਸੰਘਰਸ਼ ਜਲਦੀ ਖ਼ਤਮ ਹੋ ਜਾਵੇਗਾ। ਪਰ ਫਿਰ ਵੀ ਜੇ ਹਿੰਸਾ ਘੱਟ ਜਾਂਦੀ ਹੈ, ਇਹ /ਯਾਦ ਦਿਵਾਉਣ ਵਾਲੀ ਗੱਲ ਹੈ ਕਿ ਇਜ਼ਰਾਈਲ ਅਤੇ ਫਿਲਸਤੀਨੀਆਂ ਵਿਚਾਲੇ ਸ਼ਾਂਤੀ ਸਮਝੌਤੇ ਦੀ ਘਾਟ ਬੇਗੋਨਾਹਾਂ ਦੀਆਂ ਜਾਨਾਂ ਨਾਲ ਫਿਰ ਵੀ ਖੇਡਦੇ ਰਹਿਣਗੇ, ਅਤੇ ਖੇਤਰ ਨੂੰ ਅਸਥਿਰ ਕਰਨ ਲਈ ਜਾਰੀ ਰੱਖਣਗੇ। ਬਾਈਡਨ ਪ੍ਰਸ਼ਾਸਨ ਨੂੰ ਅਜਿਹੇ ਸਮਝੌਤੇ ਨੂੰ ਪੂਰਾ ਕਰਨ ਲਈ ਖੁਦ ਨੂੰ ਵਚਨਬੱਧ ਹੋਣਾ ਪਏਗਾ, ਜਿਸ ਨਾਲ ਇਹ ਹਰ ਸਾਲ ਜਾਂ ਆਏ ਦਿਨ ਹੋਣ ਬਾਲੇ ਦੋਨੋਂ ਦੇਸ਼ਾਂ ਵਲੋਂ ਹਮਲੇ ਸਦਾ ਲਈ ਰੋਕੇ ਜਾ ਸਕਣ। ਦੂਜੇ ਪਾਸੇ ਜੇਕਰ ਇਹਨਾਂ ਹਮਲਿਆਂ ਦਾ ਗੰਭੀਰਤਾ ਨਾਲ ਅੰਦਾਜਾ ਲਗਾਇਆ ਜਾਵੇਂ ਕਿਉਂਕਿ ਇਹ ਇਜ਼ਰਾਈਲ ਅਤੇ ਫਿਲਸਤੀਨ ਵਿਚਾਲੇ 2014 ਵਿਚ 50 ਦਿਨਾ ਯੁੱਧ ਤੋਂ ਬਾਅਦ ਦਾ ਸਭ ਤੋਂ ਮਹੱਤਵਪੂਰਨ ਟਕਰਾਅ ਹੈ, ਜੋ ਇਸਰਾਈਲ ਦੇ 1967 ਦੀ ਯੁੱਧ ਵਿਚ ਪੂਰਬੀ ਯਰੂਸ਼ਲਮ ਉੱਤੇ ਕਬਜ਼ਾ ਕਰ ਕੇ ਖ਼ਤਮ ਹੋਇਆ ਸੀ। ਇਜ਼ਰਾਈਲ ਦੀ ਸਰਕਾਰ ਹਰ ਸਾਲ ਯਰੂਸ਼ਲਮ ਦੇ ਕਬਜ਼ੇ ਦੀ ਯਾਦ ਵਿੱਚ ਇੱਕ ਸਮਾਰੋਹ ਰੱਖਦੀ ਹੈ। ਇਜ਼ਰਾਈਲੀ ਸਰਕਾਰ ਨੇ ਸਮਾਗਮ ਦੇ ਨਿਰਵਿਘਨ ਆਯੋਜਨ ਨੂੰ ਯਕੀਨੀ ਬਣਾਉਣ ਲਈ ਫਿਲਸਤੀਨੀਆਂ ਨੂੰ ਯਰੂਸ਼ਲਮ ਦੇ ਅਲ-ਅਕਸਾ ਕੰਪਲੈਕਸ ਵਿੱਚ ਦਾਖਲ ਹੋਣ 'ਤੇ ਪਾਬੰਦੀ ਲਗਾਈ ਸੀ, ਜਿਸ ਨੂੰ ਉਹ ਪਵਿੱਤਰ ਸਥਾਨ ਮੰਨਦੇ ਹਨ। ਇਸ ਵਾਬਜੂਦ ਅਲ-ਆਕਸਾ ਮਸਜਿਦ ਵਿਖੇ ਦੰਗਾਕਾਰੀਆਂ ਅਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ।

ਹਮਾਸ, ਜੋ ਗਾਜ਼ਾ ਨੂੰ ਨਿਯੰਤਰਿਤ ਕਰਦਾ ਹੈ, ਨੇ ਪਾਬੰਦੀ ਨੂੰ ਫਿਲਸਤੀਨੀ ਧਾਰਮਿਕ ਆਜ਼ਾਦੀ 'ਤੇ ਹਮਲੇ ਵਜੋਂ ਵੇਖਿਆ ਅਤੇ ਗਾਜ਼ ਪੱਟੀ ਵਿਚ ਇਸਰਾਇਲ ਨੂੰ ਆਪਣੀ ਪਦਵੀ ਤੋਂ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ, ਕਈ ਵਾਰ ਇਸਰਾਇਲ ਦੇ ਕਈ ਸ਼ਹਿਰਾਂ ਨੂੰ ਨਿਸ਼ਾਨਾ ਵੀ ਬਣਾਉਂਦੇ ਹਨ। ਇਸ ਦੇ ਤਹਿਤ, ਫਿਲਸਤੀਨੀ ਅੱਤਵਾਦੀਆਂ ਨੇ 10 ਮਈ ਤੋਂ 12 ਮਈ ਦੇ ਵਿਚਕਾਰ ਇਜ਼ਰਾਈਲ ਦੇ ਖੇਤਰ ਵਿੱਚ 1,500 ਰਾਕੇਟ ਸੁੱਟੇ, ਜਿਨ੍ਹਾਂ ਵਿੱਚੋਂ 200 ਰਾਕੇਟ ਇਜ਼ਰਾਈਲ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਡਿਗੇ, ਜਿਸ ਨਾਲ ਬੇਗੁਨਾਹਾਂ ਦੀਆਂ ਜਾਨਾਂ ਦੇ ਨਾਲ - ਨਾਲ ਜਾਨੀ ਮਾਲ ਦਾ ਵੀ ਭਾਰੀ ਨੁਕਸਾਨ ਹੋਇਆ। ਇਸ ਦੌਰਾਨ, ਦੇਸ਼ ਵਿੱਚ ਅੱਤਵਾਦੀ ਹਿੰਸਾ ਨੂੰ ਰੋਕਣ ਲਈ ਇਜ਼ਰਾਈਲੀ



ਸਰਕਾਰ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ, 12 ਮਈ ਨੂੰ ਦੇਸ਼ ਦੇ ਕਈ ਹਿੱਸਿਆਂ ਵਿੱਚ ਅਰਬਾਂ ਅਤੇ ਯਹੂਦੀਆਂ ਦਰਮਿਆਨ ਦੰਗੇ ਹੋਏ ਅਤੇ ਕਈ ਪੁਲਿਸ ਅਧਿਕਾਰੀ ਜ਼ਖਮੀ ਹੋ ਗਏ। ਅਤੇ ਪੁਲਿਸ ਨੇ ਲਗਭਗ 400 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਲੱਦਾਖ ਵਿੱਚ ਐਮਰਜੈਂਸੀ ਦੀ ਘੋਸ਼ਣਾ ਕੀਤੀ ਹੈ। 1966 ਤੋਂ ਬਾਅਦ ਪਹਿਲੀ ਵਾਰ, ਇਜ਼ਰਾਈਲੀ ਸਰਕਾਰ ਨੂੰ ਆਪਣੀਆਂ ਸੰਕਟਕਾਲੀ ਸ਼ਕਤੀਆਂ ਦੀ ਵਰਤੋਂ ਅਰਬ ਭਾਈਚਾਰੇ ਦੇ ਮੈਂਬਰਾਂ ਵਿਰੁੱਧ ਕਰਨੀ ਪਈ। ਸਰਕਾਰ ਹਿੰਸਾ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਪੁਲਿਸ ਦੀ ਸਹਾਇਤਾ ਲਈ ਫੌਜ ਭੇਜਣ ਬਾਰੇ ਵੀ ਵਿਚਾਰ ਕਰ ਰਹੀ ਹੈ। ਇਜ਼ਰਾਈਲ ਦੇ ਪ੍ਰਧਾਨਮੰਤਰੀ ਬੈਂਜਾਮਿਨ ਨੇ ਚੇਤਾਵਨੀ ਦਿੱਤੀ ਹੈ ਕਿ "ਦੁਸ਼ਮਣ ਦੇ ਸ਼ਾਂਤ ਹੋਣ 'ਤੇ ਹੀ ਸਾਡੀ ਜਵਾਬੀ ਹਮਲੇ ਰੁਕ ਜਾਣਗੇ। ਇਹ ਸਿਰਫ ਸ਼ੁਰੂਆਤ ਹੈ। ਅਸੀਂ "ਹਮਾਸ" ਦੇ ਅੱਤਵਾਦੀਆਂ ਨੂੰ ਇਸ ਤਰੀਕੇ ਨਾਲ ਮਾਰਾਂਗੇ ਕਿ ਉਨ੍ਹਾਂ ਨੇ ਕਦੇ ਸੁਪਨਾ ਵੀ ਨਹੀਂ ਸੋਚਿਆ ਹੋਵੇਗਾ। "ਫਿਲਸਤੀਨੀ ਕਹਿੰਦੇ ਹਨ ਕਿ ਉਹ ਵੀ ਇਜ਼ਰਾਈਲ ਦਾ ਸਾਹ-ਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਦੋਵਾਂ ਧਿਰਾਂ ਦਰਮਿਆਨ ਵਧ ਰਹੇ ਤਣਾਅ ਦਾ ਸਾਹ-ਮਣਾ ਕਰਦਿਆਂ, ਸੰਯੁਕਤ ਰਾਜ ਦੇ ਵਿਦੇਸ਼ ਮੰਤਰੀ ਐਂਥਨੀ ਬਲਿੰਕੇਨ ਨੇ ਕਿਹਾ ਕਿ ਉਹ ਵਿਵਾਦ ਸੁਲਝਾਉਣ ਲਈ ਵਿਸ਼ੇਸ਼ ਦੂਤ ਭੇਜਣਗੇ। ਪੂਰੀ ਦੁਨੀਆ ਦੇ ਨੇਤਾਵਾਂ ਨੇ ਦੋਵਾਂ ਪਾਸਿਆਂ ਤੋਂ ਯੁੱਧ ਨੂੰ ਤੁਰੰਤ ਖ਼ਤਮ ਕਰਨ ਦਾ ਸੱਦਾ ਦਿੱਤਾ। ਜਰਮਨੀ ਨੇ ਇਹ ਵੀ ਕਿਹਾ ਹੈ ਕਿ ਇਜ਼ਰਾਈਲ ਨੂੰ ਫਿਲਸਤੀਨੀ ਅੱਤਵਾਦੀਆਂ ਦੇ ਹਮਲਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਜਵਾਬ ਦੇਣ ਦਾ ਪੂਰਾ ਅਧਿਕਾਰ ਹੈ। ਦੂਜੇ ਪਾਸੇ, ਤੁਰਕੀ ਦੇ ਰਾਸ਼ਟਰਪਤੀ ਰੈਸੇਪ ਅਰਦੋਗਨ ਨੇ ਇਜ਼ਰਾਈਲ ਨੂੰ ਸਖ਼ਤ ਸਬਕ ਸਿਖਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਇਸਲਾਮਿਕ ਵਿਦਵਾਨ ਤਾਰਿਕ ਅਲ-ਫਤਾਹ ਨੇ ਕਿਹਾ, "ਹਿੰਸਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਕਰ ਸਕਦੀ, ਇਸ ਲਈ ਫਲਸਤੀਨੀਆਂ ਨੂੰ ਹਿੰਸਾ ਤਿਆਗਣੀ ਚਾਹੀਦੀ ਹੈ।" ਇਸ ਵਿਵਾਦ ਨੂੰ ਲੈ ਕੇ ਵਿਸ਼ਵ-ਵਿਆਪੀ ਬਹਿਸ ਦੇ ਵਿਚਕਾਰ, ਇੱਕ ਮਿਸਰ ਦਾ ਪ੍ਰਤੀਨਿਧੀ ਮੰਡਲ ਜੰਗਬੰਦੀ 'ਤੇ ਇਜ਼ਰਾਈਲੀ ਅਧਿਕਾਰੀਆਂ ਨਾਲ ਗੱਲਬਾਤ ਲਈ ਅਵੀਵ ਪਹੁੰਚਿਆ ਹੈ।

ਜੇ ਗੱਲਬਾਤ ਖ਼ਤਮ ਨਹੀਂ ਹੁੰਦੀ ਹੈ, ਤਾਂ ਸਥਿਤੀ ਨਿਯੰਤਰਣ ਤੋਂ ਬਾਹਰ ਹੋ ਜਾਵੇਗੀ ਅਤੇ ਇਕ ਵੱਡੀ ਲੜਾਈ ਵੱਲ ਲੈ ਜਾਏਗੀ ਜੋ ਤੀਜੀ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ। ਅਸਲ ਵਿੱਚ ਇਜ਼ਰਾਈਲ-ਫਲਸਤੀਨੀ ਸੰਘਰਸ਼ ਕਿਸ ਬਾਰੇ ਹੈ? ਅਸਲ ਵਿਚ ਫਿਲਸਤੀਨ ਇਕ ਜ਼ਮੀਨ ਦੇ ਟੁਕੜੇ ਦਾ ਨਾਮ ਹੈ, ਜਿਸ ਨੂੰ ਇਜ਼ਰਾਈਲ ਦੀ ਧਰਤੀ ਵੀ ਕਿਹਾ ਜਾਂਦਾ ਹੈ, ਜੋ ਕਿ ਇਜ਼ਰਾਈਲੀ ਯਹੂਦੀਆਂ ਅਤੇ ਫਿਲਸਤੀਨੀ ਅਰਬਾਂ ਦਾ ਘਰ ਹੈ। ਇਸ ਤਰ੍ਹਾਂ, ਖੇਤਰੀ ਤੌਰ 'ਤੇ, ਇਸਰਾਇਲ ਰਾਜ ਫਿਲਸਤੀਨ ਦੀ ਧਰਤੀ ਨਾਲ ਟਕਰਾਅ ਨਹੀਂ ਕਰ ਰਿਹਾ - ਇਹ ਫਲਸਤੀਨ ਦੀ ਧਰਤੀ ਹੈ। ਉਸੇ ਸਮੇਂ, ਖੇਤਰ ਦੇ ਅਰਬ ਆਪਣੀ ਕੌਮ ਨੂੰ ਫਿਲਸਤੀਨ ਵਜੋਂ ਦਰਸਾਉਂਦੇ ਹਨ, ਅਤੇ ਇਹ ਉਹ ਕੌਮ ਹੈ ਜਿਸ ਨਾਲ ਇਜ਼ਰਾਈਲ ਟਕਰਾਉਂਦਾ ਹੈ। ਫਲਸਤੀਨੀ ਸਰਕਾਰ ਵੀ ਅਜਿਹਾ ਰਾਜ ਲੱਭਣ ਦੀ ਇੱਛਾ ਰੱਖਦੀ ਹੈ ਜਿਸਦਾ ਨਾਮ ਫਿਲਸਤੀਨ ਰੱਖਿਆ ਜਾਵੇ, ਪਰ ਅਜਿਹਾ ਅਜੇ ਤੱਕ ਨਹੀਂ ਹੋਇਆ। ਕੁਦਰਤੀ ਤੌਰ 'ਤੇ, ਫਿਲਸਤੀਨੀ ਅਤੇ ਜ਼ੀਓਨੀਵਾਦੀ ਯਹੂਦੀ ਪਰਵਾਸੀਆਂ ਵਿਚਕਾਰ ਦੁਸ਼ਮਣੀ ਅਤੇ ਹਿੰਸਾ ਸੀ - ਦੋਵਾਂ ਪਾਸਿਆਂ ਨੂੰ ਮਹਿਸੂਸ ਹੋਇਆ ਕਿ ਇਹ ਧਰਤੀ ਉਨ੍ਹਾਂ ਦੀ ਹੈ। ਹਾਲਾਂਕਿ, ਇਹ ਦੋਵੇਂ ਲੋਕ ਅਜੇ ਵੀ ਘਾਤਕ ਟਕਰਾਅ ਦੀ ਸਥਿਤੀ ਵਿਚ ਨਹੀਂ ਸਨ, ਅਤੇ ਕੁਝ ਹੱਤਿਆਵਾਂ ਤੋਂ ਇਲਾਵਾ, ਬਹੁਤ ਸਾਰੇ ਦੋਸਤਾਨਾ ਸੰਬੰਧਾਂ ਅਤੇ ਕਾਰੋਬਾਰੀ ਦਖਲਅੰਦਾਜ਼ੀ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸਨ, ਜਿਨ੍ਹਾਂ ਵਿਚ ਅਰਬਾਂ ਦੁਆਰਾ ਫਲਸਤੀਨ ਦੀ ਬਹੁਤ ਸਾਰੀ ਧਰਤੀ ਨੂੰ ਯਹੂਦੀਆਂ ਨੂੰ ਵੇਚਣਾ ਵੀ ਸ਼ਾਮਲ ਸੀ। ਇਸ ਸਮੱਸਿਆ ਨੂੰ ਹੱਲ ਕਰਨ ਦਾ ਕੋਈ ਆਸਾਨ ਤਰੀਕਾ ਨਹੀਂ ਹੈ। ਇਜ਼ਰਾਈਲੀ ਇਕ ਤਰ੍ਹਾਂ ਨਾਲ ਸੋਚਦੇ ਹਨ, ਫਲਸਤੀਨੀ ਇਕ ਹੋਰ ਢੰਗ ਨਾਲ ਸੋਚਦੇ ਹਨ, ਜੋ ਸਭ ਬੇ-ਅਸਰ ਅਤੇ ਬੇ-ਬੁਨਿਆਦ ਸਾਬਿਤ ਹੋ ਰਹੇ ਹਨ। ਸੱਚ ਇਹ ਹੀ ਹੈ ਕਿ ਜਦੋਂ ਤੱਕ ਮਨੁੱਖਤਾ ਪੂਰੀ ਤਰ੍ਹਾਂ ਵਿੱਚ ਬਹੁਤ ਜ਼ਿਆਦਾ ਨਹੀਂ ਬਦਲ ਜਾਂਦੀ,ਸੋਚ ਇਕ ਜੁਟਤਾਂ , ਅਮਨ - ਅਮਾਨ , ਵਾਲੇ ਨਹੀਂ ਹੋ ਜਾਂਦੇ, ਸ਼ਾਂਤੀ ਦੀ ਕੋਈ ਸੰਭਾਵਨਾ ਨਹੀਂ ਨਜ਼ਰ ਆ ਰਹੀ। ਪੱਛਮੀ ਡਿਪਲੋਮੈਟ "ਸਖਤ ਰਿਆਇਤਾਂ" ਦੀ ਗੱਲ ਕਰਦੇ ਹਨ, ਪਰ ਸਿਰਫ ਇਜ਼ਰਾਈਲੀ ਸਰਕਾਰਾਂ ਲਈ। ਸਭ ਤੋਂ ਚਿੰਤਾਜਨਕ ਸਥਿਤੀ ਇਹ ਹੈ ਕਿ ਇਸ ਮੁੱਦੇ ਨੂੰ ਵੇਖਣ ਲਈ ਕੋਈ ਹੱਲ ਨਹੀਂ ਹੈ। ਇਜ਼ਰਾਈਲ ਹੌਲੀ-ਹੌਲੀ ਪੂਰਬੀ ਯਰੂਸ਼ਲਮ ਨੂੰ ਆਪਣੀ ਰਾਜਧਾਨੀ ਦੇ ਰੂਪ ਵਿੱਚ ਵਾਪਸ ਲੈਣਾ ਚਾਹੁੰਦਾ ਹੈ, ਜਿਸ ਨੂੰ ਫਿਲਸਤੀਨੀ ਕਦੇ ਵੀ ਆਗਿਆ ਨਹੀਂ ਦੇਣਗੇ। ਦੋਵਾਂ ਧਿਰਾਂ ਵਿਚਕਾਰ ਹੋਰ ਗੁੰਝਲਦਾਰ ਮੁੱਦੇ ਵਧ ਰਹੇ ਹਨ। ਅੰਤਰਰਾਸ਼ਟਰੀ ਭਾਈਚਾਰਾ ਹੁਣ ਨਿਰਾਸ਼ ਅਤੇ ਚੁੱਪ ਹੈ ਕਿਉਂਕਿ ਪਿਛਲੇ ਸੱਤ ਦਹਾਕਿਆਂ ਵਿੱਚ ਸੈਂਕੜੇ ਸ਼ਾਂਤੀ ਪ੍ਰਸਤਾਵ ਇਸ ਮਸਲੇ ਨੂੰ ਹੱਲ ਕਰਨ ਵਿੱਚ ਅਸਫ਼ਲ ਰਹੇ ਹਨ। ਬਾਇਡਨ ਅਮਰੀਕਨ ਸਰਕਾਰ ਇਸ ਵਾਰੇ ਅਮਨ ਅਮਾਨ , ਜੀ 20 ਦੇ ਨੇਤਾਵਾਂ ਨਾਲ ਭੇਟਵਾਰਾਂ ਕਰਕੇ ਕਿਥੋਂ ਤੱਕ ਇਸ ਦਾ ਹੱਲ ਲੱਭਦੇ ਹਨ ਇਹ ਤਾਂ ਸਮਾਂ ਹੀ ਦੱਸੇਗਾ, ਪਰ ਜੋ ਹੋ ਰਿਹਾ ਹੈ ਉਹ ਇੱਕ ਭਿਆਨਕ ਮਨੁੱਖੀ ਦੁਖਾਂਤ ਅਤੇ ਦਿਲ-ਤੋੜ ਹੈ, ਅਤੇ ਇਹ ਸਭ ਲੜਾਈ ਅਤੇ ਹਿੰਸਾ ਭਿਆਨਕ ਹੁੰਦੀ ਨਜ਼ਰ ਆ ਰਹੀ ਹੈ, ਜੋ ਵੀ ਫ਼ੈਸਲਾਂ ਲੈਣਗ ਹੋਵੇਗਾ ਜੀ-20 ਦੇ ਨੇਤਾਵਾਂ ਵਲੋਂ ਜਲਦ ਲੈਣਾ ਹੋਵੇਗਾ ਇਸ ਤੋਂ ਪਹਿਲਾਂ ਕੇ ਇਹ ਤੀਜੇ ਵਿਸ਼ਵ ਯੁੱਧ ਦਾ ਰੂਪ ਧਾਰਨ ਕਰ ਜਾਵੇਂ।

# ਅਗਰਬੱਤੀਆਂ ਵੇਚਣ ਵਾਲਾ

-ਅਰਤਿੰਦਰ ਸੰਧੂ

ਮੈਂ ਜਿਹੜੇ ਸਰਕਾਰੀ ਸਕੂਲ ਵਿੱਚ ਮੁੱਖ ਅਧਿਆਪਕ ਸੀ, ਉਸ ਦੇ ਆਸੇ-ਪਾਸੇ ਚਾਰ ਪ੍ਰਾਈਵੇਟ ਸਕੂਲ ਸਨ। ਦੋ ਇਸ ਤਰ੍ਹਾਂ ਦੇ ਸਨ ਕਿ ਦੋ ਤਿੰਨ ਕਮਰਿਆਂ ਦੇ ਸਕੂਲ ਤੇ ਬੱਚੇ ਦੀ ਮਹੀਨੇ ਦੀ ਫੀਸ ਸਿਰਫ ਦਸ ਰੁਪਏ। ਜਿਹੜਾ ਪਰਵਾਰ ਦਸ ਰੁਪਏ ਵੀ ਦੇ ਸਕਦਾ ਹੁੰਦਾ, ਆਪਣੇ ਬੱਚੇ ਜਾਂ ਬੱਚੀ ਨੂੰ ਉਸ ਤਰ੍ਹਾਂ ਦੇ ਅੰਗਰੇਜ਼ੀ ਸਕੂਲ ਵਿੱਚ ਦਾਖਲ ਕਰਵਾ ਦਿੰਦਾ, ਪਰ ਸਾਡੇ ਸਰਕਾਰੀ ਸਕੂਲ ਵਿੱਚ ਪੜ੍ਹਨ ਵਾਲੇ ਬਹੁਤ ਸਾਰੇ ਬੱਚਿਆਂ ਦੇ ਘਰ ਦੇ ਹਾਲਾਤ ਅਜਿਹੇ ਸਨ ਕਿ ਉਹ ਸਕੂਲ ਤੋਂ ਵਾਪਸ ਜਾ ਕੇ ਸ਼ਾਮ ਨੂੰ ਕਿਤੇ ਨਾ ਕਿਤੇ ਕੰਮ ਕਰਦੇ ਸਨ। ਇਸ ਹਾਲਤ ਵਿੱਚ ਘਰ ਵਿੱਚ ਸਕੂਲ ਦਾ ਮਿਲਿਆ ਕੰਮ ਕਰਨ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ।

ਚੰਗੀ ਗੱਲ ਇਹ ਸੀ ਕਿ ਕੁਦਰਤੀ ਬਹੁਤੇ ਅਧਿਆਪਕ ਏਦਾਂ ਦੇ ਸਨ ਕਿ ਉਹ ਬੱਚਿਆਂ ਦੇ ਘਰੇਲੂ ਹਾਲਾਤ ਜਾਣਦੇ ਤੇ ਮੁਸ਼ਕਲਾਂ ਸਮਝਦੇ ਸਨ, ਇਸ ਕਰ ਕੇ ਹਮਦਰਦੀ ਵਾਲਾ ਰਵੱਈਆ ਰੱਖਦੇ ਸਨ। ਹਰ ਅਧਿਆਪਕ ਨੇ ਕਿਸੇ ਨਾ ਕਿਸੇ ਕਲਾਸ ਦੇ ਇੱਕ ਦੋ ਬੱਚਿਆਂ ਦੀ ਫੀਸ ਦੀ ਜ਼ਿੰਮੇਵਾਰੀ ਲਈ ਹੁੰਦੀ ਸੀ। ਕਈ ਵਾਰ ਬੱਚਿਆਂ ਦੀਆਂ ਮਾਵਾਂ ਮੇਰੇ ਕੋਲ ਆ ਕੇ ਆਪਣੀ ਪ੍ਰੇਸ਼ਾਨੀ ਦੱਸ ਜਾਂਦੀਆਂ, ਜੋ ਬਹੁਤਾ ਕਰ ਕੇ ਸਾਡੇ ਵਿਦਿਆਰਥੀ ਮੁੰਡੇ ਜਾਂ ਕੁੜੀ ਦੇ ਪਿਤਾ ਦੇ ਨਸ਼ਈ ਹੋਣ ਬਾਰੇ ਤੇ ਘਰ ਦਾ ਫਿਕਰ ਨਾ ਕਰਨ ਬਾਰੇ ਹੁੰਦੀਆਂ ਸਨ। ਇਸ ਕਾਰਨ ਬੱਚੇ ਦੀ ਪੜ੍ਹਾਈ ਕਰ ਕੇ ਖਰਚ ਦੀ ਤੰਗੀ ਵੀ ਉਨ੍ਹਾਂ ਦਾ ਫਿਕਰ ਹੁੰਦੀ। ਸਕੂਲ ਵਿੱਚ ਲਏ ਜਾਂਦੇ ਫੰਡ ਭਾਵੇਂ ਬਹੁਤ ਥੋੜ੍ਹੇ ਹੁੰਦੇ ਸਨ, ਉਨ੍ਹਾਂ ਨੂੰ ਓਨੇ ਪੈਸੇ ਦੇਣੇ ਵੀ ਮੁਸ਼ਕਲ ਜਾਪਦੇ। ਨਾਲ ਬੱਚਿਆਂ ਨੂੰ ਸਕੂਲ ਦੀ ਵਰਦੀ ਆਦਿ ਬਣਵਾ ਕੇ ਦੇਣੀ ਔਖੀ ਲੱਗਦੀ ਸੀ। ਬਣਦੀ ਸਰਦੀ ਮਦਦ ਦੀ ਜ਼ਿੰਮੇਵਾਰੀ ਮੈਂ ਵੀ ਚੁੱਕ ਲੈਂਦੀ। ਇਉਂ ਕੰਮ ਠੀਕ ਠਾਕ ਨਿਭ ਰਿਹਾ ਸੀ।

ਇੱਕ ਵਾਰ ਸੱਤਵੀਂ ਜਮਾਤ ਵਾਲੀ ਇੰਚਾਰਜ ਨੇ ਆ ਕੇ ਦੱਸਿਆ ਕਿ ਉਸ ਦੀ ਜਮਾਤ ਵਿੱਚ ਦੋ ਸਕੇ ਭਰਾ ਪੜ੍ਹਦੇ ਹਨ, ਜਿਨ੍ਹਾਂ ਦੇ ਮਾਂ-ਬਾਪ ਮਰ ਚੁੱਕੇ ਹਨ, ਉਨ੍ਹਾਂ ਦੀ ਦਾਦੀ ਕਿਸੇ ਦੇ ਘਰ ਕੰਮ ਕਰ ਕੇ ਉਨ੍ਹਾਂ ਨੂੰ ਪਾਲ ਰਹੀ ਹੈ। ਬੱਚੇ ਵੀ ਸ਼ਾਮ ਨੂੰ ਕਿਤੇ ਕੰਮ ਕਰਦੇ ਹਨ। ਮੈਂ ਉਨ੍ਹਾਂ ਨੂੰ ਬੁਲਾ ਕੇ ਕਹਿ ਦਿੱਤਾ ਕਿ ਤੁਹਾਡੀ ਫੀਸ, ਕਾਪੀਆਂ ਆਦਿ ਦਾ ਖਰਚਾ ਮੇਰੀ ਜ਼ਿੰਮੇਵਾਰੀ ਹੋਵੇਗੀ, ਤੁਸੀਂ ਸਕੂਲ ਆਇਆ ਕਰੋ। ਕਿਤਾਬਾਂ ਉਨ੍ਹਾਂ ਨੂੰ ਪਹਿਲਾਂ ਇੰਚਾਰਜ ਨੇ ਸੱਤਵੀਂ ਤੋਂ ਪਾਸ ਹੋਏ ਲੜਕੇ ਕੋਲੋਂ ਲੈ ਦਿੱਤੀਆਂ ਸਨ। ਦੋ ਤਿੰਨ ਮਹੀਨੇ ਹੀ ਇਸ ਤਰ੍ਹਾਂ ਨਿਕਲੇ ਹੋਣਗੇ ਕਿ ਇੱਕ ਦਿਨ ਉਨ੍ਹਾਂ ਲੜਕਿਆਂ ਵਿੱਚੋਂ ਛੋਟੇ ਦੀ ਸ਼ਿਕਾਇਤ ਲੈ ਕੇ ਉਨ੍ਹਾਂ ਦੀ ਕਲਾਸ ਇੰਚਾਰਜ ਆ ਗਈ ਕਿ ਵੱਡਾ ਲੜਕਾ ਪਹਿਲਾਂ ਕਿਤੇ ਕੰਮ ਲੱਗ ਗਿਆ ਹੈ ਅਤੇ ਸਕੂਲ ਨਹੀਂ ਆ ਰਿਹਾ, ਫਿਰ ਛੋਟਾ ਵੀ ਨਹੀਂ ਆ ਰਿਹਾ। ਮੈਂ ਉਸ ਨੂੰ ਕਿਹਾ ਕਿ ਉਸ ਨੂੰ ਕਿਸੇ ਹੋਰ ਜਮਾਤੀ ਰਾਹੀਂ ਸਕੂਲ ਬੁਲਾ ਕੇ ਮੈਨੂੰ ਮਿਲਾ ਤਾਂ ਸਹੀ। ਖੈਰ! ਤੀਜੇ ਕੁ ਦਿਨ ਉਸ ਨੇ ਦੱਸਿਆ ਕਿ ਛੋਟਾ ਲੜਕਾ ਆਇਆ ਸੀ ਤੇ ਕਹਿ ਗਿਆ ਹੈ ਕਿ ਮੈਂ ਨਹੀਂ ਪੜ੍ਹਨਾ, ਅਧਿਆਪਕਾ ਦੇ ਕਹਿਣ ਉਤੇ ਵੀ ਉਹ ਮੇਰੇ ਕੋਲ ਨਹੀਂ ਆਇਆ। ਫਿਰ ਪਤਾ ਲੱਗਾ ਕਿ ਉਹ ਸ਼ਹਿਰ ਦੇ ਚੌਕਾਂ ਵਿੱਚ ਅਗਰਬੱਤੀਆਂ ਵੇਚਣ ਲੱਗ ਪਿਆ ਹੈ।


ਇੱਕ ਦਿਨ ਮੈਨੂੰ ਇੱਕ ਵਾਕਫ ਪਰਵਾਰ ਦੇ ਡਾਕਟਰ ਲੜਕੇ ਦਾ ਫੋਨ ਆਇਆ: ਆਂਟੀ, ਤੁਹਾਡੇ ਸਕੂਲ ਦਾ ਇੱਕ ਲੜਕਾ ਮਿਲਿਆ ਸੀ, ਉਹ ਆਪਣੀ ਪੜ੍ਹਾਈ ਦਾ ਖਰਚ ਚੁੱਕਣ ਦੇ ਲਈ ਅਗਰਬੱਤੀਆਂ ਵੇਚਦਾ ਹੈ। ਉਸ ਦੀ ਪੜ੍ਹਾਈ ਦਾ ਖਰਚ ਮੈਂ ਦਿਆ ਕਰਾਂਗਾ। ਅਸਲ ਵਿੱਚ ਉਹ ਲੜਕਾ ਹਰ ਇੱਕ ਨੂੰ ਇਹ ਕਹਿੰਦਾ ਸੀ ਕਿ ਮੇਰੇ ਤੋਂ ਅਗਰਬੱਤੀਆਂ ਖਰੀਦ ਲਓ, ਮੈਂ ਸਕੂਲ ਦੀ ਫੀਸ ਦੇਣੀ ਹੈ। ਲੋਕ ਸਕੂਲ ਅਤੇ ਉਥੇ ਦੇ ਪ੍ਰਿੰਸੀਪਲ ਦਾ ਨਾਂਅ ਪੁੱਛਦੇ ਤਾਂ ਉਹ ਸਕੂਲ ਦਾ ਨਾਂਅ ਦੱਸ ਦਿੰਦਾ ਤੇ ਮੇਰਾ ਨਾਂਅ ਵੀ ਲੈ ਦਿੰਦਾ। ਅਣਜਾਣ ਲੋਕ ਤਾਂ ਹੋ ਸਕਦਾ ਹੈ, ਉਸ ਨੂੰ ਕੁਝ ਪੈਸੇ ਫੀਸ ਵਾਸਤੇ ਵੀ ਦੇ ਦਿੰਦੇ ਹੋਣ, ਪਰ ਵਾਕਫ ਮੈਨੂੰ ਫੋਨ ਕਰ ਦਿੰਦੇ ਕਿ ਇਸ ਬੱਚੇ ਦੀ ਜ਼ਿੰਮੇਵਾਰੀ ਸਾਡੇ ਉਤੇ ਛੱਡ ਦਿਓ। ਵਾਰੀ ਵਾਰੀ ਕਰ ਕੇ ਤਿੰਨ ਚਾਰ ਹੋਰ ਵਾਕਫਾਂ ਦੇ ਫੋਨ ਉਸ ਲੜਕੇ ਦੀ ਮਦਦ ਵਾਸਤੇ ਆ ਗਏ। ਸੁਣ ਕੇ ਸ਼ਰਮ ਆਵੇ ਕਿ ਇਹ ਸੋਚਦੇ ਹੋਣਗੇ ਕਿ ਸਕੂਲ ਵਾਲੇ ਆਪਣੇ ਲੋੜਵੰਦ ਵਿਦਿਆਰਥੀ ਦੀ ਮਦਦ ਨਹੀਂ ਕਰ ਸਕਦੇ ਜਿਸ ਨੂੰ ਪੜ੍ਹਾਈ ਜਾਰੀ ਰੱਖਣ ਖਾਤਰ ਅਗਰਬੱਤੀਆਂ ਵੇਚਣੀਆਂ ਪੈ ਰਹੀਆਂ ਹਨ।

ਇੱਕ ਦਿਨ ਮੇਰੇ ਪੁੱਤਰ ਨੇ ਆ ਕੇ ਕਿਹਾ ਕਿ ਮੰਮੀ ਤੁਹਾਡੇ ਸਕੂਲ ਦਾ ਇੱਕ ਲੜਕਾ ਲਾਰੈਂਸ ਰੋਡ ਚੌਕ ਵਿੱਚ ਮਿਲਿਆ ਸੀ, ਉਹ ਵਿਚਾਰਾ ਪੜ੍ਹਾਈ ਦੇ ਖਰਚ ਵਾਸਤੇ ਅਗਰਬੱਤੀਆਂ ਵੇਚ ਰਿਹਾ ਸੀ। ਉਸ ਦੀ ਫੀਸ ਤੁਸੀਂ ਦੇ ਦਿਆ ਕਰੋ। ਮੈਂ ਪਹਿਲੇ ਕਈ ਵਾਕਫਕਾਰਾਂ ਵਾਂਗ ਉਸ ਨੂੰ ਵੀ ਅਸਲੀਅਤ ਦੱਸ ਦਿੱਤੀ। ਜ਼ਿੰਦਗੀ ਦੇ ਹਾਲਾਤ ਨੇ ਬੱਚਿਆਂ ਨੂੰ ਕਿਹੋ ਜਿਹੇ ਕੰਮ ਸਿਖਾ ਦਿੱਤੇ ਸਨ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |


3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਕੋਰੋਨਾ ਨਾਲ ਹੁੰਦੀਆਂ ਮੌਤਾਂ ਦਾ ਕੌੜਾ ਸੱਚ ਦਰੀ ਹੇਠ ਦੱਬੀ ਜਾਣ ਨਾਲ ਨਤੀਜਾ ਕਿੰਦਾਂ ਦਾ ਨਿਕਲੇਗਾ!



ਜਤਿੰਦਰ ਪੰਨੂ

ਰੂਸ ਵਿੱਚ ਚੱਲਦੇ ਸੋਵੀਅਤ ਯੂਨੀਅਨ ਦੇ ਅੰਤਲੇ ਦਿਨਾਂ ਵਿੱਚ ਉੱਭਰੇ ਆਗੂ ਮਿਖਾਈਲ ਗੋਰਬਾਚੇਵ ਨੂੰ ਮੈਂ ਕਦੀ ਨੇਕ ਬੰਦਾ ਨਹੀਂ ਸੀ ਮੰਨਿਆ, ਅੱਜ ਵੀ ਨਹੀਂ ਮੰਨ ਸਕਦਾ, ਇਹ ਮੇਰੀ ਨਿੱਜੀ ਸੋਚ ਹੈ, ਪਰ ਉਸ ਦੀ ਇੱਕ ਗੱਲ ਮੈਂ ਸਦਾ ਠੀਕ ਮੰਨਦਾ ਰਿਹਾ ਹਾਂ। ਉਹ ਕਹਿੰਦਾ ਹੁੰਦਾ ਸੀ ਕਿ ਆਪਣੇ ਘਰ ਦਾ ਕੂੜਾ ਲੋਕਾਂ ਦੀ ਨਜ਼ਰ ਪੈਣ ਤੋਂ ਬਚਾਉਣ ਲਈ ਜਦੋਂ ਕੋਈ ਬੰਦਾ ਉਸ ਨੂੰ ਦਰੀ ਹੇਠ ਲੁਕਾਉਂਦਾ ਰਹੇਗਾ ਤਾਂ ਇੱਕ ਦਿਨ ਦਰੀ ਹੇਠ ਦੱਬਿਆ ਕੂੜਾ ਏਨੀ ਸੜ੍ਹਿਆਂਦ ਛੱਡੇਗਾ ਕਿ ਉਸ ਦੇ ਗਵਾਂਢੀ ਤੰਗ ਹੋ ਜਾਣਗੇ ਤੇ ਲੁਕਾਇਆ ਹੋਇਆ ਸਾਰਾ ਸੱਚ ਦੁਨੀਆ ਸਾਹਮਣੇ ਆ ਜਾਵੇਗਾ। ਕੋਰੋਨਾ ਵਾਇਰਸ ਦੇ ਕਾਰਨ ਭਾਰਤ ਦੀ ਜਿਹੜੀ ਹਾਲਤ ਹੈ, ਉਸ ਨੂੰ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਅਤੇ ਉਸ ਦੇ ਪੱਖ ਵਾਲੀਆਂ ਰਾਜ ਸਰਕਾਰਾਂ ਹੀ ਨਹੀਂ ਲੁਕਾ ਰਹੀਆਂ, ਦੇਸ਼ ਦੇ ਬਹੁਤ ਸਾਰੇ ਰਾਜਾਂ ਵਿੱਚ ਇਹੋ ਕੁਝ ਹੁੰਦਾ ਦਿੱਸਦਾ ਹੈ। ਇਹ ਚਾਲਾਕੀ ਕਰਨ ਤੋਂ ਸ਼ਾਇਦ ਹੀ ਕੋਈ ਰਾਜ ਬਚਿਆ ਰਿਹਾ ਹੋਵੇ, ਬਾਕੀ ਸਭ ਥਾਂ ਹਾਕਮ ਆਪੋ-ਆਪਣੇ ਰਾਜ ਨੂੰ ਮਹਾਮਾਰੀ ਤੋਂ ਬਚਾ ਲਿਆ ਦੱਸਣ ਤੇ ਰਾਜਾਂ ਦੇ ਅਫਸਰ ਆਪੋ ਆਪਣੀ ਸਰਕਾਰ ਦਾ ਵਫਾਦਾਰ ਬਣਨ ਦੀ ਕੋਸ਼ਿਸ਼ ਵਿੱਚ ਕੋਰੋਨਾ ਦਾ ਕੌੜਾ ਸੱਚ ਦਰੀ ਹੇਠ ਦੱਬਣ ਵਾਸਤੇ ਸਿਰ ਪਰਨੇ ਹੋਏ ਦਿਖਾਈ ਦੇਂਦੇ ਹਨ। ਪੰਜਾਬ ਵੀ ਇਸ ਤੋਂ ਬਚਿਆ ਨਹੀਂ ਰਿਹਾ।

ਸੰਸਾਰ ਭਰ ਵਿੱਚ ਭਾਰਤ ਸਰਕਾਰ ਅਤੇ ਇਸ ਦੇ 'ਪ੍ਰਧਾਨ ਸੇਵਕ' ਕਹਾਉਣ ਵਾਲੇ, ਪਰ ਰਾਜਿਆਂ ਤੋਂ ਅੱਗੇ ਵਧ ਕੇ 'ਇਲਾਹੀ ਦੂਤ' ਜਾਂ 'ਯੁੱਗ ਪੁਰਸ਼' ਬਣਨ ਦੇ ਚਾਹਵਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਗੱਲੋਂ ਨਿੰਦਾ ਹੁੰਦੀ ਹੈ ਕਿ ਚੋਣਾਂ ਜਿੱਤਣ ਦੇ ਚੱਕਰ ਵਿੱਚ ਮਰਦੇ ਲੋਕਾਂ ਦੀ ਚਿੰਤਾ ਕਰਨੀ ਭੁੱਲ ਗਿਆ ਸੀ। ਇਹ ਨਿੰਦਾ ਸਿਰਫ ਉਨ੍ਹਾਂ ਮੌਤਾਂ ਅਤੇ ਕੇਸਾਂ ਦੀ ਗਿਣਤੀ ਨਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਤਸਦੀਕ ਭਾਰਤ ਸਰਕਾਰ ਤੇ ਇਸ ਦੀਆਂ ਰਾਜ ਸਰਕਾਰਾਂ ਕਰਨ ਨੂੰ ਤਿਆਰ ਹਨ, ਅਸਲ ਸਥਿਤੀ ਪਤਾ ਲੱਗਦੀ ਹੈ ਤਾਂ ਦੰਦ ਜੁੜੇ ਰਹਿ ਜਾਂਦੇ ਹਨ। ਇਸ ਹਫਤੇ ਇੱਕ ਦਿਨ ਇੰਗਲੈਂਡ ਦੇ ਇੱਕ ਸੰਸਾਰ ਪ੍ਰਸਿੱਧ ਮੀਡੀਆ ਚੈਨਲ ਨੇ ਗੁਜਰਾਤ ਦੀ ਕਹਾਣੀ ਪੇਸ਼ ਕੀਤੀ, ਜਿਹੜੀ ਗੁਜਰਾਤ ਰਾਜ ਦੇ ਇੱਕ ਅਖਬਾਰ ਦੇ ਸੰਪਾਦਕ ਤੇ ਉਸ ਦੇ ਪੱਤਰਕਾਰਾਂ ਨੇ ਸਾਹਮਣੇ ਲਿਆਂਦੀ ਸੀ। ਉਨ੍ਹਾਂ ਨੇ ਸਰਕਾਰੀ ਅੰਕੜੇ ਪਾਸੇ ਰੱਖ ਕੇ ਸ਼ਮਸ਼ਾਨ ਘਾਟਾਂ ਵਿੱਚ ਸਾੜੀਆਂ ਗਈਆਂ ਲਾਸ਼ਾਂ ਦੇ ਅੰਕੜੇ ਪੜ੍ਹੇ ਅਤੇ ਦੱਸਿਆ ਸੀ ਕਿ ਜਿੰਨੇ ਲੋਕ ਗੁਜਰਾਤ ਦੀ ਸਰਕਾਰ ਮਰੇ ਦੱਸਦੀ ਹੈ, ਓਦੋਂ ਕਈ ਗੁਣਾਂ ਵੱਧ ਲੋਕਾਂ ਦਾ ਅੰਤਮ ਸੰਸਕਾਰ ਕੀਤਾ ਗਿਆ ਹੈ। ਫਿਰ ਇੰਗਲੈਂਡ ਦੇ ਉਸ ਮੀਡੀਆ ਚੈਨਲ ਨੇ ਆਪਣੇ ਪੱਤਰਕਾਰਾਂ ਰਾਹੀਂ ਪਤਾ ਕਰਾਇਆ ਤੇ ਹੈਰਾਨੀ ਵਾਲਾ ਸੱਚ ਦੁਨੀਆ ਸਾਹਮਣੇ ਰੱਖਿਆ ਸੀ। ਅਸੀਂ ਭਾਰਤ ਵਿੱਚ ਬੈਠੇ ਹੋਏ ਲੋਕ ਵੀ ਉਹ ਸੱਚ ਪੂਰਾ ਨਹੀਂ ਸਾਂ ਜਾਣਦੇ ਅਤੇ ਪੜ੍ਹ ਕੇ ਹੱਕੇ-ਬੱਕੇ ਰਹਿ ਗਏ ਸਾਂ, ਪਰ ਇਸ ਦੇ ਸਿਰਫ ਦੋ ਦਿਨ ਬਾਅਦ ਭਾਰਤ ਦੇ ਇੱਕ ਕੌਮੀ ਅਖਬਾਰ ਨੇ ਹੋਰ ਵੀ ਕੁਸੈਲੀ ਤਸਵੀਰ ਸਭ ਦੇ ਸਾਹਮਣੇ ਰੱਖ ਦਿੱਤੀ ਹੈ।

ਹਿੰਦੀ ਭਾਸ਼ਾ ਦੇ ਸਿਖਰਲੇ ਤਿੰਨ ਅਖਬਾਰਾਂ ਵਿੱਚੋਂ ਇੱਕ ਦੀ ਖਬਰ ਕਹਿੰਦੀ ਹੈ ਕਿ ਗੁਜਰਾਤ ਵਿੱਚ ਬੀਤੇ 71 ਦਿਨਾਂ ਵਿੱਚ ਇੱਕ ਲੱਖ ਤੇਈ ਹਜ਼ਾਰ ਅੱਠ ਸੌ ਚੁਹੱਤਰ ਲੋਕਾਂ ਦੀ ਮੌਤ ਹੋਈ ਅਤੇ ਮੌਤ ਦੇ ਸਰਟੀਫਿਕੇਟ ਜਾਰੀ ਕੀਤੇ ਜਾਣ ਪਿੱਛੋਂ ਰਾਜ ਸਰਕਾਰ ਨੇ ਇਨ੍ਹਾਂ ਇਕੱਤਰ ਦਿਨਾਂ ਵਿੱਚ ਬਤਾਲੀ ਸੌ ਅਠਾਰਾਂ ਮੌਤਾਂ ਕੋਰੋਨਾ ਦੀਆਂ ਮੰਨੀਆਂ ਹਨ। ਬਾਕੀ ਮੌਤਾਂ ਬਾਰੇ ਏਨਾ ਲਿਖ ਦਿੱਤਾ ਕਿ 'ਮੌਤ ਦਾ ਕਾਰਨ: ਬਿਮਾਰੀ', ਪਰ ਬਿਮਾਰੀ ਦਾ ਨਾਂਅ ਨਹੀਂ ਲਿਖਿਆ। ਹਾਲਤ ਏਥੋਂ ਪਤਾ ਲੱਗਦੀ ਹੈ ਕਿ ਬੀਤੇ ਮਾਰਚ ਵਿੱਚ ਗੁਜਰਾਤ ਵਿੱਚ ਕੁੱਲ 26,026 ਲੋਕਾਂ ਦੀ ਮੌਤ ਹੋਈ ਅਤੇ ਫਿਰ ਅਪਰੈਲ ਵਿੱਚ ਮੌਤਾਂ ਦੀ ਲੜੀ ਲੱਗ ਕੇ 57,796 ਲੋਕ ਮੌਤ ਦੀ ਝੋਲੀ ਪੈ ਗਏ। ਅਪਰੈਲ ਮਹੀਨੇ ਦੀ ਇਸ ਗਿਣਤੀ ਦੇ ਬਾਅਦ ਮਈ ਦੇ ਪਹਿਲੇ ਸਿਰਫ ਦਸ ਦਿਨਾਂ ਵਿੱਚ ਉਸ ਰਾਜ ਵਿੱਚ 40,051 ਮੌਤਾਂ ਹੋ ਗਈਆਂ ਹਨ, ਜਿਸ ਦਾ ਅਰਥ ਹੈ ਕਿ ਮਈ ਦੇ ਮੁੱਕਣ ਤੱਕ ਇਹੋ ਰਫਤਾਰ ਰਹੀ ਤਾਂ ਉਸ ਰਾਜ ਵਿੱਚ ਇੱਕ ਲੱਖ ਤੋਂ ਵੱਧ ਮੌਤਾਂ ਹੋਣਗੀਆਂ। ਇਸ ਗਿਣਤੀ ਦਾ ਮੁਕਾ-ਬਲਾ ਪਿਛਲੇ ਸਾਲ ਨਾਲ ਕਰੀਏ ਤਾਂ ਅਪਰੈਲ 2020 ਵਿੱਚ ਓਥੇ 21,591 ਮੌਤਾਂ ਹੋਈਆਂ ਸਨ, ਮੌਜੂਦਾ ਸਾਲ ਓਸੇ ਅਪਰੈਲ ਵਿੱਚ 57,796 ਹੋ ਗਈਆਂ। ਮਈ 2020 ਦੇ ਸਾਰੇ ਮਹੀਨੇ ਵਿੱਚ 13,125 ਮੌਤਾਂ ਹੋਈਆਂ ਸਨ, ਇਸ ਵਾਰ ਓਸੇ ਮਈ ਦੇ ਦਸ ਦਿਨਾਂ ਵਿੱਚ ਮੌਤਾਂ ਦੀ ਗਿਣਤੀ 40,051 ਤੱਕ ਜਾ ਪਹੁੰਚੀ ਹੈ। ਸਰਕਾਰ ਦੇ ਅਧਿਕਾਰੀਆਂ ਨੇ ਰਿਕਾਰਡ ਵਿੱਚ ਮੌਤਾਂ ਦਾ ਕਾਰਨ ਕੋਰੋਨਾ ਨਹੀਂ ਲਿਖਿਆ ਤਾਂ ਨਾ ਸਹੀ, ਪਰ ਮਰਨ ਵਾਲਿਆਂ ਦੀ ਗਿਣਤੀ ਏਨੀ ਵਧ ਕਿਉਂ ਗਈ, ਇਹ ਗੱਲ ਜਾਨਣ ਦੀ ਕੋਸ਼ਿਸ਼ ਕਿਸੇ ਨੇ ਕਿਉਂ ਨਾ ਕੀਤੀ, ਇਸ ਬਾਰੇ ਸਭ ਚੁੱਪ ਵੱਟੀ ਬੈਠੇ ਹਨ। ਲੋਕ ਕਹਿੰਦੇ ਹਨ ਕਿ ਇਸ ਕਹਿਰ ਦੌਰਾਨ ਆਈ ਪੀ ਐੱਲ ਕ੍ਰਿਕਟ ਦੇ ਕਾਰਨ ਸੰਸਾਰ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਦਾ ਮਾਣ ਹਾਸਲ ਕਰਨ ਵਾਲੇ ਅਹਿਮਦਾਬਾਦ ਵਿੱਚ ਕੋਰੋਨਾ ਦੇ ਕੇਸ ਵਧ ਗਏ ਸਨ, ਪਰ ਰਾਜ ਸਰਕਾਰ ਦੇ ਮੁਤਾਬਕ ਉਸ ਸ਼ਹਿਰ ਵਿੱਚ 71 ਦਿਨ ਵਿੱਚ 13,593 ਲੋਕਾਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ ਕੋਰੋਨਾ ਨਾਲ ਸਿਰਫ 2126 ਮਰੇ ਹਨ। ਬਾਕੀ ਲੋਕ ਕਿਹੜੇ ਰੋਗ ਨਾਲ ਮਰ ਗਏ, ਕੋਈ ਦੱਸਣ ਵਾਲਾ ਨਹੀਂ। ਇਸ ਸੱਚ ਦਾ ਸਾਹਮਣਾ ਕਰਨਾ ਕਿਸੇ ਲਈ ਵੀ ਔਖਾ ਹੈ। ਰਾਜ ਸਰਕਾਰ ਅੱਗੋਂ ਕੇਂਦਰੀ ਹਾਕਮਾਂ ਕੋਲ ਪੇਸ਼ ਕਰਨ ਲਈ ਅੰਕੜਿਆਂ ਦੀ ਜਾਦੂਗਰੀ ਕਰਨ ਰੁੱਝੀ ਹੋਈ ਹੈ, ਪਰ ਅਸਲੀ ਕੰਮ ਘੱਟ ਹੋ ਰਿਹਾ ਹੈ।



ਗੋਆ ਵਿੱਚ ਨਰਿੰਦਰ ਮੋਦੀ ਦੀ ਆਪਣੀ ਪਾਰਟੀ ਦੀ ਸਰਕਾਰ ਹੈ, ਜਿਸ ਵਿੱਚ ਆਕਸੀਜਨ ਦੀ ਸਪਲਾਈ ਰੁਕਣ ਨਾਲ ਗਿਆਰਾਂ ਮਈ ਨੂੰ ਛੱਬੀ ਲੋਕ ਮਰ ਗਏ, ਬਾਰਾਂ ਮਈ ਨੂੰ ਹੋਰ ਵੀਹ ਮੌਤਾਂ ਹੋਣ ਦੀ ਖਬਰ ਮਿਲੀ ਅਤੇ ਤੇਰਾਂ ਮਈ ਨੂੰ ਪੰਦਰਾਂ ਮਰੀਜ਼ਾਂ ਦੀ ਮੌਤ ਹੋ ਗਈ। ਚੌਦਾਂ ਮਈ ਦੇ ਦਿਨ ਤੇਰਾਂ ਜਣੇ ਹੋਰ ਪ੍ਰਾਣ ਤਿਆਗ ਗਏ। ਆਕਸੀਜਨ ਦਾ ਇਹ ਨੁਕਸ ਚਾਰ ਦਿਨ ਠੀਕ ਨਹੀਂ ਹੋ ਸਕਿਆ ਤਾਂ ਜ਼ਿੰਮੇਵਾਰੀ ਕਿਸ ਦੀ ਹੈ? ਕੋਈ ਇਸ ਦਾ ਜਵਾਬ ਨਹੀਂ ਦੇਵੇਗਾ। ਕਰਨਾਟਕਾ ਦੀ ਸਰਕਾਰ ਭਾਜਪਾ ਦੀ ਹੈ। ਓਥੇ ਆਕਸੀਜਨ ਸਪਲਾਈ ਪੂਰੀ ਨਾ ਮਿਲ ਸਕੀ ਤਾਂ ਉਸ ਨੇ ਕੇਂਦਰ ਦੀ ਆਪਣੀ ਪਾਰਟੀ ਦੀ ਸਰਕਾਰ ਦੀ ਘੇਸਲ ਵੇਖ ਕੇ ਹਾਈ ਕੋਰਟ ਨੂੰ ਅਰਜ਼ੀ ਦੇ ਦਿੱਤੀ। ਹਾਈ ਕੋਰਟ ਨੇ ਕੇਂਦਰ ਦੇ ਹਾਕਮਾਂ ਨੂੰ ਝਾੜ ਪਾਈ ਤਾਂ ਕੇਂਦਰ ਦੀ ਭਾਜਪਾ ਸਰਕਾਰ ਨੇ ਕਰਨਾਟਕਾ ਦੀ ਭਾਜਪਾ ਸਰਕਾਰ ਦੀ ਬਾਂਹ ਫੜਨ ਤੇ ਹਾਈ ਕੋਰਟ ਦਾ ਹੁਕਮ ਮੰਨਣ ਦੀ ਥਾਂ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਰਜ਼ੀ ਪਾ ਦਿੱਤੀ। ਅੱਗੋਂ ਸੁਪਰੀਮ ਕੋਰਟ ਦੇ ਜੱਜਾਂ ਨੇ ਝਾੜ ਪਾਈ ਕਿ ਸਾਨੂੰ ਆਪਣੇ ਖਿਲਾਫ ਹੋਰ ਸਖਤੀ ਕਰਨ ਲਈ ਮਜਬੂਰ ਨਾ ਕਰੋ, ਕਰਨ-ਾਟਕ ਦੀ ਹਾਈ ਕੋਰਟ ਦਾ ਹੁਕਮ ਮੰਨ ਕੇ ਉਸ ਰਾਜ ਦੀ ਸਰਕਾਰ ਦੀ ਮਦਦ ਕਰੋ, ਫਿਰ ਕੇਂਦਰ ਸਰਕਾਰ ਥੋੜ੍ਹਾ ਕੁ ਹਿੱਲੀ। ਦਿੱਲੀ ਸਰਕਾਰ ਨਾਲ ਉਸ ਦੇ ਮੋਦੀ ਸਾਹਿਬ ਦੇ ਸਿਆਸੀ ਮੱਤਭੇਦ ਹੋਣ ਕਰ ਕੇ ਕੇਸ ਅਦਾਲਤ ਤੱਕ ਗਿਆ, ਪੰਜਾਬ ਨਾਲ ਵੀ ਮੱਤਭੇਦ ਹਨ, ਪਰ ਕਰਨਾਟਕ ਵਿੱਚ ਜੇ ਉਸ ਦੀ ਆਪਣੀ ਸਰਕਾਰ ਦੀ ਮਦਦ ਵੀ ਮੋਦੀ ਸਰਕਾਰ ਨਾ ਕਰੇ ਤਾਂ ਸੰਸਾਰ ਵਿੱਚ ਭੰਡੀ ਹੋਵੇਗੀ ਹੀ।

ਜਿਹੜੇ ਅਖਬਾਰ ਨੇ ਗੁਜਰਾਤ ਦਾ ਸੱਚ ਸਾਹਮਣੇ ਲਿਆਂਦਾ ਹੈ, ਉਸ ਨੇ ਆਪਣੀ ਟੀਮ ਲਾ ਕੇ ਉੱਤਰ ਪ੍ਰਦੇਸ਼ ਵਿੱਚ ਜੋ ਕੁਝ ਹੁੰਦਾ ਸੁਣੀਂਦਾ ਸੀ, ਉਸ ਸੱਚ ਤੋਂ ਵੀ ਪਰਦਾ ਚੁੱਕਿਆ ਹੈ। ਇਨ੍ਹਾਂ ਪੱਤਰਕਾਰਾਂ ਨੂੰ ਕਨੌਜ ਦੇ ਮਹਾਦੇਵੀ ਗੰਗਾ ਘਾਟ ਵਿੱਚ ਸਾਢੇ ਤਿੰਨ ਸੌ ਲਾਸ਼ਾਂ ਦੱਬੀਆਂ ਹੋਈਆਂ ਪਤਾ ਲੱਗੀਆਂ। ਕਾਨਪੁਰ ਦੇ ਸ਼ੇਰੇਸ਼ਵਰ ਘਾਟ ਉੱਤੇ ਘੁੰਮਦਿਆਂ ਕਰੀਬ ਚਾਰ ਸੌ ਲਾਸ਼ਾਂ ਦੱਬੀਆਂ ਵੇਖੀਆਂ ਅਤੇ ਉਨ੍ਹਾਂ ਪੁੱਟ-ਪੁੱਟ ਕੇ ਕੁੱਤੇ ਖਾਂਦੇ ਦਿੱਸ ਪਏ ਤਾਂ ਪੁਲਸ ਆ ਗਈ ਅਤੇ ਛੇਤੀ-ਛੇਤੀ ਲਾਸ਼ਾਂ ਨੂੰ ਢੱਕਣ ਲਈ ਮਿੱਟੀ ਪਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਵਾਰ-ਵਾਰ ਬਦਨਾਮੀ ਦਾ ਕਾਰਨ ਬਣਨ ਵਾਲੇ ਉਨਾਵ ਹਲਕੇ ਵਿੱਚ ਪੱਤਰਕਾਰਾਂ ਨੂੰ ਨੌਂ ਸੌ ਲਾਸ਼ਾਂ ਦੱਬੀਆਂ ਹੋਣ ਦਾ ਪਤਾ ਲੱਗਾ ਤਾਂ ਪੱਤਰਕਾਰਾਂ ਦੀ ਟੀਮ ਪਹੁੰਚਦੇ ਸਾਰ ਪ੍ਰਸ਼ਾਸਨ ਵੱਲੋਂ ਆਏ ਅਧਿਕਾਰੀਆਂ ਨੇ ਲਾਸ਼ਾਂ ਉੱਤੇ ਰੇਤ ਅਤੇ ਮਿੱਟੀ ਪਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ। ਫਤਹਿਪੁਰ ਵਿੱਚ ਵੀਹ ਲਾਸ਼ਾਂ ਮਿਲੀਆਂ ਤਾਂ ਫਤਹਿਪੁਰ ਅਤੇ ਉਨਾਵ ਦੋਵਾਂ ਥਾਂਵਾਂ ਦੇ ਅਧਿਕਾਰੀ ਇਸ ਨੂੰ ਇੱਕ ਦੂਸਰੇ ਦੇ ਖੇਤਰ ਦਾ ਮਾਮਲਾ ਦੱਸਣ ਤੇ ਗਲੋਂ-ਗਲਾਵਾਂ ਲਾਹੁਣ ਲੱਗ ਪਏ। ਬਿਹਾਰ ਦੇ ਬਕਸਰ ਜ਼ਿਲੇ ਅਤੇ ਉੱਤਰ ਪ੍ਰਦੇਸ਼ ਦੇ ਨਾਲ ਲੱਗਦੇ ਗਾਜ਼ੀਪੁਰ ਦੇ ਕਰੀਬ ਗੰਗਾ ਨਦੀ ਕੰਢੇ ਲਾਸ਼ਾਂ ਮਿਲਣ ਦਾ ਰੌਲਾ ਪਿਆ ਸੀ, ਜ਼ਿਲਾ ਮੈਜਿਸਟਰੇਟ ਨੇ ਚਾਲੀ ਕੁ ਲਾਸ਼ਾਂ ਦੱਸੀਆਂ ਸਨ, ਦੱਬਣ ਵਾਲੇ ਮਜ਼ਦੂਰਾਂ ਨੇ ਇਕੱਤਰ ਦੱਸੀਆਂ, ਪਰ ਪੱਤਰਕਾਰਾਂ ਦੀ ਟੀਮ ਨੂੰ ਦੋ ਸੌ ਲਾਸ਼ਾਂ ਦੇ ਸਬੂਤ ਮਿਲੇ ਅਤੇ ਅਜੇ ਹੋਰ ਲਾਸ਼ਾਂ ਹੋਣ ਦੀ ਚਰਚਾ ਚੱਲ ਰਹੀ ਹੈ। ਸਥਾਨਕ ਲੋਕਾਂ ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਲਾਸ਼ਾਂ ਢੱਕ ਕੇ ਹਰ ਜ਼ਿਲੇ ਦੇ ਅਫਸਰ ਖੁਦ ਮੁੱਖ ਮੰਤਰੀ ਅਤੇ ਰਾਜ ਸਰਕਾਰ ਦੇ ਕੋਲ 'ਬੀਬਾ ਰਾਣਾ' ਬਣੇ ਰਹਿਣ ਦੇ ਚੱਕਰ ਵਿੱਚ ਅਣਮਨੁੱਖੀ ਵਿਹਾਰ ਏਦਾਂ ਦਾ ਕਰਦੇ ਹਨ ਕਿ ਉਨ੍ਹਾਂ ਦੇ ਮਨਾਂ ਉੱਤੇ ਕਿਸੇ ਤਰ੍ਹਾਂ ਦੀ ਚਿੰਤਾ ਦੀ ਕੋਈ ਲਕੀਰ ਤੱਕ ਦਿਖਾਈ ਨਹੀਂ ਦੇਂਦੀ।

ਗੱਲ ਗੁਜਰਾਤ ਜਾਂ ਉੱਤਰ ਪ੍ਰਦੇਸ਼ ਦੀ ਨਹੀਂ, ਸਾਰੇ ਭਾਰਤ ਦੀ ਹੈ, ਪਰ ਅਸੀਂ ਇਨ੍ਹਾਂ ਦੋਂਹ ਰਾਜਾਂ ਦਾ ਜ਼ਿਕਰ ਇਸ ਕਰ ਕੇ ਕੀਤਾ ਹੈ ਕਿ ਦੇਸ਼ ਦਾ 'ਪ੍ਰਧਾਨ ਸੇਵਕ' ਅਖਵਾਉਣ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਜਰਾਤ ਦੇ ਸਿਆਸੀ ਪੜੁੱਲ ਤੋਂ ਛਾਲ ਮਾਰ ਕੇ ਦਿੱਲੀ ਪੁੱਜਾ ਤੇ ਉੱਤਰ ਪ੍ਰਦੇਸ਼ ਦੇ ਵਾਰਾਣਸੀ ਹਲਕੇ ਦਾ ਪ੍ਰਤੀਨਿਧ ਹੈ। ਅਸੀਂ ਇਸ ਵਕਤ ਬਾਕੀ ਰਾਜਾਂ ਦੀ ਗੱਲ ਨਹੀਂ ਛੇੜ ਰਹੇ ਤਾਂ ਇਸ ਦਾ ਮਤਲਬ ਨਹੀਂ ਕਿ ਓਥੇ ਹਾਲਤ ਚੰਗੀ ਹੈ, ਸੱਚ ਇਹ ਹੈ ਕਿ ਰਾਜ ਕਿਸੇ ਵੀ ਪਾਰਟੀ ਦਾ ਹੋਵੇ, ਬਹੁਤੇ ਥਾਂ ਆਮ ਇਨਸਾਨ ਦੀ ਬਦਨਸੀਬੀ ਇੱਕੋ ਜਿਹੀ ਹੈ, ਜਿਸ ਵਿੱਚ ਪੰਜਾਬ ਵੀ ਸ਼ਾਮਲ ਹੈ। ਇਸ ਦੇ ਅੰਕੜੇ ਵੀ ਸਰਕਾਰੀ ਹੋਰ ਤੇ ਹਕੀਕੀ ਹੋਰ ਮਿਲਦੇ ਹਨ। ਜਦੋਂ ਧੁਰ ਉਤਲੀ ਛਤਰੀ ਦੀ ਮਿਹਰ ਵਾਲੇ ਰਾਜਾਂ ਦੇ ਹਾਕਮ ਕੋਰੋਨਾ ਵਾਇਰਸ ਦੇ ਕੇਸ ਅਤੇ ਮੌਤਾਂ ਘਟਾ ਕੇ ਦੱਸਦੇ ਹੋਣ, ਦੂਸਰੇ ਰਾਜਾਂ ਦੇ ਹਰ ਹਾਕਮ ਨੂੰ ਵੀ ਆਪਣਾ ਇਮੇਜ ਕਾਇਮ ਰੱਖਣ ਲਈ ਸੱਚਾਈ ਲੁਕਾਉਣ ਤੇ ਕੌੜੀਆਂ ਹਕੀਕਤਾਂ ਦਾ ਕੂੜਾ ਦਰੀ ਹੇਠ ਦੱਬ ਦੇਣ ਦਾ ਫਾਰਮੂਲਾ ਚੰਗਾ ਲੱਗਣ ਲੱਗਦਾ ਹੈ। ਇਸ ਦਾ ਨਤੀਜਾ ਸਾਡੇ ਸਾਹਮਣੇ ਹੈ। ਭਾਰਤ ਆਪਣੀ ਬਦਕਿਸਮਤੀ ਨੂੰ ਹੰਢਾ ਰਿਹਾ ਹੈ, ਹਾਕਮ ਰਾਜ-ਸੁਖ ਮਾਣ ਰਹੇ ਹਨ ਅਤੇ ਲੋਕ ਉਨ੍ਹਾਂ ਦਾ ਕੀਤਾ ਭੁਗਤ ਰਹੇ ਹਨ। ਦਰੀ ਹੇਠ ਸਚਾਈ ਨੂੰ ਦਬਾਉਣ ਅਤੇ ਸੱਚਾਈ ਵੀ ਕੋਰੋਨਾ ਨਾਲ ਮਰਦੇ ਲੋਕਾਂ ਦੀਆਂ ਲਾਸ਼ਾਂ ਵਾਲੀ ਹੋਵੇ, ਉਸ ਨੂੰ ਲੁਕਾਉਣ ਦੇ ਬਾਅਦ ਇਸ ਦੇਸ਼ ਦੇ ਹਾਕਮਾਂ ਦੀ ਇਹ ਚੁਸਤ-ਚਲਾਕੀ ਇਸ ਦੇਸ਼ ਨੂੰ ਜਿਹੋ ਜਿਹੀ ਜਿੱਲ੍ਹਣ ਵਿੱਚ ਫਸਾ ਦੇਵੇਗੀ, ਉਸ ਵਿੱਚੋਂ ਫਿਰ ਕਦੀ ਨਿਕਲਿਆ ਨਹੀਂ ਜਾਣਾ।

# ਨਵੇਂ ਖੇਤੀ ਕਾਨੂੰਨਾਂ ਦਾ ਕੌੜ ਸੱਚ

-ਗੁਲਜ਼ਾਰ ਸਿੰਘ ਸੰਧੂ

ਭਾਰਤ ਵਿੱਚ ਖੇਤੀ ਦੇ ਕਾਲੇ ਕਾਨੂੰਨਾਂ ਵਿਰੁੱਧ ਕਿਸਾਨਾਂ ਵੱਲੋਂ ਵਿੱਢਿਆ ਸੰਘਰਸ਼ ਦੇਸ਼ ਦੀਆਂ ਹੱਦਾਂ ਟੱਪ ਕੇ ਦੁਨੀਆਂ ਭਰ ਵਿੱਚ ਗੌਲਿਆ ਗਿਆ ਹੈ। ਅਮਰੀਕਾ ਦੇ ਭਾਰਤੀ ਵਿਗਿਆਨੀ ਉਥੇ ਵੱਖ-ਵੱਖ ਪ੍ਰਾਂਤਾਂ ਵਿੱਚ 10 ਹਜ਼ਾਰ ਕਿਲੋਮੀਟਰ ਤੈਅ ਕਰ ਕੇ ਉਥੋਂ ਦੇ ਕਿਸਾਨਾਂ ਨੂੰ ਮਿਲੇ ਤੇ ਮਹੱਤਵ ਪੂਰਨ ਵੇਰਵੇ ਇਕੱਠੇ ਕੀਤੇ। ਇਹ ਵੇਰਵੇ ਹੈਰਾਨ ਕਰਨ ਵਾਲੇ ਹਨ। ਰਾਸ਼ਟਰਪਤੀ ਨਿਕਸਨ ਨੇ ਆਪਣੇ ਕਾਰਜਕਾਲ ਵਿੱਚ ਉਥੋਂ ਦੇ ਕਿਸਾਨਾਂ ਨੂੰ ਹੁਕਮ ਦਿੱਤਾ ਸੀ ਕਿ ਜਾਂ ਤਾਂ ਵੱਡੇ ਜ਼ਿਮੀਂਦਾਰ ਬਣ ਜਾਓ ਜਾਂ ਖੇਤੀ ਛੱਡ ਦਿਓ। ਜਦੋਂ ਰਾਸ਼ਟਰਪਤੀ ਰੀਗਨ ਆਇਆ ਤਾਂ ਉਸ ਨੇ ਖੇਤੀ ਨੂੰ ਉਨਤ ਲੀਹਾਂ ਉੱਤੇ ਤੋਰਨ ਦੇ ਲਈ ਵੱਡੇ ਕਾਰਪੋਰੇਟਾਂ ਦੇ ਹਵਾਲੇ ਕਰ ਦਿੱਤਾ।

ਆਪਣੇ ਦੌਰੇ ਪਿੱਛੋਂ ਭਾਰਤੀ ਵਿਗਿਆਨੀਆਂ ਨੇ ਤੱਤ ਕੱਢਿਆ ਹੈ ਕਿ ਖੇਤੀ ਦਾ ਧੰਦਾ ਕਾਰਪੋਰੇਟਾਂ ਦੇ ਹੱਥ ਚਲੇ ਜਾਣ ਨਾਲ ਬੀਜਾਂ, ਖਾਦਾਂ ਤੇ ਖੇਤੀ ਵਸਤਾਂ ਦੀ ਕੀਮਤ 20 ਸਾਲਾਂ ਵਿੱਚ ਤਿੰਨ ਗੁਣਾਂ ਵਧ ਗਈ ਹੈ, ਜਿਸ ਕਾਰਨ ਉਨ੍ਹਾਂ ਦੇ ਸਿਰ ਉੱਤੇ ਕਰਜ਼ੇ ਦੀ ਰਕਮ 425 ਅਰਬ ਡਾਲਰ ਹੋ ਗਈ। ਮਸ਼ੀਨਰੀ ਵੇਚਣ ਵਾਲੇ ਕਿਸ਼ਤ ਟੁੱਟਣ ਉੱਤੇ ਖੇਤਾਂ ਵਿੱਚ ਚੱਲ ਰਹੇ ਟਰੈਕਟਰ ਬੰਦ ਕਰ ਕੇ ਚਾਬੀ ਕੱਢ ਕੇ ਲੈ ਜਾਂਦੇ ਹਨ। 80 ਫ਼ੀਸਦੀ ਪਿੰਡਾਂ ਵਿੱਚ ਬੱਚੇ ਪੈਦਾ ਕਰਨ ਦੀ ਰੁਚੀ ਘਟ ਰਹੀ ਹੈ, ਕਿਉਂਕਿ ਉਥੋਂ ਦੇ ਕਿਸਾਨ ਆਪਣੇ ਆਪ ਨੂੰ ਮਾਲੀ ਪੱਖੋਂ ਬੱਚੇ ਪਾਲਣ ਦੇ ਯੋਗ ਨਹੀਂ ਸਮਝਦੇ। ਜ਼ਮੀਨਾਂ ਦੀ ਕੀਮਤ ਡਿੱਗ ਪਈ ਅਤੇ ਕਿਸਾਨ ਖ਼ੁਦਕੁਸ਼ੀਆਂ ਚਾਰ-ਪੰਜ ਗੁਣਾਂ ਵਧ ਗਈਆਂ ਹਨ। ਛੋਟੇ ਕਿਸਾਨ ਵੱਡੀ ਗਿਣਤੀ ਵਿੱਚ ਖੇਤੀ ਛੱਡ ਕੇ ਨੌਕਰੀਆਂ ਲੱਭ ਰਹੇ ਹਨ। ਜੋ ਸਿੱਟਾ ਅਮਰੀਕਾ ਦੇ ਭਾਰਤੀ ਵਿਗਿਆਨੀ ਨੇ ਹਜ਼ਾਰਾਂ ਕਿਲੋਮੀਟਰ ਦੀ ਯਾਤਰਾ ਕਰ ਕੇ ਕੱਢਿਆ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਜੋਗਿੰਦਰ ਸਿੰਘ ਤੂਰ ਨੇ ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਨੂੰ ਵਕਾਲਤ ਦੀ ਕਸਵੱਟੀ ਉੱਤੇ ਪਰਖ ਕੇ 'ਖੇਤੀ ਕਾਨੂੰਨਾਂ ਵਿੱਚ ਕਾਲਾ ਕੀ ਹੈ?' ਨਾਂ ਦਾ ਕਿਤਾਬਚਾ ਤਿਆਰ ਕੀਤਾ ਹੈ, ਜਿਹੜਾ ਘੱਟ ਚੌਂਕਾ ਦੇਣ ਵਾਲਾ ਨਹੀਂ।

ਇੱਥੇ ਵੀ ਸਰਕਾਰ ਦੀ ਮਨਸਾ ਸਮੁੱਚੇ ਖੇਤੀ ਅਰਥਚਾਰੇ ਨੂੰ ਕਾਰ-ਪੋਰੇਟ ਸੈਕਟਰ ਦੇ ਹੱਥਾਂ ਵਿੱਚ ਦੇਣ ਦੀ ਹੈ। ਜਦੋਂ ਖੇਤੀ ਤੇ ਖੇਤਾਂ ਉਤੇ ਕਾਰ-ਪੋਰੇਟ ਘਰਾਣੇ ਕਾਬਜ਼ ਹੋ ਜਾਣਗੇ, ਅਨਾਜ ਤੇ ਖਾਣ ਵਾਲੀਆਂ ਵਸਤਾਂ ਮਹਿੰਗੀਆਂ ਹੋ ਜਾਣਗੀਆਂ। ਸਰਕਾਰੀ ਕੰਟਰੋਲ ਖ਼ਤਮ ਹੋਣ ਨਾਲ ਖ਼ਪਤਕਾਰ ਵਰਗ ਮਰਨ ਕੰਢੇ ਪਹੁੰਚ ਜਾਵੇਗਾ। ਖੇਤ ਮਜ਼ਦੂਰ, ਮੁਲਾਜ਼ਮ ਤੇ ਕਿਰਤ ਕਰਨ ਵਾਲੇ ਸਾਰੇ ਇਸ ਦਾ ਸ਼ਿਕਾਰ ਹੋਣਗੇ। ਇੱਥੇ ਹੀ ਬਸ ਨਹੀਂ, ਕੇਂਦਰ ਦੀ ਸਰਕਾਰ ਜ਼ਰੂਰੀ ਵਸਤਾਂ ਦੀ ਪੈਦਾਵਾਰ, ਸਪਲਾਈ ਤੇ ਸਾਵੀਂ ਵੰਡ ਨੂੰ ਯਕੀਨੀ ਕਰਨ ਜਾਂ ਦੇਸ਼ ਦੇ ਮਿਲਟਰੀ ਅਪ੍ਰੇਸ਼ਨਜ਼ ਦੀ ਸੂਰਤ ਵਿੱਚ ਇਨ੍ਹਾਂ ਵਸਤਾਂ ਨੂੰ ਵਿਉਂਤ ਬੱਧ ਤਰੀਕੇ ਨਾਲ ਪੈਦਾ ਕਰਨ, ਖ਼ਰੀਦ ਤੇ ਵਿੱਕਰੀ ਮੁੱਲ ਨਿਸ਼ਚਿਤ ਕਰਨ ਜਾਂ ਵੰਡ ਪ੍ਰਣਾਲੀ ਬਣਾਉਣ ਤੇ ਲਾਗੂ ਕਰਨ ਦੇ ਅਧਿਕਾਰ ਵੀ ਆਪਣੇ ਹੱਥ ਲੈਣ ਵਾਲੀ ਹੈ। ਜ਼ਰੂਰੀ ਵਸਤਾਂ ਵਿੱਚ ਖੁਰਾਕ ਪਦਾਰਥ ਹੀ ਨਹੀਂ, ਪਸ਼ੂ ਖ਼ੁਰਾਕ, ਕੋਲਾ, ਮੋਟਰ ਗੱਡੀਆਂ ਦੇ ਪੁਰਜ਼ੇ, ਕਪਾਹ, ਊਨੀ ਕੱਪੜਾ, ਤੇਲ ਅਤੇ ਤੇਲ ਬੀਜ, ਲੋਹਾ ਅਤੇ ਸਟੀਲ, ਕਾਗ਼ਜ਼, ਪੈਟਰੋਲ, ਡੀਜ਼ਲ ਅਤੇ ਪੈਟਰੋਲੀਅਮ ਤੋਂ ਬਣੀਆਂ ਉਹ ਸਭ ਚੀਜ਼ਾਂ, ਜਿਹੜੀਆਂ ਸਰਕਾਰ ਲੋਕਾਂ ਦੀ ਲੋੜ ਲਈ ਜ਼ਰੂਰੀ ਸਮਝੇ, ਸ਼ਾਮਲ ਹਨ।

ਚੇਤੇ ਰਹੇ ਕਿ ਇਹ ਐਕਟ ਕੋਈ ਨਵਾਂ ਨਹੀਂ। ਪੰਡਤ ਨਹਿਰੂ ਦੇ ਕਾਰ-ਜਕਾਲ ਵਿੱਚ ਖੇਤੀ ਮੰਤਰੀ ਰਫ਼ੀ ਅਹਿਮਦ ਕਿਦਵਾਈ ਦੀ ਅਗਵਾਈ ਵਿੱਚ ਬਣਿਆ ਕਾਨੂੰਨ 1955 ਤੋਂ ਚੱਲਿਆ ਆ ਰਿਹਾ ਹੈ। ਇਸ ਵਿੱਚ 2003 ਤੱਕ ਅਨੇਕਾਂ ਸੁਧਾਰ ਹੋਏ ਹਨ, ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਵਰਤਮਾਨ ਸਰਕਾਰ ਇਸ ਨੂੰ ਖ਼ਤਮ ਕਰ ਕੇ ਸਾਰੇ ਅਧਿਕਾਰ ਆਪਣੇ ਹੱਥ ਲੈ ਰਹੀ ਹੈ ਤਾਂ ਕਿ ਆਮ ਜਨਤਾ ਨੂੰ ਖੂੰਜੇ ਧੱਕ ਕੇ ਆਪਣੇ ਚੁਹੇਤਿਆਂ ਨੂੰ ਲਾਭ ਪਹੁੰਚਾ ਸਕੇ। ਅੱਗੇ ਤੋਂ ਇਹ ਵਸਤਾਂ ਹਰ ਕਿਸੇ ਨੂੰ ਮਾਰਕੀਟ ਤੋਂ ਖ਼ਰੀਦਣੀਆਂ ਪੈਣਗੀਆਂ, ਜਿਸ ਉਤੇ ਕਾਰਪੋਰਟ ਸੈਕਟਰ ਦਾ ਕੰਟਰੋਲ ਹੋਵੇਗਾ। ਨਿਸ਼ਚੇ ਹੀ ਫੂਡ ਪ੍ਰਾਸੈਸਿੰਗ ਦਾ ਕੰਮ ਵੀ ਉਨ੍ਹਾਂ ਦੇ ਹੱਥ ਆ ਜਾਵੇਗਾ। ਵਪਾਰੀ ਕਿਸਾਨ ਤੋਂ 10 ਰੁਪਏ ਕਿਲੋ ਮੱਕੀ ਖ਼ਰੀਦ ਕੇ ਮੱਕੀ ਤੋਂ ਬਣਿਆ ਕਸਟਰਡ 250 ਰੁਪਏ ਕਿਲੋ ਵੇਚਦੇ ਹਨ। ਆਲੂ ਪੰਜ-ਦਸ ਰੁਪਏ ਕਿਲੋ ਖ਼ਰੀਦ ਕੇ ਚਿਪਸ ਬਣਾ ਕੇ 200 ਰੁਪਏ ਕਿਲੋ ਵੇਚਦੇ ਹਨ। ਇਸੇ ਤਰ੍ਹਾਂ ਹਰੇ ਮਟਰ 10-15 ਰੁਪਏ ਲੈ ਕੇ ਫਰੋਜ਼ਨ ਮਟਰ 100 ਰੁਪਏ ਕਿਲੋ ਵੇਚੇ ਜਾ ਰਹੇ ਹਨ। ਇੱਥੋਂ ਤੱਕ ਕਿ ਕੌਫੀ ਦੇ ਬੀਜ 200 ਰੁਪਏ ਕਿਲੋ ਖ਼ਰੀਦ ਕੇ ਇੰਸਟੈਂਟ ਕੌਫੀ 2,000 ਰੁਪਏ ਕਿਲੋ ਵਿਕਦੀ ਹੈ। ਨਵੇਂ ਕਾਨੂੰਨ ਲਾਗੂ ਹੋਣ ਨਾਲ ਇਹ ਸਾਰਾ ਲਾਭ ਨਵੇਂ ਵਪਾਰੀ ਮਾਨਣਗੇ।

1955 ਦੇ ਜ਼ਰੂਰੀ ਵਸਤਾਂ ਐਕਟ ਦੀ ਲੋੜ ਨੂੰ ਤਕੱਦਿਆਂ ਕਿਸਾਨ ਇਹ ਆਸ ਲਾਈ ਬੈਠੇ ਸਨ ਕਿ ਜਿਸ ਘਾਲਣਾ ਨਾਲ ਉਨ੍ਹਾਂ ਨੇ ਅੰਨ ਸੰਕਟ ਖ਼ਤਮ ਕਰਕੇ ਹਰੀ ਕ੍ਰਾਂਤੀ ਲਿਆਂਦੀ ਹੈ, ਉਨ੍ਹਾਂ ਨੂੰ ਇਸ ਦਾ ਥਾਪੜਾ ਮਿਲੇਗਾ, ਪਰ ਹੋਣ ਉਹ ਜਾ ਰਿਹਾ ਹੈ, ਜੋ ਉਪਰ ਦਰਜ ਹੈ। ਅੱਜ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦਾ ਮਸਲਾ ਪੂਰੀ ਤਰ੍ਹਾਂ ਉਲਝਾਇਆ ਜਾ ਰਿਹਾ ਹੈ। ਸਾਰੇ ਜਾਣਦੇ ਹਨ ਕਿ ਪ੍ਰਤੀ ਕੁਇੰਟਲ ਐਮ ਐਸ ਪੀ ਪਹਿਲਾਂ ਹੀ ਲਾਗਤ ਕੀਮਤ ਨਾਲੋਂ ਘੱਟ ਹੈ। ਕਣਕ ਦੀ 1613 ਰੁਪਏ ਦੀ ਥਾਂ 1350 ਰੁਪਏ, ਝੋਨਾ 1751 ਦੀ ਥਾਂ 1310, ਬਾਜਰਾ 1315 ਦੀ ਥਾਂ 1250 ਰੁਪਏ ਹੈ। ਇਹੋ ਹਾਲ ਮੱਕੀ, ਕਪਾਹ, ਜੌਂ ਅਤੇ ਛੋਲਿਆਂ ਦਾ ਹੈ। 2014 ਦੀਆਂ ਚੋਣਾਂ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਚਨ ਦਿੱਤਾ ਸੀ ਕਿ ਕਿਸਾਨਾਂ ਨੂੰ ਐਮ ਐਸ ਪੀ ਮਿਲਣੀ ਲਾਜ਼ਮੀ ਕਰੇਗਾ। ਹੋਇਆ ਇਹ ਕਿ ਕੇਂਦਰ ਦੀ ਨਵੀਂ ਸਰਕਾਰ 23 ਫ਼ਸਲਾਂ ਦੀ ਤੈਅ ਕੀਤੀ ਐਮ ਐਸ ਪੀ ਤੋਂ ਇਨਕਾਰੀ ਹੋ ਗਈ ਤੇ ਇਸ ਨੂੰ ਮੁੱਢੋਂ-ਸੁਢੋਂ ਬੰਦ ਕਰਨ ਉੱਤੇ ਆ ਗਈ ਹੈ। ਨਵੇਂ ਕਾਨੂੰਨ ਵਿੱਚ ਵਪਾਰੀ ਇਲੈਕਟ੍ਰਾਨਿਕ ਢੰਗ ਨਾਲ ਪਤਾ ਕਰ ਸਕਦਾ ਹੈ ਕਿ ਕਿਹੜੀ ਮੰਡੀ ਵਿੱਚ ਜਿਣਸ ਦਾ ਕੀ ਭਾਅ ਚੱਲਦਾ ਹੈ ਤੇ ਉਸ ਨੂੰ ਪੂਰਾ ਹੱਕ ਹੈ ਕਿ ਇਸ ਨੂੰ ਆਧਾਰ ਬਣਾ ਕੇ ਫ਼ਸਲ ਦੀ ਖ਼ਰੀਦ ਸਮੇਂ ਮਨਭਾਉਂਦਾ ਮੁੱਲ ਦੇਵੇ। ਫੂਡ ਕਾਰਪੋਰੇਸ਼ਨ ਆਫ ਇੰਡੀਆ ਤਾਂ ਕੀ, ਕੋਈ ਵੀ ਸਰਕਾਰੀ ਸੰਸਥਾ ਜਾਂ ਕਾਰਪੋਰੇਸ਼ਨ ਖ਼ਰੀਦ ਸ਼੍ਰੇਣੀ ਵਿੱਚ ਸ਼ਾਮਲ ਨਹੀਂ ਕੀਤੀ ਗਈ। ਜੇ ਸਰਕਾਰ ਹੀ ਖ਼ਰੀਦ ਮੰਡੀ ਵਿੱਚੋਂ ਬਾਹਰ ਆ ਗਈ ਤਾਂ ਖ਼ਰੀਦਦਾਰ ਕੌਣ ਰਹਿ ਜਾਵੇਗਾ? ਸਿਰਫ਼ ਇਲੈਕਟ੍ਰਾਨਿਕ ਵਪਾਰੀ।

ਨਵੇਂ ਕਾਨੂੰਨਾਂ ਤਹਿਤ ਬਾਹਰਲੇ ਦੇਸ਼ਾਂ ਵਿੱਚ ਬੈਠੇ ਘੱਟ ਤੋਂ ਘੱਟ ਦੋ ਜਾਂ ਦੋ ਵੱਧ ਵਿਅਕਤੀ, ਵਪਾਰੀ ਜਾਂ ਵਪਾਰਕ ਕੰਪਨੀਆਂ-ਕੰਪਨੀ ਬਣਾ ਕੇ ਭਾਰਤ ਵਿੱਚ ਵਪਾਰ ਕਰ ਸਕਦੇ ਹਨ। ਸ਼ਰਤ ਇਹ ਹੈ ਕਿ ਉਨ੍ਹਾਂ ਨੂੰ ਇੱਕ ਭਾਰਤੀ ਮੈਂਬਰ ਲੈਣਾ ਪਵੇਗਾ, ਜਿਹੜਾ ਭਾਵੇਂ ਕੋਈ ਆਰਥਿਕ ਸਮਰੱਥਾ ਨਾ ਰੱਖਦਾ ਹੋਵੇ ਤੇ ਭਾਵੇਂ ਉਹ ਬੱਸ ਚਲਾਉਣ ਵਾਲਾ ਹੀ ਹੋਵੇ।

ਇਹ ਕਾਨੂੰਨ ਬਣਨ ਉੱਤੇ ਨਾਰਥ ਅਮਰੀਕਾ ਦੇ ਕਿੱਤਾਧਾਰੀਆਂ ਦੀ ਇੱਕ ਸੰਸਥਾ ਨੇ ਭਰਵਾਂ ਸਵਾਗਤ ਕੀਤਾ ਤੇ ਖੁੱਲ੍ਹੇਆਮ ਕਿਹਾ ਕਿ ਅੱਜ ਮੌਕਾ ਮਿ-ਲਿਆ ਹੈ ਸਾਨੂੰ ਬਾਹਰ ਬੈਠਿਆਂ ਭਾਰਤ ਵਿੱਚ ਵਪਾਰ ਦਾ। ਇਸ ਕਾਨੂੰਨ ਨੇ ਭਾਰਤ ਵੱਲ ਸਾਡੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਬਾਹਰ ਬੈਠੇ ਵਪਾਰੀਆਂ ਨੂੰ ਇਸ ਕੰਪਨੀ ਵੱਲੋਂ ਕੀਤੇ ਜੁਰਮ ਜਾਂ ਘਪਲੇ ਵਿੱਚ ਫੜਨਾ ਤੇ ਸਜ਼ਾ ਦੇਣਾ ਔਖਾ ਹੋਵੇਗਾ, ਭਾਰਤੀ ਹਿੱਸੇਦਾਰ ਦੀ ਮਾਲੀ ਹੈਸੀਅਤ ਨਾ ਹੋਣ ਕਾਰਨ ਤੁਸੀਂ ਕੁਝ ਨਹੀਂ ਕਰ ਸਕੋਗੇ। ਅਜਿਹਾ ਵਪਾਰੀ, ਜਿਸ ਦਾ ਜ਼ਮੀਨ ਦੇ ਮਾਲਕ ਕਿਸਾਨ ਨੂੰ ਥਹੁ ਪਤਾ ਨਹੀਂ ਹੋਣਾ, ਉਹ ਹੋਂਦ ਵਿੱਚ ਆਈਆਂ ਜਾਅਲੀ ਕੰਪਨੀਆਂ, ਫਰਮਾਂ ਤੇ ਸੁਸਾਇਟੀਆਂ ਨੂੰ ਕਿੱਥੇ ਲੱਭਦਾ ਫਿਰੇਗਾ, ਕਿਸ ਦੇ ਖ਼ਿਲਾਫ਼ ਕਾਰਵਾਈ ਕਰੇਗਾ? ਸਰਕਾਰ ਨੇ ਤਾਂ ਪਹਿਲਾਂ ਹੀ ਆਪਣੇ ਹੱਥ ਵੱਢ ਕੇ ਉਨ੍ਹਾਂ ਨੂੰ ਦੇ ਛੱਡੇ ਹੋਣਗੇ।

ਤੀਜਾ ਕਾਨੂੰਨ ਕੰਟਰੈਕਟ ਫਾਰਮਿੰਗ ਬਾਰੇ ਹੈ, ਜਿਹੜਾ ਦੇਸ਼ ਦੀ ਕਿਸਾਨੀ ਨੂੰ ਹੋਰ ਭੰਬਲਭੂਸੇ ਵਿੱਚ ਪਾਉਂਦਾ ਹੈ। ਇਸ ਦੀ ਸ਼ਬਦਾਵਲੀ ਤੋਂ ਜਾਪਦਾ ਹੈ ਕਿ ਇਸ ਦੇ ਲਾਗੂ ਹੋਣ ਨਾਲ ਕਿਸਾਨ ਮਜ਼ਬੂਤ ਤੇ ਸੁਰੱਖਿਅਤ ਹੋਣਗੇ, ਪਰ ਇਸ ਦੀ ਤਹਿ ਵਿੱਚ ਜਾਈਏ ਤਾਂ ਇਸ ਨੇ ਸ਼ਕਤੀ ਤੇ ਸੁਰੱਖਿਆ ਕੀ ਦੇਣੀ ਹੈ, ਸਗੋਂ ਇਹ ਫ਼ਸਲੀ ਉਪਜ ਦਾ ਯੋਗ ਮੁੱਲ ਮਿਲਣ ਦਾ ਵੀ ਭਰੋਸਾ ਨਹੀਂ ਦਿਵਾਉਂਦਾ। ਉਂਝ ਵੀ ਇਸ ਕਾਨੂੰਨ ਦਾ ਸਿੱਧਾ ਸਬੰਧ ਖੇਤੀ ਨਾਲ ਹੋਣ ਸਦਕਾ, ਸੰਵਿਧਾਨ ਅਨੁਸਾਰ ਇਹ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੈ। ਕੇਂਦਰ ਵੱਲੋਂ ਇਸ ਨੂੰ ਘੜਨਾ ਜਾਂ ਲਾਗੂ ਕਰਨਾ ਗ਼ੈਰ-ਸੰਵਿਧਾਨਕ ਹੈ। ਕੇਂਦਰ ਦੀ ਵਰਤਮਾਨ ਸਰਕਾਰ ਖੇਤੀ ਦੇ ਇਸ ਕਾਨੂੰਨ ਨੂੰ ਵਣਜ-ਵਪਾਰ ਨਾਲ ਰਲਗੱਡ ਕਰ ਕੇ, ਇਸ ਨੂੰ ਕੇਂਦਰ ਤੇ ਰਾਜ ਸਰਕਾਰ ਦੀ ਸਾਂਝੀ ਲਿਸਟ ਵਿੱਚ ਹੋਣ ਦਾ ਭੁਲੇਖਾ ਪਾ ਰਹੀ ਹੈ। ਇਹ ਵੀ ਕਿ ਇਸ ਨੂੰ ਲਾਗੂ ਕਰਨ ਬਾਰੇ ਕੇਂਦਰ ਹੀ ਨਿਯਮ ਬਣਾਏਗਾ ਅਤੇ ਰਾਜਾਂ ਨੂੰ ਇਨ੍ਹਾਂ ਉੱਤੇ ਪਾਬੰਦ ਹੋਣਾ ਪਵੇਗਾ। ਰਾਜ ਸਰਕਾਰਾਂ ਕੇਂਦਰ ਦੇ ਮਾਤਹਿਤ ਹੀ ਨਹੀਂ ਹੋ ਨਿਬੜਦੀਆਂ, ਉਨ੍ਹਾਂ ਦੀ ਮਾਲਕੀ ਅਤੇ ਮਾਸਟਰੀ ਉਤੇ ਵੀ ਪੋਚਾ ਫਿਰ ਜਾਂਦਾ ਹੈ। ਜੇ ਅਸੀਂ ਇਸ ਕਾਨੂੰਨ ਦੀ ਧਾਰਾ ਨੂੰ ਇਲੈਕਟ੍ਰਾਨਿਕ ਵਪਾਰ ਵਿੱਚ ਫਿੱਟ ਕਰਕੇ ਦੇਖੀਏ ਤਾਂ ਸਾਫ ਹੋ ਜਾਂਦਾ ਹੈ ਕਿ ਜ਼ਮੀਨ ਦੇ ਅਸਲ ਮਾਲਕ ਨੂੰ ਵਪਾਰੀ ਪੱਲਾ ਹੀ ਨਹੀਂ ਫੜਾਉਂਦਾ। ਕਹਿਣ ਨੂੰ ਫ਼ਸਲ ਉਗਾਉਣ ਉਤੇ ਜਿਹੜਾ ਬੀਜ, ਖ਼ੁਰਾਕ, ਪਸ਼ੂ ਖ਼ੁਰਾਕ, ਖੇਤੀ ਰਸਾਇਣ, ਮਸ਼ੀਨਰੀ, ਟੈਕਨਾਲੋਜੀ, ਗ਼ੈਰ-ਰਸਾਇਣਕ ਪਦਾਰਥ ਆਦਿ ਦਾ ਖ਼ਰਚ ਆਉਣਾ ਹੈ, ਉਹ ਵਪਾਰੀ ਨੇ ਦੇਣਾ ਹੈ, ਪਰ ਇਸ ਦੀਆਂ ਨੀਂਹਾਂ ਵਿੱਚ ਕਾਲਖ ਹੀ ਕਾਲਖ ਹੈ। ਵਪਾਰੀ ਕਿਸਾਨ ਦੇ ਨਾਂ ਉੱਤੇ ਕਰਜ਼ਾ ਲੈ ਸਕਦਾ ਹੈ ਤੇ ਅਦਾਇਗੀ ਨਾ ਹੋਣ ਦੀ ਸੂਰਤ ਵਿੱਚ ਕਿਸਾਨ ਤੇ ਉਸ ਦੀ ਭੋਂ, ਜਿਸ ਦੇ ਆਧਾਰ ਉੱਤੇ ਕਰਜ਼ਾ ਲਿਆ ਗਿਆ ਹੈ, ਕੁੜੱਕੀ ਵਿੱਚ ਆ ਜਾਂਦੇ ਹਨ।

ਇੱਥੇ ਹੀ ਬਸ ਨਹੀਂ, ਉਪਜ ਦੀ ਗੁਣਵੱਤਾ ਜਾਨਣ ਲਈ ਲੈਬਰਾਟਰੀ ਟੈਸਟ ਕਰਾਇਆ ਜਾਵੇਗਾ। ਟੈਸਟ ਅਨੁਸਾਰ ਜੇ ਉਪਜ ਵਿੱਚ ਕੀਟਨਾਸ਼ਕ ਦਵਾਈਆਂ ਦੀ ਰਹਿੰਦ-ਖੂੰਹਦ ਨਿਕਲ ਆਈ ਤਾਂ ਵਪਾਰੀ ਇਸ ਜਿਣਸ ਨੂੰ ਰੱਦ ਕਰ ਸਕਦਾ ਹੈ। ਇਹ ਕਿਸੇ ਨਹੀਂ ਦੇਖਣਾ ਕਿ ਬੀਜ ਹੀ ਵਪਾਰੀ ਦਾ ਦਿੱਤਾ ਹੋਇਆ ਨਹੀਂ, ਸਗੋਂ ਸੇਂਜੀ, ਸਪਰੇਅ ਤੇ ਦੇਖ-ਭਾਲ ਵੀ ਵਪਾਰੀ ਦੀਆਂ ਹਦਾਇਤਾਂ ਅਨੁਸਾਰ ਹੋਈ ਹੈ। ਜਿਣਸ ਦਾ ਗਰੇਡ, ਸੁਟਾਈ, ਦਾਣਿਆਂ ਦੇ ਰੰਗ, ਆਕਾਰ ਤੇ ਨਮੀ ਬਾਰੇ ਵੀ ਕਿਸਾਨ ਨੂੰ ਬੋਲਣ ਦਾ ਹੱਕ ਨਹੀਂ। ਮਾੜੀ ਗੱਲ ਇਹ ਕਿ ਵਪਾਰੀ ਉੱਤੇ ਸਟਾਕ ਦੀ ਕੋਈ ਪਾਬੰਦੀ ਨਹੀਂ ਹੋਣੀ। ਉਹ ਜਿੰਨੀ ਮਰਜ਼ੀ ਉਪਜ ਖ਼ਰੀਦੇ ਤੇ ਜਦੋਂ ਤੱਕ ਮਰਜ਼ੀ ਸਟਾਕ ਕਰੀ ਰੱਖੇ, ਸਰਕਾਰ ਦਾ ਉਸ ਉੱਤੇ ਕੋਈ ਕੰਟਰੋਲ ਨਹੀਂ ਹੋਣਾ। ਉਦੋਂ ਕਿਸਾਨ ਕਿਹੜੀ ਕਚਹਿਰੀ ਦਾ ਕੁੰਡਾ ਖੜਕਾਏਗਾ। ਜੇ ਵਪਾਰੀ ਕਿਸੇ ਵਿਦੇਸ਼ੀ ਕੰਪਨੀ ਵਾਲਾ ਹੈ, ਨਾ ਉਸ ਦੀ ਜਾਇਦਾਦ ਕੁਰਕ ਕੀਤੀ ਜਾ ਸਕਦੀ ਹੈ ਅਤੇ ਨਾ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਕੇਂਦਰ ਸਰਕਾਰ ਨੇ ਪੱਲਾ ਝਾੜ ਦੇਣਾ ਹੈ। ਕਿਸਾਨ ਕੀ ਕਰੇਗਾ। ਓਥੇ ਕੋਈ ਭਲੇ ਵੇਲਿਆਂ ਵਾਲਾ ਛੋਟੂ ਰਾਮ ਵਰਗਾ ਹਿਤੈਸ਼ੀ ਨਹੀਂ, ਜਿਹੜਾ ਕਿਸਾਨ ਦੀ ਸੋਚੇ।

ਜੋਗਿੰਦਰ ਸਿੰਘ ਤੂਰ ਨੇ ਆਪਣੇ ਤਾਜ਼ਾ ਲਿਖੇ ਕਿਤਾਬਚੇ 'ਖੇਤੀ ਕਾਨੂੰਨਾਂ ਵਿੱਚ ਕਾਲਾ ਕੀ ਹੈ?' ਵਿੱਚ ਤਿੰਨਾਂ ਕਾਨੂੰਨਾਂ ਦੀ ਕਾਨੂੰਨੀ ਪਰਖ ਪੜਚੋਲ ਕਰਕੇ ਸਾਬਤ ਕੀਤਾ ਹੈ ਕਿ ਇਹ ਕਾਨੂੰਨ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਤੋਂ ਬਾਹਰੇ ਹੀ ਨਹੀਂ, ਕਿਸਾਨ ਮਾਰੂ ਵੀ ਹਨ। ਕਿਸਾਨ ਆਪਣੀ ਥਾਂ ਸੱਚੇ ਹਨ, ਜਿਹੜੇ ਆਪਣਾ ਘਰ-ਬਾਰ ਛੱਡ ਕੇ ਮੀਂਹ, ਹਨੇਰੀ ਅਤੇ ਸਰਦੀ-ਗਰਮੀ ਨਾਲ ਆਢਾ ਲਾ ਕੇ ਦਿੱਲੀ ਬਾਰਡਰ ਉੱਤੇ ਡੇਰੇ ਲਾਈ ਬੈਠੇ ਹਨ। ਇਸੇ ਕਾਰਨ ਉਹ ਇਨ੍ਹਾਂ ਕਾਨੂੰਨਾਂ ਵਿੱਚ ਕਿਸੇ ਤਰ੍ਹਾਂ ਦੀ ਵੀ ਸੋਧ ਕਰਨਾ ਨਹੀਂ ਮੰਨ ਰਹੇ।

ਐਡਵੋਕੇਟ ਤੂਰ ਦੇ ਸ਼ਬਦਾਂ ਵਿੱਚ 'ਜੇ ਕਿਸਾਨ ਸੋਧ ਕਰਨਾ ਮੰਨ ਲੈਂਦੇ ਹਨ ਤਾਂ ਯਕੀਨਨ ਇਹ ਵੀ ਮੰਨ ਲੈਂਦੇ ਹਨ ਕਿ ਕੇਂਦਰ ਨੂੰ ਇਹ ਕਾਨੂੰਨ ਬਣਾਉਣ ਦਾ ਅਧਿਕਾਰ ਹੈ, ਉਹ ਕੇਂਦਰ ਦੀ ਇਹ ਤਜਵੀਜ਼ ਨਹੀਂ ਮੰਨ ਰਹੇ ਕਿ ਇਨ੍ਹਾਂ ਨੂੰ ਦੋ ਜਾਂ ਤਿੰਨ ਸਾਲ ਲਈ ਲੰਬਿਤ ਕਰ ਦਿੱਤਾ ਜਾਵੇ।' ਤੂਰ ਦੀਆਂ ਨਜ਼ਰਾਂ ਵਿੱਚ ਜੇ ਇਨ੍ਹਾਂ ਕਾਨੂੰਨਾਂ ਨੂੰ ਘੜਨਾ ਜਾਂ ਲਾਗੂ ਕਰਨਾ ਕੇਂਦਰ ਦੇ ਅਧਿਕਾਰ ਖੇਤਰ ਵਿੱਚ ਹੀ ਨਹੀਂ ਤਾਂ ਕੇਂਦਰ ਇਨ੍ਹਾਂ ਨੂੰ ਰੱਦ ਕਰਨਾ ਕਿਉਂ ਨਹੀਂ ਮੰਨ ਰਿਹਾ?

ਇਸ ਕਿਤਾਬਚੇ ਵਿੱਚ ਜੋਗਿੰਦਰ ਸਿੰਘ ਤੂਰ ਵੱਲੋਂ ਕੀਤੀ ਛਾਣਬੀਣ ਸਿੱਧ ਕਰਦੀ ਹੈ ਕਿ ਨਵੇਂ ਫ਼ੈਸਲੇ ਸਰਕਾਰ ਨਹੀਂ ਲੈਂਦੀ, ਬਲਕਿ ਵੱਡੇ ਵਪਾਰੀ ਘਰਾਣੇ ਅਜਿਹੇ ਕਾਨੂੰਨ ਬਣਾ ਕੇ ਜਾਂ ਬਣਵਾ ਕੇ ਸਰਕਾਰ ਨੂੰ ਦਿੰਦੇ ਹਨ ਤੇ ਸੱਤਾਧਾਰੀ ਪਾਰਟੀ ਚੋਣਾਂ ਵੇਲੇ ਇਨ੍ਹਾਂ ਵੱਡੇ ਵਪਾਰੀ ਘਰਾਣਿਆਂ ਤੋਂ ਇਵਜ਼ਾਨੇ ਵਜੋਂ ਪੈਸੇ ਲੈ ਲੈਂਦੀ ਹੈ। ਅੱਜ ਤੱਕ ਸਰਕਾਰ ਲੋਕਾਂ ਨੂੰ ਜਾਤਾਂ, ਧਰਮਾਂ ਤੇ ਜੁਮਲਿਆਂ ਨਾਲ ਆਪਸ ਵਿੱਚ ਜੁੜਨ ਨਹੀਂ ਦੇ ਰਹੀ ਸੀ ਤੇ ਆਪਣੇ ਆਪ ਨੂੰ ਮਹਿਫ਼ੂਜ਼ ਮਹਿਸੂਸ ਕਰ ਰਹੀ ਸੀ। ਕਿਰਤੀ ਕਿਸਾਨਾਂ ਦੇ ਵਰਤਮਾਨ ਸੰਘਰਸ਼ ਨੇ ਇਹ ਵਹਿਮ ਤੋੜਿਆ ਹੈ। ਪਹਿਲੀ ਵਾਰ ਇਸ ਸੰਘਰਸ਼ ਨੇ ਜਾਤ ਤੇ ਧਰਮ ਦੇ ਵਖਰੇਵੇਂ ਤੋਂ ਉਤੇ ਉਠ ਕੇ ਵਰਗ ਚੇਤਨਾ ਪੈਦਾ ਕੀਤੀ ਹੈ। ਅੱਜ ਹਰ ਕਿਸਾਨ ਇੱਕ-ਦੂਜੇ ਨੂੰ ਕਹਿੰਦੇ ਹੈ: ਤੂੰ ਵੀ ਕਿਸਾਨ, ਮੈਂ ਵੀ ਕਿਸਾਨ। ਇਸੇ ਤਰ੍ਹਾਂ ਗ਼ਰੀਬ ਕਹਿੰਦਾ ਹੈ: ਤੂੰ ਵੀ ਗ਼ਰੀਬ, ਮੈਂ ਵੀ ਗ਼ਰੀਬ। ਆਪਣਾ ਸਾਹ ਇੱਕੋ, ਆਪਣੇ ਰਾਹ ਇੱਕੋ। ਇਹ ਚੇਤਨਾ ਭਾਰਤ ਵਿੱਚ ਬੁਨਿਆਦੀ ਤਬਦੀਲੀ ਲਿਆਉਂਦੀ ਨਜ਼ਰ ਆ ਰਹੀ ਹੈ।

ਲੇਖਕ ਨੇ ਇਸ ਕਿਤਾਬਚੇ ਵਿੱਚ ਆਈ ਟੀ ਓ, ਗੈਟ, ਡਬਲਿਊ ਟੀ ਓ ਅਤੇ ਏ ਓ ਏ (11) ਸਣੇ ਸੰਸਾਰ ਦੇ ਹੋਰ ਦੇਸ਼ਾਂ ਦੇ ਪ੍ਰਮਾਣ ਵੀ ਦਿੱਤੇ ਹਨ, ਜਿਨ੍ਹਾਂ ਨੇ ਆਪੋ ਆਪਣੇ ਅਰਥਚਾਰੇ ਨੂੰ ਕੰਟਰੋਲ ਕਰਨ ਲਈ ਅਜਿਹੇ ਕਾਨੂੰਨ ਬਣਾਏ ਤੇ ਮੂੰਹ ਦੀ ਖਾਧੀ। ਕਿਸਾਨਾਂ ਤੇ ਕਿਸਾਨ ਹਿਤੈਸ਼ੀਆਂ ਲਈ ਇਹ ਕਿਤਾਬਚਾ ਰਾਹ ਦਸੇਰਾ ਹੈ। ਲੇਖਕ ਨੇ ਇਸ ਦੀਆਂ 5000 ਪੰਜਾਬੀ ਤੇ ਇੰਨੀਆਂ ਹੀ ਹਿੰਦੀ ਵਿੱਚ ਕਾਪੀਆਂ ਮੁਫ਼ਤ ਵੰਡਣ ਲਈ ਛਪਵਾਈਆਂ ਹਨ।

# ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ



ਹਰਕੀਰਤ ਕੌਰ
97791-18066

ਅਕਸਰ ਕਿਹਾ ਜਾਂਦਾ ਹੈ ਕਿ ਤਲਵਾਰ ਦੇ ਫੱਟ ਤਾਂ ਰਾਜੀ ਹੋ ਜਾਂਦੇ ਹਨ ਪਰ ਜ਼ੁਬਾਨ ਦੇ ਫੱਟ ਕਦੇ ਨਹੀਂ ਭਰਦੇ। ਅੱਜ ਦੇ ਅਧੁਨਿਕ ਦੌਰ ਵਿੱਚ ਹਰ ਕੋਈ ਆਪਣੀ ਜ਼ਿੰਦਗੀ ਵਿੱਚ ਮਸਤ ਹੈ, ਸੁਖ ਸਹੂਲਤਾਂ ਲੋਕਾਂ ਕੋਲ ਬਹੁਤ ਨੇ ਪਰ ਬੋਲਾਂ ਦਾ ਮਿੱਠਾਪਣ, ਸਹਿਣਸ਼ੀਲਤਾ, ਪਿਆਰ ਮਹੁੱਬਤ, ਪਰਿਵਾਰਕ ਸਾਂਝ ਕਿਤੇ ਖੰਭ ਲਾ ਉੱਡ ਗਈ ਹੈ। ਬਹੁਤ ਵਿਰਲੇ ਘਰ ਪਰਿਵਾਰ ਵੇਖਣ ਨੂੰ ਮਿਲਦੇ ਹਨ, ਜਿੱਥੇ ਆਪਸੀ ਪ੍ਰੇਮ ਪਿਆਰ ਨਾਲ ਟੱਬਰ ਸੁਖੀ ਵਸ ਰਿਹਾ ਹੈ ਨਹੀਂ ਤਾਂ ਬਹੁਤਾਂਤ ਘਰਾਂ ਵਿੱਚ ਆਪਣੇ ਹੀ ਖੂਨ ਆਪਣੇ ਹੀ ਪਰਿਵਾਰਕ ਮੈਂਬਰਾਂ ਨਾਲ ਸ਼ਰੀਕੇਬਾਜ਼ੀ ਨੇ ਪਰਿਵਾਰਕ ਸਾਂਝ ਖਤਮ ਕਰ ਦਿੱਤੀ ਹੈ। ਮੈਨੂੰ ਅੱਜ ਵੀ ਯਾਦ ਹੈ ਮੈਂ ਸਾਡੇ ਘਰ ਇੱਕ ਸੀਰੀ ਰੱਖਿਆ ਹੁੰਦਾ ਸੀ , ਮੈਂ ਉਸਨੂੰ ਕੰਮ ਨਾ ਸਹੀ ਕਰਨ ਲਈ ਜਰਾ ਉੱਚੇ ਬੋਲ ਬੋਲ ਦਿੱਤੇ। ਕੋਲ ਬੈਠੀ ਮੇਰੇ ਦਾਦੀ ਜੀ ਕਹਿਣ ਲੱਗੇ " ਪੁੱਤ ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ। " ਉਮਰ ਨਿਆਣੀ ਹੋਣ ਕਰਕੇ ਉਸ ਸਮੇਂ ਇਹਨਾਂ ਗੱਲਾਂ ਦੀ ਕੁਝ ਜਿਆਦਾ ਸਮਝ ਨਹੀਂ ਸੀ, ਪਰ ਦਾਦੀ ਵੱਲੋਂ ਜਦੋਂ ਉਦਹਾਰਣਾਂ ਦੇ ਅਰਥ ਸਮਝਾਏ ਤਾਂ ਮਿੱਠਾ ਬੋਲਣ ਦਾ ਪ੍ਰਣ ਲਿਆ। ਹਰ ਇਨਸਾਨ ਵਿੱਚ ਇੱਕ ਦਿਲ ਹੈ, ਹਰ ਇਨਸਾਨ ਦੇ ਜਜ਼ਬਾਤ ਅਤੇ ਅਹਿਸਾਸ ਹੁੰਦੇ ਹਨ, ਉਹ ਚਾਹੇ ਅਮੀਰ ਹੋਵੇ ਚਾਹੇ ਗਰੀਬ। ਦਾਦੀ ਦੀ ਇਹ ਗੱਲ ਵੀ ਸੋ ਆਨੇ ਸੱਚ ਹੈ ਕਿ ਕਰਤਾਰ ਤੋਂ ਡਰਨਾ ਚਾਹੀਦਾ ਹੈ, ਕਿਉਂਕਿ ਗੁਰਬਾਣੀ ਵੀ ਸਾਨੂੰ ਮਿੱਠਾ ਬੋਲਣ, ਹਲੀਮੀ ਵਿੱਚ ਰਹਿਣ ਦਾ ਸਬਕ ਦਿੰਦੀ ਹੈ। ਪਰ ਅੱਜ ਦੇ ਸਮੇਂ ਵਿੱਚ ਲੋਕਾਂ ਦੇ ਬਹੁਤ ਘੱਟ ਚਿਹਰੇ ਹਨ ਜੋ ਹੱਸਦੇ ਖੇਡਦੇ ਹਨ, ਬੇਲੋੜੀਆਂ ਇਛਾਵਾਂ ਵਧਾ ਵਧਾ ਕੇ ਲੋਕ ਆਪਣੀ ਜ਼ਿੰਦਗੀ ਬੋਝ ਬਣਾ ਚੁੱਕੇ ਹਨ। ਅਸੀਂ ਅਕਸਰ ਸੁਣਦੇ ਹਾਂ ਕਿ ਜੇਕਰ ਕੋਈ ਇਨਸਾਨ ਸਾਡੇ ਕਰਕੇ ਦੁਖੀ, ਉਦਾਸ ਜਾਂ ਨਿਰਾਸ਼ ਹੋ ਰਿਹਾ ਹੈ ਤਾਂ ਉਸਦਾ ਫਲ ਸਾਨੂੰ ਦੇਣਾ ਪੈਂਦਾ ਹੈ। ਇਹ ਧਰਤੀ ਗੋਲ ਹੈ, ਜੋ ਵੀ ਕਰਮ ਕਰਾਂਗੇ ਉਹ ਘੁੰਮ ਘੁੰਮਾ ਕੇ ਸਾਡੇ ਕੋਲ ਵਾਪਿਸ ਜਰੂਰ ਆਉਂਦੇ ਹਨ। ਜੋ ਬੀਜਾਂਗੇ ਉਹ ਸਾਨੂੰ ਹਰ ਹਾਲ ਵੱਢਣਾ ਪਵੇਗਾ। ਹਰ ਦਿਲ ਅੰਦਰ ਪ੍ਰਮਾਤਮਾ ਦਾ ਵਾਸ ਹੈ, ਕਿਸੇ ਦਾ ਦਿਲ ਦੁਖਾਉਣ, ਕਿਸੇ ਨੂੰ ਬੁਰੇ ਸ਼ਬਦ ਬੋਲਣ ਤੋਂ ਪਹਿਲਾਂ ਸੋ ਵਾਰ ਸੋਚੋ। ਕਿਉਂਕਿ ਬੋਲ ਹਮੇਸ਼ਾ ਦਿਲ ਤੇ ਲਿਖੇ ਜਾਂਦੇ ਹਨ, ਜਦੋਂ ਵੀ ਕੌੜੇ ਬੋਲ ਬੋਲਣ ਵਾਲਾ ਵਿਅਕਤੀ ਸਾਡੇ ਸਾਹਮਣੇ ਆਉਂਦਾ ਹੈ ਤਾਂ ਸਾਡੇ ਅੰਦਰ ਲੱਗੇ ਫੱਟ ਰਿਸਣ ਲੱਗਦੇ ਹਨ, ਜਿੰਨਾ ਦੀ ਚੀਸ ਬਹੁਤ ਦੁਖਦਾਈ ਹੁੰਦੀ ਹੈ, ਖਾਸ ਕਰ ਉਦੋਂ ਜਦੋਂ ਇਹ ਫੱਟ ਕੋਈ ਆਪਣਾ ਮਾਰੇ। ਅੱਜ ਬਹੁਤ ਸਾਰੇ ਪਰਿਵਾਰਾਂ ਵਿੱਚ ਹਾਲ ਵੇਖਣ ਨੂੰ ਮਿਲਦਾ ਹੈ ਕਿ ਕਈ ਘਰਾਂ ਦੇ ਬੱਚੇ ਮਾਪਿਆਂ ਦੇ ਕਹਿਣੇ ਤੋਂ ਬਾਹਰ ਹਨ ਅਤੇ ਕਈ ਮਾਪੇ ਅਜਿਹਾ ਤਾਨਾਸ਼ਾਹੀ ਰੂਪ ਧਾਰ ਕੇ ਬੈਠੇ ਹੁੰਦੇ ਹਨ ਕਿ ਉੱਥੇ ਬੱਚਿਆਂ ਦਾ ਜੀਣਾ ਮੁਸ਼ਕਿਲ ਹੋਇਆ ਹੁੰਦਾ ਹੈ, ਹਰ ਚੀਜ਼ ਦੀ ਇੱਕ ਸੀਮਾ ਹੁੰਦੀ ਹੈ ਕੋਈ ਵੀ ਵਰਤਾਓ ਜਦੋਂ ਆਪਣੀ ਹੱਦ ਪਾਰ ਕਰਦਾ ਹੈ ਤਾਂ ਉਹ ਅਸਹਿਣਸ਼ੀਲ ਹੁੰਦਾ ਹੈ। ਯਤਨ ਕਰੋ ਕਿ ਹਰ ਦੁਵਿਧਾ ਦਾ ਹੱਲ ਹਲੀਮੀ ਨਾਲ ਕੱਢਿਆ ਜਾਵੇ ਤਾਂ ਜੋ ਕੌੜੇ ਬੋਲ ਬੋਲਣ ਦੀ ਨੌਬਤ ਨਾ ਆਵੇ।ਮਿੱਠਾ ਬੋਲਣ ਨਾਲ ਤੁਸੀਂ ਕੇਵਲ ਆਪਣੇ ਰਿਸ਼ਤੇ ਹੀ ਨਹੀਂ ਬਚਾ ਸਕੋਗੇ ਬਲਕਿ ਆਪਣੀ ਸ਼ਖਸੀਅਤ ਨੂੰ ਵੀ ਨਿਖਾਰੋਗੇ। ਚੰਗਾ ਬੋਲਣਾ ਸਾਡੀ ਇੱਕ ਵਧੀਆ ਸ਼ਖਸੀਅਤ ਹੋਣ ਦਾ ਨਮੂਨਾ ਹੈ। ਸੋ ਯਤਨ ਰਹੇ ਕਿ ਸਾਡੇ ਮੂੰਹੋਂ ਕੋਈ ਵੀ ਅਜਿਹਾ ਬੋਲ ਨਾ ਨਿਕਲੇ ਜੋ ਕਿਸੇ ਨੂੰ ਦੁਖੀ ਕਰੇ ਅਤੇ ਸਾਡੀ ਸ਼ਖਸੀਅਤ ਉੱਪਰ ਇੱਕ ਨਕਾਰਤਮਕ ਪ੍ਰਭਾਵ ਪਾਵੇ।



# ਵਿਰੋਧੀ ਧੜੇ ਦੀਆਂ ਬੈਠਕਾਂ ਪਿੱਛੋਂ ਵੀ ਅਮਰਿੰਦਰ ਸਿੰਘ ਖ਼ਾਮੋਸ਼

ਜਲੰਧਰ, 20 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਕੁਝ ਮੰਤਰੀਆਂ, ਜੋ ਨਵਜੋਤ ਸਿੱਧੂ ਦੇ ਪੱਖ ਵਿੱਚ ਦੱਸੇ ਜਾਂਦੇ ਹਨ, ਵੱਲੋਂ ਪਿਛਲੇ ਕੁਝ ਦਿਨੀਂ ਕੀਤੀਆਂ ਗਈਆਂ ਬੈਠਕਾਂ ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਾਮੋਸ਼ੀ ਧਾਰਨ ਕੀਤੀ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਸੂਤਰਾਂ ਮੁਤਾ-ਬਕ ਮੁੱਖ ਮੰਤਰੀ ਆਪਣੇ ਵੱਲੋਂ ਕੋਈ ਬਿਆਨ ਦੇ ਕੇ ਪਾਰਟੀ ਅਨੁਸ਼ਾਸਨ ਤੋੜਨ ਦੇ ਪੱਖ ਵਿੱਚ ਨਹੀਂ, ਇਸ ਲਈ ਉਨ੍ਹਾ ਵੱਲੋਂ ਇਨ੍ਹਾਂ ਬੈਠਕਾਂ ਉੱਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ, ਉਹ ਇਸ ਬਾਰੇ ਮੀਡੀਆ ਵਿੱਚ ਕੁਝ ਵੀ ਖੁੱਲ੍ਹ ਕੇ ਗੱਲ ਨਹੀਂ ਕਰ ਰਹੇ।

ਪਤਾ ਲੱਗਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਧੜੇ ਦੀ ਨੀਤੀ ਹੈ ਕਿ ਅਗਲੇ ਦਿਨੀਂ ਹਾਈਕਮਾਂਡ ਸਾਹਮਣੇ ਜਦੋਂ ਗੱਲਬਾਤ ਖੁੱਲ੍ਹੇਗੀ ਤਾਂ ਮੁੱਖ ਮੰਤਰੀ ਇਹ ਕਹਿ ਸਕਣਗੇ ਕਿ ਮੀਡੀਆ ਵਿੱਚ ਜਾ ਕੇ



ਜਨਤਕ ਬਿਆਨਬਾਜ਼ੀ ਵਿਰੋਧੀ ਧੜੇ ਨੇ ਕੀਤੀ ਸੀ। ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਲੋਕਾਂ ਵੱਲੋਂ ਸੋਸ਼ਲ ਮੀਡੀਆ ਅਤੇ ਮੀਡੀਆ ਵਿੱਚ ਕੀਤੀ ਗਈ ਗੱਲਬਾਤ ਦਾ ਰਿਕਾਰਡ ਇਕੱਠਾ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਦੇ ਨੇੜਲੇ ਸੂਤਰਾਂ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਅਗਲੇ ਦਿਨਾਂ ਵਿੱਚਬੈਠਕ ਕਰਨਗੇ ਤਾਂ ਉਹ ਉਨ੍ਹਾਂ ਵੱਲੋਂ ਉਨ੍ਹਾਂ ਦੇ ਸਾਹਮਣੇ ਵਿਰੋਧੀ ਧੜੇ ਦੇ ਨੇਤਾਵਾਂ ਵੱਲੋਂ ਦੀ ਬਿਆਨਬਾਜ਼ੀ ਰੱਖ ਕੇ ਅਨੁਸ਼ਾਸਨੀ ਕਾਰਵਾਈ ਦੀ ਮੰਗ ਕਰ ਸਕਦੇ ਹਨ। ਕਾਂਗਰਸੀ ਹਲਕਿਆਂ ਮੁਤਾਬਕ ਹਰੀਸ਼ ਰਾਵਤ ਵੀ ਵਿਰੋਧੀ ਧੜੇ ਨਾਲ ਮਿਲਣਗੇ। ਇਸ ਤੋਂ ਬਾਅਦ ਹਰੀਸ਼ ਰਾਵਤ ਵੱਲੋਂ ਆਪਣੀ ਰਿਪੋਰਟ ਕਾਂਗਰਸ ਦੀ ਚੇਅਰਪਰਸਨ ਸੋਨੀਆ ਗਾਂਧੀ ਨੂੰ ਸੌਂਪੀ ਜਾਵੇਗੀ।

ਪੰਜਾਬ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਛੇ ਸਾਲ ਪੁਰਾਣੇ ਕੇਸਦੀ ਜਾਂਚ ਕਰਨ ਵਾਲੀ ਐਸ ਆਈ ਟੀ ਦੀ ਰਿਪੋਰਟ ਆਉਣ ਉੱਤੇ ਅਮਰਿੰਦਰ ਸਿੰਘ ਦੇ ਖ਼ਿਲਾਫ਼ ਜੋ ਨਿੱਜੀ ਹਮਲੇ ਕੀਤੇ ਗਏ, ਉਸ ਦੀ ਰਿਪੋਰਟ ਅਮਰਿੰਦਰ ਸਿੰਘ ਨੇ ਤਿਆਰ ਕਰ ਲਈ ਹੈ। ਕਾਂਗਰਸ ਵਿੱਚ ਕਿਹਾ ਜਾ ਰਿਹਾ ਹੈ ਕਿ ਹਰੀਸ਼ ਰਾਵਤ ਦੇ ਪੰਜਾਬ ਦੌਰੇ ਮਗਰੋਂ ਉਹ ਆਪਣੀ ਰਿਪੋਰਟ ਜਦੋਂ ਕਾਂਗਰਸ ਲੀਡਰਸ਼ਿਪ ਨੂੰ ਦੇਣਗੇ ਤਾਂ ਉਸ ਤੋਂ ਬਾਅਦ ਸੋਨੀਆ ਗਾਂਧੀ ਵੱਲੋਂ ਕਾਂਗਰਸ ਦੇ ਸਾਰੇ ਵੱਡੇ ਨੇਤਾਵਾਂ ਨੂੰ ਗੱਲਬਾਤ ਲਈ ਦਿੱਲੀ ਬੁਲਾਇਆ ਜਾ ਸਕਦਾ ਹੈ।

# ਕਾਂਗਰਸੀ ਵਿਧਾਇਕ ਸੁਰਜੀਤ ਧੀਮਾਨ ਨੇ ਕਿਹਾ: ਲੋਕਾਂ ਸਾਹਮਣੇ ਖੜ੍ਹਾ ਹੋਣਾ ਮੁਸ਼ਕਲ ਹੋ ਗਿਐ

ਚੰਡੀਗੜ੍ਹ, 20 ਮਈ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦਾ ਆਪਸੀ ਵਿਵਾਦ ਲਗਾਤਾਰ ਵਧ ਰਿਹਾ ਹੈ ਅਤੇ ਮੰਤਰੀਆਂ, ਪਾਰਲੀਮੈਂਟ ਮੈਂਬਰਾਂ, ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਵਿਚਕਾਰ ਦੀ ਬਿਆਨਬਾਜ਼ੀ ਦੇ ਦੌਰ ਵਿੱਚ ਅਮਰਗੜ੍ਹ ਹਲਕੇ ਦੇ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਵੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਦਿੱਤਾ ਹੈ।

ਸੁਰਜੀਤ ਧੀਮਾਨ ਨੇ ਇਸ ਪੱਤਰ ਵਿੱਚ ਵਿਧਾਇਕ ਪਰਗਟ ਸਿੰਘ ਨੂੰ ਕੈਪਟਨ ਸੰਦੀਪ ਸੰਧੂ ਵੱਲੋਂ ਦਿੱਤੀ ਧਮਕੀ ਦੀ ਆਲੋਚਨਾ ਕਰਨ ਦੇ ਨਾਲ ਚੋਣ ਵਾਅਦੇ ਪੂਰੇ ਨਾ ਹੋਣ ਕਾਰਨ ਸਰਕਾਰ ਦੀ ਵੀ ਆਲੋਚਨਾ ਕੀਤੀ ਹੈ।ਪੱਤਰ ਵਿੱਚ ਉਨ੍ਹਾਂ ਕੈਪਟਨ ਸੰਦੀਪ ਸੰਧੂ ਵੱਲੋਂ



ਪਰਗਟ ਸਿੰਘ ਨੂੰ ਦਿੱਤੀ ਧਮਕੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਬਰਦਾਸ਼ਤ ਕੀਤੇ ਜਾਣ ਵਾਲੀ ਗੱਲ ਨਹੀਂ ਅਤੇ ਕਾਂਗਰਸ ਹਾਈਕਮਾਂਡ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ। ਧੀਮਾਨ ਨੇ ਆਪਣੇ ਪੱਤਰ ਵਿੱਚ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਨਾਲ ਲਿਆਉਣ ਤੇ ਪੰਜਾਬ ਦੇ ਲੋਕਾਂ ਲਈ ਨਿਆਂ ਤੇ ਸੱਚਾਈ ਦੀ ਲੜਾਈ ਵਿੱਚ ਲੋਕਾਂ ਨੂੰ ਇੱਕਜੁਟ ਕਰਨ ਲਈ ਵੀ ਕਿਹਾ ਹੈ। ਸਰਕਾਰੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਸੁਰਜੀਤ ਧੀਮਾਨ ਨੇ ਕਿਹਾ ਕਿ 2017 ਦੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਹੋਣ ਕਾਰਨ ਵਿਧਾਇਕਾਂ ਲਈ ਜਨਤਾ ਦਾ ਸਾਹਮਣਾ ਕਰਨਾ ਔਖਾ ਹੋ ਗਿਆ ਹੈ। ਜਨਤਾ ਜਵਾਬ ਮੰਗਦੀ ਹੈ ਅਤੇ ਵਿਧਾਇਕਾਂ ਕੋਲ ਜਵਾਬ ਨਹੀਂ ਹੈ। ਧੀਮਾਨ ਨੇ ਰਾਜ ਦੇ ਸਾਰੇ ਅਫਸਰਾਂ ਅਤੇ ਆਗੂਆਂ ਵੱਲੋਂ ਜਮ੍ਹਾ ਕੀਤੀ ਅਚੱਲ ਜਾਇਦਾਦ ਬਾਰੇ ਪੁੱਛਗਿੱਛ ਕਰਨ ਲਈ ਨਿਰਪੱਖ ਜਾਂਚ ਦੀ ਮੰਗ ਕੀਤੀ ਤੇ ਕਿਹਾ ਕਿ ਵਿਜੀਲੈਂਸ ਬਿਊਰੋ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

# ਮੰਨਾ ਨੇ ਕਿਹਾ: ਵਿਜੀਲੈਂਸ ਕੋਲੋਂ ਨਵਜੋਤ ਸਿੱਧੂ ਖਿਲਾਫ ਸਬੂਤ ਲੋਕਾਂ ਵਿੱਚ ਲਿਜਾਵਾਂਗਾ

ਪਟਿਆਲਾ, 20 ਮਈ (ਪੋਸਟ ਬਿਊਰੋ)- ਸਮਾਜ ਸੇਵੀ ਮਨਿੰਦਰ ਸਿੰਘ ਮੰਨਾ ਨੇ ਕੱਲ੍ਹ ਅੰਮ੍ਰਿਤਸਰ ਤੋਂ ਪਟਿਆਲਾ ਪੁੱਜ ਕੇ ਯਾਦਵਿੰਦਰਾ ਕਾਲੋਨੀ ਵਿੱਚ ਨਵਜੋਤ ਸਿੰਘ ਸਿੱਧੂ ਦੇ ਘਰ ਅੱਗੇ ਪ੍ਰੈਸ ਕਾਨਫਰੰਸ ਕੀਤੀ।

ਇਸ ਮੌਕੇ ਮਨਜੀਤ ਸਿੰਘ ਮੰਨਾ ਨੇ ਨਵਜੋਤ ਸਿੱਧੂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਰਫ ਟਵੀਟ ਕਰ ਕੇ ਵੋਟਾਂ ਨਹੀਂ ਪੈਣੀਆਂ ਅਤੇ ਨਾ ਜੰਗ ਜਿੱਤੀ ਜਾਣੀ ਹੈ। ਸੱਚਾਈ ਜਾਨਣ ਲਈ ਜ਼ਮੀਨ ਉੱਤੇ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਉਸ ਨੇ ਮੁੱਖ ਮੰਤਰੀ ਖਿਲਾਫ ਲੜਾਈ ਲੜਨੀ ਹੈ ਤਾਂ ਮੈਦਾਨ ਵਿੱਚ ਆਉਣ, ਹੋ ਸਕਦੈ ਲੋਕ ਵੀ ਉਨ੍ਹਾਂ ਨਾਲ ਲੱਗ ਜਾਣ। ਨਵਜੋਤ ਸਿੱਧੂ ਉੱਤੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਲਾਉਂਦਿਆਂ ਮੰਨਾ ਨੇ ਐਲਾਨ ਕੀਤਾ ਕਿ ਜੇ ਹਫਤੇ ਦਸ ਦਿਨਾਂ ਵਿੱਚ ਸਿੱਧੂ ਸੜਕ ਉੱਤੇ ਨਾ ਆਇਆ ਤਾਂ ਉਸ ਦੇ ਖਿਲਾਫ ਵਿਜੀਲੈਂਸ ਕੋਲ ਮੌਜੂਦ ਦਸਤਾਵੇਜ਼ਾਂ ਨੂੰ ਉਹ ਲੋਕਾਂ



ਵਿੱਚ ਲੈ ਜਾਣਗੇ।

ਮਨਜੀਤ ਸਿੰਘ ਨੇ ਮੁੱਖ ਮੰਤਰੀਬਾਰੇ ਕਿਹਾ ਕਿ ਬੇਅਦਬੀ ਕੇਸਾਂ ਬਾਰੇ ਜਿਹੜੀ ਸਰਗਰਮੀ ਅੱਜ ਹੋ ਰਹੀ ਹੈ, ਜੇ ਪਹਿਲਾਂ ਕੀਤੀ ਹੁੰਦੀ ਤਾਂ ਉਨ੍ਹਾਂ ਨੂੰ ਸਿੱਧੂ ਤੋਂ ਡਰਨ ਦੀ ਲੋੜ ਨਾ ਪੈਂਦੀ। ਸੁਖਬੀਰ ਸਿੰਘ ਬਾਦਲ ਵੱਲੋਂ ਮੰਗੇ ਸਬੂਤਾਂਬਾਰੇ ਮੰਨਾ ਨੇ ਕਿਹਾ ਕਿ 'ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ।' ਮੰਨਾ ਨੇ ਕਿਹਾ ਕਿ ਜੇ ਮੁਆਫੀ ਨਹੀਂ ਤਾਂ ਸੁਖਬੀਰ ਸਿੰਘ ਬਾਦਲ ਏਨਾ ਹੀ ਮੰਨ ਲੈਣ ਕਿ ਬੇਅਦਬੀ ਦੀਆਂ ਘਟਨਾਵਾਂ ਉਨ੍ਹਾਂ ਦੀ ਸਰਕਾਰ ਵੇਲੇ ਹੋਈਆਂ ਸਨ।

# ਪਤਨੀ ਨੇ ਪਤੀ ਨੂੰ ਹੋਟਲ ਵਿੱਚ ਗੁਆਂਢਣ ਨਾਲ ਫੜਿਆ, ਦੋਵਾਂ ਜਣਿਆਂ ਦੀ ਛਿੱਤਰ ਪਰੇਡ

ਬਰਨਾਲਾ, 20 ਮਈ (ਪੋਸਟ ਬਿਊਰੋ)- ਗੁਆਂਢਣ ਦੇ ਨਾਲ ਹੋਟਲ ਵਿੱਚ ਰੰਗਰਲੀਆਂ ਮਨਾ ਰਹੇ ਪਤੀ ਉੱਤੇ ਔਰਤ ਨੇ ਪੁਲਸ ਦੀ ਰੇਡ ਮਰਵਾਈ ਅਤੇ ਹੋਟਲ ਦੇ ਕਮਰੇ ਵਿੱਚ ਹੀ ਰਿਸ਼ਤੇਦਾਰਾਂ ਦੇ ਨਾਲ ਮਿਲ ਕੇ ਪਤੀ ਅਤੇ ਔਰਤ ਦੀ ਛਿੱਤਰ ਪਰੇਡ ਕੀਤੀ ਤੇ ਦੋਵਾਂ ਨੂੰ ਪੁਲਸ ਦੇ ਹਵਾਲੇ ਕਰ ਦਿਤਾ। ਪੁਲਸ ਜਦ ਕਾਰਵਾਈ ਕਰਨ ਤੋਂ ਆਨਾਕਾਨੀ ਕੀਤੀ ਤਾਂ ਕਿਸਾਨ ਸੰਗਠਨਾਂ ਨੇ ਥਾਣੇ ਅੱਗੇ ਧਰਨਾ ਲਾ ਦਿੱਤਾ। ਇਸ ਦੇ ਬਾਅਦ ਪੁਲਸ ਨੇ ਦੋਵਾਂ ਉੱਤੇ ਕੇਸ ਦਰਜ ਕੀਤਾ।

ਜ਼ਿਲ੍ਹੇ ਦੇ ਇੱਕ ਪਿੰਡ ਦਾ ਵਿਅਕਤੀ ਆਪਣੀ ਗੁਆਂਢਣ ਔਰਤ ਨੂੰ ਲੈ ਕੇ ਹੋਟਲ ਦੇ ਕਮਰੇ ਵਿੱਚ ਗਿਆ। ਇਸ ਗੱਲ ਦੀ ਜਾਣਕਾਰੀ ਉਸ ਦੀ ਪਤਨੀ ਨੂੰ ਮਿਲੀ ਤਾਂ ਉਹ ਰਿਸ਼ਤੇਦਾਰਾਂ ਤੇ ਪੁਲਸ ਦੀ ਮਦਦ ਨਾਲ ਹੋਟਲ ਵਿੱਚ ਦਾਖਲ ਹੋ ਗਈ ਅਤੇ ਕਮਰੇ ਦਾ ਦਰਵਾਜ਼ਾ ਖੁੱਲ੍ਹਵਾਇਆ ਤੇ ਮੌਕੇ ਉੱਤੇ ਪਤੀ



ਅਤੇ ਪ੍ਰੇਮਿਕਾ ਦੀ ਕੁੱਟਮਾਰ ਕੀਤੀ। ਦੋਵਾਂ ਨੂੰ ਥਾਣੇ ਲਿਆਉਣ ਦੇ ਬਾਅਦ ਪੁਲਸ ਕਾਰਵਾਈ ਕਰਨ ਤੋਂ ਟਾਲ ਰਹੀ ਸੀ। ਦੋਸ਼ੀ ਦੀ ਪਤਨੀ ਨੇ ਦੱਸਿਆ ਕਿ ਜਦ ਉਨ੍ਹਾਂ ਪੁਲਸ ਨੂੰ ਕਾਰਵਾਈ ਕਰਨ ਨੂੰ ਕਿਹਾ ਤਾਂ ਪੁਲਸ ਨੇ ਮਨ੍ਹਾ ਕਰ ਦਿੱਤਾ। ਇਸ ਦੇ ਬਾਅਦ ਕਿਸਾਨ ਸੰਗਠਨਾਂ ਦੇ ਨਾਲ ਦੁਪਹਿਰ ਦੋ ਵਜੇ ਸਿਟੀ ਦੇ ਪੁਲਸ ਸਟੇਸ਼ਨ ਦੇ ਅੱਗੇ ਧਰਨੇ ਉੱਤੇ ਬੈਠ ਗਈ। ਇਸ ਦੇ ਬਾਅਦ ਪੁਲਸ ਨੇ ਕੇਸ ਦਰਜ ਕੀਤਾ।

# ਅੰਮ੍ਰਿਤਸਰ ਦਾ ਨੀਲਕੰਠ ਹਸਪਤਾਲ ਲਿਸਟਿਡ ਹਸਪਤਾਲਾਂ ਤੋਂ ਬਾਹਰ

ਅੰਮ੍ਰਿਤਸਰ, 20 ਮਈ (ਪੋਸਟ ਬਿਊਰੋ)- ਇਸ ਸ਼ਹਿਰ ਵਿਚਲੇ ਨੀਲਕੰਠ ਹਸਪਤਾਲ ਵਿੱਚ ਬੀਤੇ ਦਿਨੀਂ ਆਕਸੀਜਨ ਦੀ ਕਮੀ ਕਾਰਨ ਹੋਈਆਂ ਮੌਤਾਂ ਦੀ ਜਾਂਚ ਲਈ ਬਣਾਈ ਕਮੇਟੀ ਨੇ ਆਪਣੀ ਰਿਪੋਰਟ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ ਨੂੰ ਸੌਂਪ ਦਿੱਤੀ ਹੈ, ਜਿਸ ਦੇ ਆਧਾਰ ਉੱਤੇ ਹਸਪਤਾਲ ਨੂੰ ਕੋਰੋਨਾ ਇਲਾਜ ਲਈ ਸੂਚੀਬੱਧ ਹਸਪਤਾਲਾਂਤੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਅਗਲੀ ਕਾਰਵਾਈ ਅਜੇ ਜਾਰੀ ਹੈ।

ਵਰਨਣ ਯੋਗ ਹੈ ਕਿ 24 ਅਪਰੈਲ ਰਾਤ ਨੂੰ ਨੀਲਕੰਠ ਹਸਪਤਾਲ ਵਿੱਚ ਆਕਸੀਜਨ ਦੀ ਕਮੀ ਕਾਰਨ ਛੇ ਮਰੀਜ਼ਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਵਿੱਚ ਪੰਜ ਕੋਰੋਨਾ ਦੇ ਕੇਸ ਸਨ। ਇਸ ਪਿੱਛੋਂ ਜਾਂਚ ਕਰਨ ਦੇ ਲਈ ਮੁੱਖ ਮੰਤਰੀ ਦੇ ਹੁਕਮਾਂ ਉੱਤੇ ਡਿਪਟੀ ਕਮਿਸ਼ਨਰ ਵੱਲੋਂ ਲੋਕਲ ਬਾਡੀਜ਼ ਦੇ ਡਿਪਟੀ ਡਾਇਰੈਕਟਰ ਡਾਕਟਰ ਰਜਤ ਓਬਰਾਏ ਅਤੇ ਸਿਵਲ ਸਰਜਨ ਡਾਕਟਰ ਚਰਨਜੀਤ ਸਿੰਘ 'ਤੇ ਆਧਾਰਤ ਕਮੇਟੀ ਬਣਾਈ ਗਈ ਸੀ, ਜਿਸ ਨੇ ਜਾਂਚ ਕਰਨਪਿੱਛੋਂ ਆਪਣੀ ਰਿਪੋਰਟ ਕੱਲ੍ਹ ਡਿਪਟੀ ਕਮਿਸ਼ਨਰ ਨੂੰ




ਸੌਂਪ ਦਿੱਤੀ ਹੈ। ਇਸ ਵਿੱਚ ਉਨ੍ਹਾਂ ਸਾਫ ਕਿਹਾ ਕਿ ਹਸਪਤਾਲ ਕੋਰੋਨਾ ਇਲਾਜ ਦੇ ਲਈ ਜ਼ਰੂਰੀ ਮਾਪਦੰਡਾਂ ਉੱਤੇ ਖਰਾ ਨਹੀਂ ਉਤਰਦਾ ਅਤੇ ਇਨ੍ਹਾਂ ਕੋਲ ਮਾਹਰ ਡਾਕਟਰਾਂ ਦੀ ਵੀ ਕਮੀ ਹੈ। ਕਮੇਟੀ ਅਨੁਸਾਰ ਹਸਪਤਾਲ ਪ੍ਰਬੰਧਕਾਂ ਕੋਲ ਕੋਰੋਨਾ ਦੇ ਇਲਾਜ ਲਈ ਆਕਸੀਜਨ ਦਾ ਬਫਰ ਸਟਾਕ ਦਾ ਕੋਈ ਪ੍ਰਬੰਧ ਨਹੀਂ ਸੀ ਤੇ ਘਟਨਾ ਵਾਲੇ ਦਿਨ ਵੀ ਪ੍ਰਬੰਧਕਾਂ ਨੇ ਆਕਸੀਜਨ ਖਤਮ ਹੋਣ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਨਹੀਂ ਲਿਆਂਦਾ। ਇਸ ਰਿਪੋਰਟ ਉੱਤੇ ਡਿਪਟੀ ਕਮਿਸ਼ਨਰ ਨੇ ਨੀਲਕੰਠ ਹਸਪਤਾਲ ਨੂੰ ਕੋਰੋਨਾ ਮਰੀਜ਼ਾਂ ਦੇ ਇਲਾਜ ਵਾਲੇ ਹਸਪਤਾਲਾਂ ਦੀ ਸੂਚੀਤੋਂ ਕੱਢਦਿੱਤਾ ਤੇ ਕਿਹਾ ਕਿ ਇਹ ਰਿਪੋਰਟ ਅਗਲੀ ਕਾਰਵਾਈ ਲਈ ਸਿਹਤ ਵਿਭਾਗ ਨੂੰ ਭੇਜੀ ਜਾ ਰਹੀ ਹੈ।

# ਅਮਿਤਾਭ ਬੱਚਨ ਦਾ ਪੁਰਾਣਾ ਸਪੱਸ਼ਟੀਕਰਨ ਸੋਸ਼ਲ ਮੀਡੀਆ ਉਤੇ ਮੁੜ ਕੇ ਵਾਇਰਲ

ਅੰਮ੍ਰਿਤਸਰ, 20 ਮਈ (ਪੋਸਟ ਬਿਊਰੋ)- ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰੋੜਾਂ ਰੁਪਏ ਦਾਨ ਦੇਣ ਤੋਂ ਉੱਭਰੇ ਇਕ ਵਿਵਾਦ ਦਾ ਕੇਂਦਰ ਬਣੇ ਅਮਿਤਾਭ ਬੱਚਨ ਦਾ ਨਵੰਬਰ 2011 ਵਿੱਚ ਸ੍ਰੀ ਅਕਾਲ ਤਖਤ ਦੇ ਓਦੋਂ ਦੇ ਜਥੇਦਾਰ ਨੂੰ ਭੇਜਿਆ ਪੱਤਰ ਸੋਸ਼ਲ ਮੀਡੀਆ ਉੱਤੇ ਮੁੜ ਕੇ ਵਾਇਰਲ ਹੋ ਗਿਆ ਹੈ।

ਇਸ ਪੱਤਰ ਵਿੱਚ ਅਮਿਤਾਭ ਬੱਚਨ ਨੇ ਸਿੱਖ ਕਤਲੇਆਮ ਬਾਰੇ ਲੱਗਦੇ ਦੋਸ਼ਾਂ ਦਾ ਸਪੱਸ਼ਟੀਕਰਨ ਦਿੱਤਾ ਸੀ। ਕੱਲ੍ਹ ਅਕਾਲ ਤਖਤ ਉੱਤੇ ਕੁਝ ਹੋਰ ਪੱਤਰ ਪੁੱਜੇ ਹਨ, ਜਿਨ੍ਹਾਂ ਵਿੱਚ ਅਮਿਤਾਭ ਵੱਲੋਂ ਦਿੱਤੇ ਦੋ ਕਰੋੜ ਰੁਪਏ ਨੂੰ ਲੈਣ ਨੂੰ ਜਾਇਜ਼ ਦੱਸਿਆ ਗਿਆ ਹੈ। ਇੰਦਰਾ ਗਾਂਧੀ ਕਤਲ ਕੇਸ ਵਿੱਚ ਫਾਂਸੀ ਲੱਗੇ ਸ਼ਹੀਦ ਕੇਹਰ ਸਿੰਘ ਦੇ ਬੇਟੇ ਚਰਨਜੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਐਸ ਸੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਚੰਨਣ ਸਿੰਘ ਜੋਧਪੁਰੀ ਨੇ ਇਸ ਬਾਰੇ ਕੱਲ੍ਹ ਅਕਾਲ ਤਖਤ ਉੱਤੇ ਵੱਖ-ਵੱਖ ਪੱਤਰ



ਪੇਸ਼ ਕਰ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਨੁੱਖਤੀ ਭਲਾਈ ਦੇ ਕੰਮਾਂ ਵਿੱਚ ਵਿਘਨ ਪਾਉਣ ਵਾਲਿਆਂ ਦੇ ਖਿਲਾਫ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ, ਸਿੱਖ ਕਤਲੇਆਮ ਦੇ ਪੀੜਤ ਬਾਬੂ ਸਿੰਘ ਦੁਖੀਆ, ਨਿਰਪ੍ਰੀਤ ਕੌਰ ਅਤੇ ਹੋਰਨਾਂ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਖਿਲਾਫ ਪੱਤਰ ਦੇ ਕੇ ਕਾਰਵਾਈ ਦੀ ਮੰਗ ਕੀਤੀ ਸੀ। ਇਨ੍ਹਾਂ ਵੱਲੋਂ ਅਮਿਤਾਭ ਬੱਚਨ ਕੋਲੋਂ ਮਾਇਕ ਮਦਦ ਲੈਣ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਸੋਸ਼ਲ ਮੀਡੀਆ ਉੱਤੇ ਕੱਲ੍ਹ ਵਾਇਰਲ ਹੋਏ ਅਮਿਤਾਭ ਬੱਚਨ ਦੇ ਪੁਰਾਣੇ ਪੱਤਰ ਵਿੱਚ ਉਸ ਨੇ ਸਿੱਖ ਕਤਲੇਆਮ ਬਾਰੇ ਲੱਗਦੇ ਦੋਸ਼ ਬੇਬੁਨਿਆਦ ਕਰਾਰ ਦਿੱਤੇ ਹਨ। ਉਸ ਨੇ ਇਹ ਪੱਤਰ 28 ਨਵੰਬਰ 2011 ਨੂੰ ਮੁੰਬਈ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਿੰਦਰ ਸਿੰਘ ਬਾਵਾ ਰਾਹੀਂ ਅਕਾਲ ਤਖਤ ਦੇ ਓਦੋਂ ਦੇ ਜਥੇਦਾਰ ਨੂੰ ਭੇਜਿਆ ਸੀ ਅਤੇ ਓਦੋਂ ਉਸ ਨੂੰ ਆਨੰਦਪੁਰ ਸਾਹਿਬ ਵਿੱਚ ਬਣੇ ਖਾਲਸਾ ਹੈਰੀਟੇਜ ਦੇ ਉਦਘਾਟਨ ਵੇਲੇ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ ਸੀ, ਪਰ ਓਦੋਂ ਸਿੱਖ ਕਤਲੇਆਮ ਬਾਰੇ ਲੱਗਦੇ ਦੋਸ਼ਾਂ ਕਾਰਨ ਉਹ ਉਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਨਹੀਂ ਆਇਆ ਸੀ, ਜਿਸ ਦਾ ਜ਼ਿਕਰ ਕਰਦਿਆਂ ਉਸ ਨੇ ਇਸ ਪੱਤਰ ਵਿੱਚ ਆਪਣੇ ਪਰਵਾਰ ਦੇ ਸਿੱਖ ਪਿਛੋਕੜ ਦਾ ਜ਼ਿਕਰ ਵੀ ਕੀਤਾ ਸੀ। ਉਸ ਨੇ ਲਿਖਿਆ ਕਿ ਇਸ ਵਿੱਚ ਸ਼ੱਕ ਨਹੀਂ ਕਿ ਗਾਂਧੀ ਪਰਵਾਰ ਨਾਲ ਉਸ ਦੇ ਪੁਰਾਣੇ ਪਰਵਾਰਕ ਸੰਬੰਧ ਸਨ, ਪਰ ਸਿੱਖ ਭਾਈਚਾਰੇ ਦੇ ਕੁਝ ਲੋਕਾਂ ਵੱਲੋਂ ਲਾਏ ਦੋਸ਼ਾਂ ਬਾਰੇ ਉਹ ਸੋਚ ਵੀ ਨਹੀਂ ਸਕਦਾ। ਉਸ ਨੇ ਕਿਹਾ ਕਿ ਉਹ ਅਸੂਲਾਂ ਦਾ ਪੱਕਾ ਹੈ ਅਤੇ ਜੇ ਕੋਈ ਗਲਤੀ ਹੋ ਜਾਵੇ ਤਾਂ ਉਸ ਨੂੰ ਸਵੀਕਾਰ ਕਰਦਾ ਹੈ, ਪਰ ਇਹ ਸਾਰੇ ਦੋਸ਼ ਬੇਬੁਨਿਆਦ ਹਨ।

# ਬਜ਼ੁਰਗ ਔਰਤ ਨੂੰ ਬੰਦੀ ਬਣਾ ਕੇ ਰਾਡ ਨਾਲ ਕੁੱਟਿਆ ਅਤੇ ਨਕਦੀ ਤੇ ਗਹਿਣੇ ਲੁੱਟੇ



ਮੋਗਾ, 20 ਮਈ (ਪੋਸਟ ਬਿਊਰੋ)- ਕੱਲ੍ਹ ਅੱਧੀ ਰਾਤ ਪਿੱਛੋਂ ਪੰਜ ਜਣੇ ਘਰ ਦੀ ਕੰਧ ਟੱਪ ਕੇ ਅੰਦਰ ਆਏ ਅਤੇ ਬਜ਼ੁਰਗ ਔਰਤ ਨੂੰ ਬੰਨ੍ਹ ਕੇ ਉਸ ਦੇ ਮੂੰਹ ਵਿੱਚ ਕੱਪੜਾ ਤੁੰਨ ਕੇ ਲੋਹੇ ਦੀ ਰਾਡ ਨਾਲ ਕੁੱਟਿਆ ਅਤੇ ਪੁੜਪੁੜੀ ਉੱਤੇ ਰਿਵਾਲਵਰ ਤਾਣਦੇ ਹੋਏ ਗੋਲੀ ਮਾਰਨ ਦੀ ਧਮਕੀ ਦੇ ਕੇ 11 ਲੱਖ ਰੁਪਏ, ਵੀਹ ਤੋਲੇ ਸੋਨਾ, ਡਾਇਮੰਡ ਦਾ ਸੈਟ, ਇੱਕ ਕਿਲੋ ਚਾਂਦੀ ਤੇ ਨਕਦੀ ਚੋਰੀ ਕਰ ਕੇ ਫਰਾਰ ਹੋ ਗਏ। ਔਰਤ ਨੇ ਖੁਦ ਨੂੰ ਮੁਕਤ ਕੀਤਾ ਤੇ ਦੂਸਰੇ ਕਮਰੇ ਵਿੱਚ ਸੁੱਤੇ ਬੇਟੇ ਨੂੰ ਉਠਾਇਆ ਅਤੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਪੰਜ ਜਣਿਆਂ ਖਿਲਾਫ ਕੇਸ ਦਰਜ ਕਰ ਕੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ ਚੋਰੀ ਦਾ ਕੁਝ ਸਾਮਾਨ ਬਰਾਮਦ ਕਰ ਲਿਆ ਹੈ।

ਏ ਐਸ ਆਈ ਸਿਕੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਦੇ ਨਿਊ ਹਾਕਮ ਦਾ ਅਗਵਾੜ ਵਾਸੀ 65 ਸਾਲਾ ਊਸ਼ਾ ਪੱਬੀ ਨੇ ਦੱਸਿਆ ਕਿ 13 ਮਈ ਦੀ ਰਾਤ ਚੋਰ ਕੰਧ ਟੱਪ ਕੇ ਕਮਰੇ ਵਿੱਚ ਵੜੇ ਅਤੇ ਮੈਨੂੰ ਬੰਨ੍ਹ ਕੇ ਮੂੰਹ ਵਿੱਚ ਕੱਪੜਾ ਤੁੰਨ ਦਿੱਤਾ। ਇਸ ਦੇ ਬਾਅਦ ਲੋਹੇ ਦੀ ਰਾਡ ਨਾਲ ਕੁੱਟਿਆ। ਪੁਲਸ ਨੇ ਬੂਟਾ ਸਿੰਘ, ਲਖਬੀਰ ਸਿੰਘ, ਮਿੱਠੂ ਵਾਸੀ ਪੁਲੀਵਾਲਾ ਮੁਹੱਲਾ ਅਮਰਜੀਤ ਸਿੰਘ ਅਤੇ ਕਾਲੂ ਵਾਸੀ ਮੋਗਾ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਦੌਰਾਨ ਮੋਗਾ ਨਿਊ ਟਾਊਨ ਵਾਸੀ ਅਸ਼ੋਕ ਬਾਂਸਲ ਨੇ ਦੱਸਿਆ ਕਿ 13 ਮਈ ਨੂੰ ਰਿਸ਼ਤੇਦਾਰੀ ਵਿੱਚ ਵਿਆਹ ਹੋਣ ਕਾਰਨ ਉਹ ਮੋਹਾਲੀ ਵਿੱਚ ਪਰਵਾਰ ਸਮੇਤ ਗਿਆ ਸੀ। 14 ਨੂੰ ਵਾਪਸ ਮੁੜਿਆ ਤਾਂ ਘਰ ਦੇ ਤਾਲੇ ਟੁੱਟੇ ਹੋਏ ਹਨ ਅਤੇ ਸੱਤ ਤੋਲੇ ਸੋਨਾ 122000 ਰੁਪਏ, 7200 ਕੈਨੇਡੀਅਨ ਡਾਲਰ, 2200 ਯੂ ਐਸ ਡਾਲਰ ਚੋਰ ਲੈ ਗਏ। ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਤਾਂ ਪੁਲਸ ਨੇ ਘਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਵੇਖ ਕੇ ਸੰਦੀਪ ਸਿੰਘ ਵਾਸੀ ਬਗਿਆਨਾ ਬਸਤੀ ਨੂੰ ਗ੍ਰਿਫਤਾਰ ਕਰ ਕੇ ਘਰ ਵਿੱਚੋਂ ਚੋਰੀ ਕੀਤਾ ਸਾਮਾਨ ਬਰਾਮਦ ਕਰ ਲਿਆ ਗਿਆ ਹੈ।

# ਡਾਕਟਰ ਨੇ ਗਰਭਵਤੀ ਦੇ ਪੇਟ ਉੱਤੇ ਬੈਠ ਕੇ ਡਿਲੀਵਰੀ ਕਰਵਾਈ, ਬੱਚੇ ਦੀ ਮੌਤ

ਫ਼ਰੀਦਕੋਟ, 20 ਮਈ (ਪੋਸਟ ਬਿਊਰੋ)- ਇੱਕ ਡਾਕਟਰ ਵੱਲੋਂ ਗਰਭਵਤੀ ਮਹਿਲਾ ਦੇ ਪੇਟ ਉੱਤੇ ਬੈਠ ਕੇ ਡਿਲੀਵਰੀ ਕਰਵਾਉਣ ਨਾਲ ਬੱਚੇ ਦੀ ਮੌਤ ਹੋ ਗਈ। ਕੇਸ ਜ਼ਿਆਦਾ ਵਿਗੜਨ ਉੱਤੇ ਪੀੜਤ ਮਮਤਾ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਫਿਰੋਜ਼ਪੁਰ ਦੇ ਪਿੰਡ ਅਟਾਰੀ ਨਿਵਾਸੀ ਪੀੜਤਾ ਦੇ ਪਤੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਦੋਂ ਉਸਦੀ ਪਤਨੀ ਨੂੰ ਜਣੇਪੇ ਦੀਆਂ ਪੀੜਾਂ ਉਠੀਆਂ ਤਾਂ ਉਹ ਉਸ ਨੂੰ ਨਰਸ ਰਜਿੰਦਰ ਕੌਰ ਸੇਖਾਂਵਾਲੀ ਬਸਤੀ ਕੋਲ ਲੈ ਗਏ। ਓਥੇ



ਡਾਕਟਰ ਨੇ ਉਸਦੀ ਪਤਨੀ ਦੇ ਪੇਟ ਉੱਤੇ ਬੈਠ ਕੇ ਡਿਲੀਵਰੀ ਕਰਵਾ ਦਿੱਤੀ।ਉਸ ਨੇ ਦੱਸਿਆ ਕਿ ਇੱਕ ਵਾਰ ਬੱਚਾ ਪੇਟ ਤੋਂ ਬਾਹਰ ਆ ਗਿਆ ਪਰਜਦੋਂਡਾਕਟਰ ਪੇਟ ਤੋਂ ਉਠਿਆ ਤਾਂ ਬੱਚਾ ਫਿਰ ਪੇਟ ਵਿੱਚ ਚਲਾ ਗਿਆ ਜਿਸ ਦੇ ਬਾਅਦ ਉਸਦੀ ਪਤਨੀ ਦੀ ਹਾਲਤ ਜ਼ਿਆਦਾ ਗੰਭੀਰ ਹੋ ਗਈ।ਖੂਨ ਨਾਲ ਲਥਪਥ ਹੱਥਾਂ ਨਾਲ ਡਾਕਟਰ ਸੁਮੇਲ ਫ਼ਰਾਰ ਹੋ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਆਪਣੀ ਪਤਨੀ ਨੂੰ ਸਿਵਲ ਹਸਪਤਾਲ ਫਿਰੋਜ਼ਪੁਰ ਜਾ ਫ਼ਰੀਦਕੋਟ ਲੈ ਜਾਣ ਅਤੇ ਕਹਿ ਦੇਣ ਕਿ ਉਹ ਉਸ ਨੂੰ ਘਰੋਂ ਲੈ ਕੇ ਆਏ ਹਨ। ਨਰਸ ਰਾਜਿੰਦਰ ਕੌਰ ਨੇ ਉਸ ਤੋਂ 15 ਹਜ਼ਾਰ ਰੁਪਏ ਮੰਗੇ।ਉਹ ਫਿਰੋਜ਼ਪੁਰ ਦੇ ਥਾਣਾ ਸਿਟੀ ਵਿੱਚ ਸ਼ਿਕਾਇਤ ਦਰਜ ਕਰਾਉਣ ਗਿਆ ਤਾਂ ਉਥੋਂ ਦੇ ਮੁੰਸ਼ੀ ਨੇ ਉਸ ਉੱਤੇ ਪਰਚਾ ਦਰਜ ਕਰਨ ਦੀ ਧਮਕੀ ਦੇ ਕੇ ਉਸ ਨੂੰ ਭਜਾ ਦਿੱਤਾ। ਇਸ ਬਾਰੇ ਨਰਸ ਰਾਜਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਵੀ ਨਹੀਂ ਪਤਾ।

# ਬੀਬੀ ਜਗੀਰ ਕੌਰ ਉਤੇ ਸ਼੍ਰੋਮਣੀ ਕਮੇਟੀ ਵਿੱਚ ਮੁਲਜ਼ਮ ਸਿੱਧੇ ਭਰਤੀ ਕਰਨ ਦਾ ਦੋਸ਼

ਅੰਮ੍ਰਿਤਸਰ, 20 ਮਈ (ਪੋਸਟ ਬਿਊਰੋ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਦੇ ਇੱਕ ਮੈਂਬਰ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਉੱਤੇਦੋ ਦਰਜਨ ਤੋਂ ਵੱਧ ਮੁਲਾਜ਼ਮਾਂ ਦੀ ਸਿੱਧੀ ਭਰਤੀ ਕਰ ਕੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਹਨ।

ਇਸ ਬਾਰੇ ਇੱਕ ਬਿਆਨ ਵਿੱਚ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਦੋਸ਼ ਲਾਇਆ ਕਿ ਇਨ੍ਹਾਂ ਭਰਤੀਆਂ ਲਈ ਐਗਜ਼ੈਕਟਿਵ ਤੋਂ ਮਨਜ਼ੂਰੀ ਲੈਣੀ ਤਾਂ ਦੂਰ, ਜਾਣਕਾਰੀ ਤੱਕ ਨਹੀਂ ਦਿੱਤੀ ਗਈ ਅਤੇ ਨਾ ਇਸ ਭਰਤੀ ਲਈ ਅਖਬਾਰਾਂ ਨੂੰ ਕੋਈ ਇਸ਼ਤਿਹਾਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਧੀ ਭਰਤੀ ਕੀਤੇ ਮੁਲਾਜ਼ਮਾਂ ਵਿੱਚ ਬਹੁਤੇ ਤਾਂ ਪ੍ਰਧਾਨ



ਦੇ ਨੇੜਲੇ ਅਧਿਕਾਰੀਆਂ ਦੇ ਰਿਸ਼ਤੇਦਾਰ ਹਨ। ਜੱਸੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਪਾਸੇ ਫੰਡ ਦੀ ਕਮੀ ਦਾ ਬਹਾਨਾ ਬਣਾ ਕੇ ਆਪਣੇ ਮੁਲਾਜ਼ਮਾਂ ਦੇ ਮਕਾਨ ਦੇ ਕਿਰਾਏ ਅਤੇ ਮੈਡੀਕਲ ਸਹੂਲਤਾਂ ਆਦਿ ਵਿੱਚ ਕਟੌਤੀ ਕੀਤੀ ਗਈ ਤੇ ਦੂਜੇ ਪਾਸੇ ਅਜਿਹੀ ਸਿੱਧੀ ਭਰਤੀ ਕਰ ਕੇ ਗੁਰੂ ਦੇ ਖਜ਼ਾਨੇ ਉੱਤੇ ਬੇਲੋੜਾ ਬੋਝ ਪਾਇਆ ਗਿਆ ਹੈ। ਉਨ੍ਹਾਂ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਭੱਤਿਆਂ ਵਿੱਚ ਵਾਧਾ ਕਰਨ ਦੀ ਮੰਗ ਕੀਤੀ।

ਅੰਤ੍ਰਿੰਗ ਕਮੇਟੀ ਮੈਂਬਰ ਨੇ ਸੰਸਥਾ ਦੇ ਪ੍ਰਬੰਧਕੀ ਕੰਮਾਂ ਤੇ ਵਿਵਸਥਾ ਵਿੱਚ ਪਾਰਦਰਸ਼ਤਾ ਲਿਆਉਣ ਦੀ ਲੋੜ ਉੱਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਨਿਯਮਾਂ ਖਿਲਾਫ ਭਰਤੀ ਕੀਤੇ ਇਨ੍ਹਾਂ ਮੁਲਾਜ਼ਮਾਂ ਦੀ ਨਿਯੁਕਤੀ ਨੂੰ ਤੁਰੰਤ ਰੱਦ ਕੀਤਾ ਜਾਵੇ, ਨਹੀਂ ਤਾਂ ਆਉਣ ਵਾਲੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਹੋਰਨਾਂ ਮੈਂਬਰਾਂ ਨੂੰ ਨਾਲ ਲੈ ਕੇ ਇਹ ਮੁੱਦਾ ਜ਼ੋਰ ਨਾਲ ਉਠਾਇਆ ਜਾਵੇਗਾ। ਦੂਜੇ ਪਾਸੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸ ਵਿੱਚ ਕੋਈ ਬੇਨਿਯਮੀ ਨਹੀਂ ਕੀਤੀ ਗਈ।

# 25 ਤੋਲੇ ਸੋਨਾ, 1 ਲੱਖ ਰੁਪਏ ਨਕਦੀ, ਅਮਰੀਕਨ ਡਾਲਰ ਤੇ ਏਅਰ ਗੰਨ ਚੋਰੀ

ਲਾਂਬੜਾ, 20 ਮਈ (ਪੋਸਟ ਬਿਊਰੋ)- ਥਾਣਾ ਲਾਂਬੜਾ ਦੇ ਟਾਵਰ ਇਨਕਲੇਵ ਫੇਜ਼ ਤਿੰਨ ਪਿੰਡ ਵਡਾਲਾ ਵਿਖੇ ਚੋਰਾਂ ਵੱਲੋਂ ਇੱਕ ਫਾਰਮ ਹਾਊਸ ਨੂੰ ਨਿਸ਼ਾਨਾ ਬਣਾ ਕੇ ਵੱਡੀ ਵਾਰਦਾਤ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਬਾਰੇ ਫਾਰਮ ਹਾਊਸ ਅਤੇ ਕ੍ਰਿਕਟ ਅਕੈਡਮੀ ਦੇ ਮਾਲਕ ਦਿਲਸ਼ੇਰ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਵਡਾਲਾ ਨੇ ਦੱਸਿਆ ਕਿ ਰਾਤ ਕਰੀਬ 10 ਵਜੇ ਖਾਣਾ ਖਾ ਕੇ ਉਸ ਦਾ ਤੇ ਉਸ ਦੇ ਭਰਾ ਦਾ ਪਰਵਾਰ ਸੌਂ ਗਏ। ਰਾਤ ਕਰੀਬ ਸਵਾ ਤਿੰਨ ਵਜੇ ਉਸ ਨੂੰ ਕੁਝ ਖੜਕਣ ਦੀਆਂ ਆਵਾਜ਼ਾਂ ਆਈਆਂ ਤਾਂ ਉਸ ਨੇ ਰੌਲਾ ਪਾਇਆ ਤਾਂ ਪਰਵਾਰ ਵਾਲੇ ਉਠ ਗਏ। ਅਸੀਂ ਘਰ ਦੇ ਪਿਛਲੇ ਕਮਰੇ ਵਿੱਚ ਜਾ ਕੇ ਦੇਖਿਆ ਤਾਂ ਉਸ ਦੀ ਤਾਕੀ ਦੀ ਗਰਿੱਲ ਪੁੱਟੀ ਹੋਈ ਸੀ। ਨਾਲ ਦੇ ਸਟੋਰ ਵਿੱਚ ਦੇਖਿਆ ਤਾਂ ਲੋਹੇ ਦੀ ਅਲਮਾਰੀ ਖੁੱਲ੍ਹੀ ਪਈ ਸੀ ਅਤੇ ਉਸ ਦੇ ਲਾਕਰ ਦਾ ਤਾਲਾ ਤੋੜਿਆ ਹੋਇਆ ਸੀ। ਦਿਲਸ਼ੇਰ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਲਾਕਰ ਵਿੱਚੋਂ ਇੱਕ ਪੈਂਡਲ ਸੈਟ, ਇੱਕ ਨੈਕਲੈਸ ਸੈਟ, ਇੱਕ ਚੇਨ, ਇੱਕ ਮੁੰਦਰੀ, ਚਾਰ ਸੋਨੇ ਦੀਆਂ ਵੰਗਾਂ, ਇੱਕ ਸੈਟ, ਦੋ ਕਾਂਟਿਆਂ ਦੇ ਜੋੜੇ, ਇੱਕ ਲੱਖ ਰੁਪਏ ਦੀ ਭਾਰਤੀ ਕਰੰਸੀ, 250 ਅਮਰੀਕਨ ਡਾਲਰ ਤੇ ਇੱਕ ਏਅਰ ਗੰਨ ਵੀ ਚੋਰੀ ਕੀਤੀ ਸੀ। ਲਾਂਬੜਾ ਪੁਲਸ ਨੇ ਇਸ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਢੀਂਡਸਾ ਤੇ ਬ੍ਰਹਮਪੁਰਾ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਬਣਾਇਆ

ਚੰਡੀਗੜ੍ਹ, 20 ਮਈ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਅਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਰਲੇਵੇਂ ਤੋਂ ਬਾਅਦ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਕੱਲ੍ਹ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਗਠਨ ਦਾ ਐਲਾਨ ਕਰ ਦਿੱਤਾ ਗਿਆ।

ਦੋਵਾਂ ਸੀਨੀਅਰ ਅਕਾਲੀ ਆਗੂਆਂ ਨੇ ਕੱਲ੍ਹ ਇੱਥੇ ਮੀਟਿੰਗ ਤੋਂ ਬਾਅਦ ਕਿਹਾ ਕਿ ਨਵੇਂ ਦਲ ਦੇ ਜਥੇਬੰਦਕ ਢਾਂਚੇ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ। ਪਾਰਟੀ ਨੇ ਜਥੇਦਾਰ ਬ੍ਰਹਮਪੁਰਾ ਨੂੰ ਸਰਪ੍ਰਸਤ ਅਤੇ ਢੀਂਡਸਾ ਨੂੰ ਪ੍ਰਧਾਨ ਥਾਪਿਆ ਹੈ। ਇਸ ਬਾਰੇ ਪਾਰਟੀ ਨੇ ਜਾਰੀ ਬਿਆਨ ਰਾਹੀਂ ਕਿਹਾ ਹੈ ਕਿ ਪੰਜਾਬ ਨੂੰ ਮੌਜੂਦਾ ਸਮੇਂ ਕਾਂਗਰਸ, ਬਾਦਲਾਂ ਅਤੇ ਭਾਜਪਾ ਤੋਂ ਬਚਾਉਣ ਦੀ ਲੋੜ ਹੈ। ਇਸ ਲਈ ਨਵੇਂ ਅਕਾਲੀ ਦਲ ਰਾਹੀਂ ਸੂਬੇ ਦੇ ਲੋਕਾਂ ਨੂੰ ਬਦਲਵੀਂ ਸਿਆਸੀ ਸੋਚ ਤੇ ਸੱਚੀ-ਸੁੱਚੀ ਸਿਆਸਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਬਾਦਲਾਂ ਨੇ ਪੰਜਾਬ ਨੂੰ ਰੱਜ ਕੇ ਲੁੱਟਿਆ ਹੈ। ਅਕਾਲੀ ਆਗੂਆਂ ਨੇ ਬਾਦਲਾਂ ਉੱਤੇ ਪੰਥਕ



ਮਰਿਆਦਾਵਾਂ ਦਾ ਘਾਣ ਕਰਨ ਤੇ ਸਿੱਖ ਸੰਸਥਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਾਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਤੇ ਬਾਦਲ ਪਰਵਾਰ ਦੀ ਸਾਂਝ ਜੱਗ ਜ਼ਾਹਿਰ ਹੋ ਚੁੱਕੀ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਸ ਗੋਲੀ ਕਾਂਡਾਂ ਦੇ ਦੋਸ਼ੀ ਫੜੇ ਨਹੀਂ ਗਏ। ਅਕਾਲੀ ਆਗੂਆਂ ਨੇ ਸੂਬੇ ਵਿਚ ਰੇਤ ਮਾਫੀ, ਟਰਾਂਸਪੋਰਟ ਮਾਫੀਆ, ਕੇਬਲ ਮਾਫੀਆਤੇ ਸ਼ਰਾਬ ਮਾਫੀਆ ਦਾ ਪਹਿਲਾਂ ਵਾਂਗ ਦੌਰ ਹੋਣ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਹਮਖਿਆਲ ਪਾਰਟੀਆਂ ਨਾਲ ਸਾਂਝ ਪਾ ਕੇ ਪੰਜਾਬ ਨੂੰ ਮਾਫੀਆ ਤੋਂ ਮੁਕਤ ਕਰਾਇਆ ਜਾਵੇਗਾ। ਨਵੇਂ ਦਲ ਦੀ ਮੀਟਿੰਗ ਵਿੱਚ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਸਪੱਸ਼ਟੀਕਰਨ ਮੰਗਿਆ ਗਿਆ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕੋਰੋਨਾ ਕਾਲ ਅਤੇ ਕਿਸਾਨ ਸੰਘਰਸ਼ ਦੌਰਾਨ ਦਾਨ ਵਜੋਂ ਆਈ ਰਕਮ ਦੇ ਵੇਰਵੇ ਸਬੰਧੀ ਵ੍ਹਾਈਟ ਪੇਪਰ ਜਾਰੀ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਦੇਸ਼ ਦੁਨੀਆ ਭਰ ਦੀ ਸਿੱਖ ਕੌਮ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦਾਨ ਵਜੋਂ ਆਈ ਰਕਮ ਕਿਹੜੇ ਲੋਕਾਂ ਤੋਂ ਕਬੂਲੀ ਗਈ ਹੈ ਕਿਉਂਕਿ ਫਿਲਮੀ ਅਦਾਕਾਰ ਅਮਿਤਾਭ ਬੱਚਨ ਜਿਸ ਦਾ ਨਾਂਅ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਜੁੜਿਆ ਹੋਇਆ ਹੈ, ਪਾਸੋਂ ਦਿੱਲੀ ਗੁਰਦੁਆਰਾ ਨੇ ਦੋ ਕਰੋੜ ਰੁਪਏ ਹਾਸਲ ਕੀਤੇ ਹਨ।



# ਬਲੈਕ ਫੰਗਸ ਰਾਜਸਥਾਨ ਵਿੱਚ ਮਹਾਂਮਾਰੀ ਕਰਾਰ, ਮਹਾਰਾਸ਼ਟਰ ਵਿੱਚ 90 ਮੌਤਾਂ, ਦਿੱਲੀ ਵਿੱਚ 86 ਕੇਸ



ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਦੂਜੀ ਲਹਿਰ ਵੱਲੋਂ ਆਪਣੇ ਨਾਲ ਲਿਆਂਦੀ ਖਤਰਨਾਕ ਬੀਮਾਰੀ ਬਲੈਕ ਫੰਗਸ ਪੂਰੇ ਭਾਰਤ ਵਿੱਚ ਆਪਣਾ ਕਹਿਰ ਵਰ੍ਹਾਉਣ ਲੱਗੀ ਹੈ। ਹਾਲਾਤ ਇਹ ਹਨ ਕਿ ਇਸ ਬੀਮਾਰੀ ਦੀ ਲਪੇਟ ਵਿੱਚ ਆ ਕੇ ਮਰਨ ਵਾਲੇ ਮਰੀਜ਼ਾਂ ਦੀ ਗਿਣਤੀ ਵਧਣ ਲੱਗ ਪਈ ਹੈ।

ਮਿਲੀ ਜਾਣਕਾਰੀ ਅਨੁਸਾਰ ਕੋਰੋਨਾ ਦਾ ਸਭ ਤੋਂ ਵੱਧ ਸ਼ਿਕਾਰ ਮਹਾਰਾਸ਼ਟਰ ਇਸ ਖਤਰਨਾਕ ਬੀਮਾਰੀ ਨਾਲ ਸਭ ਤੋਂ ਵੱਧ ਪੀੜਤ ਹੋਇਆ ਤੇਇਸ ਰਾਜ ਵਿੱਚ ਕੱਲ੍ਹ ਤੱਕ 90 ਮਰੀਜ਼ਾਂ ਦੀ ਬਲੈਕ ਫੰਗਸ ਨਾਲ ਮੌਤ ਹੋ ਚੁੱਕੀ ਸੀ। ਨਾਗਪੁਰ ਵਿੱਚ ਇਸ ਬੀਮਾਰੀ ਦੇ ਸ਼ਿਕਾਰ ਲੱਗਭਗ 300 ਲੋਕਾਂ ਦਾ ਇਲਾਜ ਚੱਲ ਰਿਹਾ ਹੈ ਤੇ ਇਸ ਜ਼ਿਲ੍ਹੇ ਵਿੱਚ ਕਈ ਮਰੀਜ਼ਾਂ ਦੀ ਮੌਤ ਵੀ ਹੋ ਚੁੱਕੀ ਹੈ।ਮਹਾਰਾਸ਼ਟਰ ਵਿੱਚੋਂ ਆਈ ਕੋਰੋਨਾ ਵਾਇਰਸ ਦੀ ਦੂਜੀ ਲਹਿਰ ਦਾ ਸਾਹਮਣਾ ਕਰ ਰਹੀ ਦਿੱਲੀ ਵੀ ਬਲੈਕ ਫੰਗਸ ਨਾਲ ਜੂਝ ਰਹੀ ਹੈ। ਕੌਮੀ ਰਾਜਧਾਨੀ ਵਿੱਚ 86 ਕੇਸਪਤਾ ਲੱਗ ਚੁੱਕੇ ਹਨ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਦੀ ਇਸ ਬੀਮਾਰੀ ਨਾਲ ਮੌਤ ਹੋ ਚੁੱਕੀ ਹੈ। ਦਿੱਲੀ ਦੇ ਮੂਲਚੰਦ ਹਸਪਤਾਲ ਵਿੱਚ 16 ਮਈ ਨੂੰ ਉਕਤ ਕੇਸਮਿਲਿਆ ਸੀ। ਹਸਪਤਾਲ ਦੇ ਇੱਕ ਡਾਕਟਰ ਭਗਵਾਨ ਮੰਤਰੀ ਮੁਤਾਬਕ ਮੇਰਠ ਦਾ ਵਸਨੀਕ 37 ਸਾਲ ਵਿਅਕਤੀ ਕੋਰੋਨਾ ਪਾਜ਼ੇਟਿਵ ਸੀ ਤੇ ਉਸ ਵਿੱਚ ਬਲੈਕ ਫੰਗਸ ਦੇ ਲੱਛਣ ਸਨ। ਉਸ ਦਾ ਪਹਿਲਾਂ ਘਰ ਵਿੱਚ ਇਲਾਜ ਹੋ ਰਿਹਾ ਸੀ ਤੇ ਉਸ ਨੂੰ ਹਾਈ ਬਲੱਡ ਸ਼ੂਗਰ ਵੀ ਸੀ।ਉਨ੍ਹਾਂ ਦੱਸਿਆ ਕਿ 16 ਮਈ ਨੂੰ ਜਦੋਂ ਉਸ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਉਸ ਦੀਆਂ ਅੱਖਾਂ ਲਾਲ ਤੇ ਸੁੱਜੀਆਂ ਹੋਈਆਂ ਤੇ ਚਿਹਰਾ ਸੁੱਜਾ ਹੋਇਆ ਸੀ ਤੇ ਉਸ ਦੇ ਨੱਕ ਵਿੱਚੋਂ ਖ਼ੂਨ ਵੱਗ ਰਿਹਾ ਸੀ। ਟੈਸਟ ਦੌਰਾਨ ਬਲੈਕ ਫੰਗਸ ਦੀ ਗੱਲ ਪਤਾ ਲੱਗੀ ਤਾਂ ਉਸਦੀ ਸਰਜਰੀ ਕਰਨ ਦੀ ਯੋਜਨਾ ਬਣਾਈ ਗਈ, ਪਰ ਇਨ੍ਹਾਂ ਕੋਸ਼ਿਸ਼ਾਂ ਪਿੱਛੋਂ ਮਰੀਜ਼ ਨੂੰ ਦਿਲ ਦਾ ਦੌਰਾ ਪਿਆ ਅਤੇ ਉਸ ਨੂੰ ਬਚਾਇਆ ਨਹੀਂ ਜਾ ਸਕਿਆ।

ਉਧਰ ਰਾਜਸਥਾਨ ਸਰਕਾਰ ਨੇ ਬਲੈਕ ਫੰਗਸ ਨੂੰ ਮਹਾਮਾਰੀ ਐਲਾਨ ਕਰ ਦਿੱਤਾ ਹੈ। ਇਸ ਰਾਜ ਦੇ ਡਾਕਟਰੀ ਅਤੇ ਸਿਹਤ ਵਿਭਾਗ ਦੇ ਮੁੱਖੀ ਅਖਿਲ ਅਰੋੜਾ ਨੇ ਦੱਸਿਆ ਕਿ ਬਲੈਕ ਫੰਗਸ ਦੇ ਮਰੀਜ਼ਾਂ ਦੇ ਗਿਣਤੀ ਵਿੱਚ ਲਗਾਤਾਰ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਇਹ ਫੈਸਲਾ ਲਿਆ ਗਿਆ ਹੈ।

# ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪਹਿਲਾਂ ਮੋਦੀ ਸਰਕਾਰ ਨੂੰ ਸਲਾਹ ਦਿੱਤੀ, ਫਿਰ ਸਪੱਸ਼ਟੀਕਰਨ



ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੀ ਵੈਕਸੀਨ ਦੀ ਘਾਟ ਦੌਰਾਨ ਉਤਪਾਦਨ ਵਧਾਉਣ ਅਤੇ ਦੂਜੀਆਂ ਕੰਪਨੀਆਂ ਨਾਲ ਵੈਕਸੀਨ ਦਾ ਫਾਰਮੂਲਾ ਸਾਂਝਾ ਕਰਨ ਦੀ ਚਰਚਾ ਵਿੱਚ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਆਪਣੀ ਸਰਕਾਰ ਨੂੰ ਸਲਾਹ ਦਿੰਦਿਆਂ ਕਿਹਾ ਸੀ ਕਿ ਭਾਰਤ ਵਿੱਚ ਕਈ ਦੂਜੀਆਂ ਕੰਪਨੀਆਂ ਨੂੰ ਵੀ ਕੋਵਿਡ ਵੈਕਸੀਨ ਬਣਾਉਣ ਦਾ ਲਾਈਸੈਂਸ ਦਿੱਤਾ ਜਾਣਾ ਚਾਹੀਦਾ ਹੈ। ਅਗਲੇ ਦਿਨ ਉਨ੍ਹਾਂ ਨੇ ਸਪੱਸ਼ਟੀਕਰਨ ਦਿੰਦਿਆਂ ਸਰਕਾਰ ਦੇ ਪੱਖ ਵਿੱਚਿਆ ਕੇ ਕਿਹਾ ਕਿ ਕੇਂਦਰ ਪਹਿਲਾਂ ਹੀ ਏਦਾਂ ਹੋ ਰਿਹਾ ਹੈ, ਪਰ ਉਹ ਇਸ ਤੋਂ ਅਣਜਾਣ ਸੀ।

ਅਸਲ ਵਿੱਚ ਨਿਤਿਨ ਗਡਕਰੀ ਨੇ ਕੱਲ੍ਹ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨਾਲ ਵੀਡੀਓ ਕਾਨਫ਼ਰੰਸਿੰਗ ’ਚ ਸੁਝਾਅ ਦਿੰਦਿਆਂ ਕਿਹਾ ਸੀ ਕਿ ਜੇ ਵੈਕਸੀਨ ਦੀ ਮੰਗ ਸਪਲਾਈ ਤੋਂ ਵੱਧ ਹੋਵੇਗੀ ਤਾਂ ਮੁਸ਼ਕਿਲ ਆਉਣੀ ਹੈ। ਉਨ੍ਹਾਂ ਕਿਹਾ ਸੀ ਕਿ ਸਰਕਾਰ ਨੂੰ ਇੱਕ ਦੀ ਥਾਂ10 ਕੰਪਨੀਆਂ ਨੂੰ ਵੈਕਸੀਨ ਬਣਾਉਣ ਦੀ ਆਗਿਆ ਦੇਣੀ ਚਾਹੀਦੀ ਹੈ, ਜਿਸ ਨਾਲ ਦੇਸ਼ ਦੀ ਲੋੜ ਅਨੁਸਾਰ ਸਪਲਾਈ ਕੀਤੀ ਜਾਵੇ ਤੇ ਵਾਧੂ ਵੈਕਸੀਨਾਂ ਨੂੰ ਵਿਦੇਸ਼ ਵਿੱਚ ਵੇਚਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੂੰ ਇਹ ਕੰਮ 10 ਤੋਂ 15 ਦਿਨਾਂ ਵਿੱਚ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਇਸ ਸਲਾਹ ਉੱਤੇ ਸੀਨੀਅਰ ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਫੌਰੀ ਪ੍ਰਤੀਕਰਮ ਦੇਂਦਿਆਂ ਕਿਹਾ ਕਿ ਇਹੋ ਸਲਾਹ ਡਾ. ਮਨਮੋਹਨ ਸਿੰਘ ਨੇ 18 ਅਪ੍ਰੈਲ ਨੂੰ ਦਿੱਤੀ ਸੀ। ਜੈਰਾਮ ਨੇ ਤਿੱਖਾ ਵਿਅੰਗ ਕਰਦਿਆਂ ਕਿਹਾ ਕਿ ਕੀ ਤੁਹਾਡੇ ਬੌਸ ਸੁਣਦੇ ਹਨ? ਗਡਕਰੀ ਨੇ ਕੱਲ੍ਹ ਟਵਿੱਟਰ ਉੱਤੇ ਪਾਏ ਸਪੱਸ਼ਟੀਕਰਨ ਵਿੱਚ ਕਿਹਾ ਕਿ ਜਦੋਂ ਉਨ੍ਹਾਂ ਸਵਦੇਸ਼ੀ ਜਾਗਰਣ ਮੰਚ ਦੇ ਪ੍ਰੋਗਰਾਮ ਵਿੱਚ ਕੋਵਿਡ ਵੈਕਸੀਨ ਦਾ ਉਤਪਾਦਨ ਵਧਾਉਣ ਦਾ ਸੁਝਾਅ ਦਿੱਤਾ ਸੀ, ਓਦੋਂ ਉਨ੍ਹਾਂ ਨੂੰ ਪਤਾ ਨਹੀਂ ਸੀ। ਕੈਮੀਕਲ ਤੇ ਖਾਦਾਂ ਬਾਰੇ ਮੰਤਰੀ ਮਨਸੁਖ ਮਾਂਡਵੀਆ ਨੇ ਇਸ ਬਾਰੇਸਰਕਾਰ ਦੀਆਂ ਕੋਸ਼ਿਸ਼ਾਂ ਦੀ ਜਾਣਕਾਰੀ ਦਿੱਤੀ ਤਾਂ ਗਡਕਰੀ ਨੇ ਕਿਹਾ ਕਿ ਮਾਂਡਵੀਆ ਨੇ ਉਨ੍ਹਾਂ ਨੂੰ ਦੱਸਿਆ ਕਿ ਭਾਰਤ ਸਰਕਾਰ ਪਹਿਲਾਂ ਹੀ 12 ਵੱਖ-ਵੱਖ ਪਲਾਂਟ ਕੰਪਨੀਆਂ ਵੱਲੋਂ ਵੈਕਸੀਨ ਉਤਪਾਦਨ ਸ਼ੁਰੂ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਨੇੜਲੇ ਭਵਿੱਖ ਵਿੱਚ ਉਤਪਾਦਨ ਵਿੱਚ ਤੇਜ਼ੀ ਆਉਣ ਦੀ ਸੰਭਾਵਨਾ ਹੈ।

# ਭਾਰਤ ਦੇ ਉੱਘੇ ਡਾਕਟਰ ਅਗਰਵਾਲ ਦਾ ਕੋਰੋਨਾ ਨਾਲ ਦਿਹਾਂਤ



ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਹਾਰਟ ਕੇਅਰ ਫਾਊਂਡੇਸ਼ਨ ਦੇ ਮੁਖੀਅਤੇ ਪਦਮਸ੍ਰੀ ਡਾਕਟਰ ਕੇ ਕੇ ਅਗਰਵਾਲ (62) ਦਾ ਕੋਰੋਨਾ ਨਾਲ ਦਿਹਾਂਤ ਹੋ ਗਿਆ।

ਡਾ. ਕੇ ਕੇ ਅਗਰਵਾਲ ਦਾ ਪਿਛਲੇ ਹਫ਼ਤੇ ਤੋਂ ਏਮਜ਼ ਵਿੱਚ ਇਲਾਜ ਚੱਲ ਰਿਹਾ ਸੀ ਅਤੇ ਪਿਛਲੇ ਤਿੰਨ ਦਿਨਾਂ ਤੋਂ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਰੱਖਿਆ ਗਿਆ ਸੀ। ਉਨ੍ਹਾਂ ਨੇ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲਈਆਂ ਹੋਈਆਂ ਸੀ, ਫਿਰ ਵੀ ਕੋਰੋਨਾ ਦਾ ਸ਼ਿਕਾਰ ਹੋ ਗਏ। ਜਦੋਂ ਉਹ ਏਮਜ਼ ਦੇ ਆਈ ਸੀ ਯੂ ਵਿੱਚ ਦਾਖ਼ਲ ਸਨ ਤਾਂ ਉਨ੍ਹਾਂ ਆਪਣੇ ਟਵਿੱਟਰ ਅਕਾਊਂਟ ਉੱਤੇ ਇਸ ਦੀ ਜਾਣਕਾਰੀ ਦਿੱਤੀ ਸੀ ਕਿ ਉਹ ਕੋਰੋਨਾ ਤੋਂ ਪੀੜਤ ਹੋ ਗਏ ਹਨ। ਉਹ ਕੋਰੋਨਾ ਪਾਜ਼ੀਟਿਵ ਹੋਣਮਗਰੋਂ ਵੀ ਮਰੀਜ਼ਾਂ ਨੂੰ ਆਨਲਾਈਨ ਸਲਾਹ-ਮਸ਼ਵਰਾ ਦਿੰਦੇ ਰਹੇ। ਉਨ੍ਹਾਂ ਦੇ ਚਿਹਰੇ ਉੱਤੇ ਉਦਾਸੀ ਦੇ ਚਿੰਨ੍ਹ ਨਜ਼ਰ ਨਹੀਂ ਆਏ। ਉਨ੍ਹਾਂ ਨੂੰ ਸਾਲ 2010 ਵਿੱਚ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਆਰਥਿਕ ਰੂਪ ’ਚ ਕਮਜ਼ੋਰ ਲੋਕਾਂ ਦਾ ਮੁਫ਼ਤ ਇਲਾਜ ਕਰਦੇ ਸਨ। ਡਾ. ਕੇ ਕੇ ਅਗਰਵਾਲ ਦੇ ਪਿਤਾ ਮੱਧ ਪ੍ਰਦੇਸ਼ ਦੇ ਵਸਨੀਕ ਸਨ ਜੋ ਦਿੱਲੀ ਵਿਖੇ ਨੌਕਰੀ ਕਰਨ ਆਏ ਸਨ। ਉਹ ਦਿਲ ਦੇ ਦੌਰੇ ਲਈ ਸੈਟਰਪਿਟੋਕਿਨੇਸ ਥੈਰੇਪੀ ਦੀ ਵਰਤੋਂ ਕਰਦੇ ਸਨ ਅਤੇ ਉਨ੍ਹਾਂ ਭਾਰਤ ਵਿੱਚ ਕਲਰ ਡਾਪਲਰ ਇਕੋਕਾਰਡੀਓਗ੍ਰਾਫੀ ਦੀ ਤਕਨੀਕ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੂੰ 2005 ਵਿੱਚ ਮੈਡੀਕਲ ਸ਼੍ਰੇਣੀ ਦੇ ਸਰਬਉਚ ਇਨਾਮ ਡਾ. ਬੀ ਸੀ ਰਾਏ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ।

# ਸ਼ੁਵੇਂਦੂ ਅਧਿਕਾਰੀ ਦੇ ਖਿਲਾਫ ਕਾਰਵਾਈ ਨਾ ਹੋਣ ’ਤੇ ਮੈਥਿਊ ਸੈਮੁਅਲ ਨਿਰਾਸ਼



ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਸੀਨੀਅਰ ਪੱਤਰਕਾਰ ਤੇ 2016 ਦੇ ਨਾਰਦਾ ਟੇਪ ਕੇਸ ਦੇ ਸ਼ਿਕਾਇਤਕਰਤਾ ਮੈਥਿਊ ਸੈਮੁਅਲ ਨੇ ਸੀ ਬੀ ਆਈ ਵੱਲੋਂ ਭਾਜਪਾ ਆਗੂ ਸ਼ੁਵੇਂਦੂ ਅਧਿਕਾਰੀ ਖਿਲਾਫ ਕੋਈ ਕਾਰਵਾਈ ਨਾ ਕੀਤੇ ਜਾਣ ਉਤੇ ਨਾਖੁਸ਼ੀ ਜ਼ਾਹਿਰ ਕੀਤੀ ਹੈ। ਫਿਰ ਵੀ ਉਨ੍ਹਾਂ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਦੇ ਸੁਬ੍ਰਤਾ ਮੁਖਰਜੀ ਤੇ ਫਰਹਾਦ ਹਕੀਮ ਖਿਲਾਫ ਕੀਤੀ ਗਈ ਕਾਰਵਾਈ ਉੱਤੇ ਤਸੱਲੀ ਪ੍ਰਗਟਾਈ ਹੈ।

ਮੀਡੀਆ ਰਿਪੋਰਟਾਂ ਅਨੁਸਰ ਮੈਥਿਊ ਸੈਮੁਅਲ ਨੇ ਕਿਹਾ, ‘ਮੈਂ ਖੁਦ ਸ਼ੁਵੇਂਦੂ ਅਧਿਕਾਰੀ ਦੇ ਦਫਤਰ ਜਾ ਕੇ ਉਨ੍ਹਾਂ ਨੂੰ ਰਕਮ ਫੜਾਈ ਸੀ। ਉਸ ਦਾ ਨਾਂਅ ਸੂਚੀ ਵਿੱਚ ਸ਼ਾਮਲ ਨਹੀਂ ਹੈ। ਕੀ ਹੋਇਆ? ਇਸ ਬਾਰੇ ਫੋਰੈਂਸਿਕ ਜਾਂਚ ਹੋਈ ਸੀ ਤੇ ਇਹ ਸਾਬਤ ਹੋ ਚੁੱਕਾ ਹੈ। ਸੀ ਬੀ ਆਈ ਨੇ ਇਸ ਬਾਰੇ ਮੇਰਾ ਬਿਆਨ ਦਰਜ ਕੀਤਾ ਸੀ। ਮੈਂ ਸ਼ੁਵੇਂਦੂ ਅਧਿਕਾਰੀ ਕੋਲ ਗਿਆ ਸੀ ਤੇ ਉਨ੍ਹਾਂ ਮੰਨਿਆ ਸੀ ਕਿ ਉਨ੍ਹਾਂ ਨੂੰ ਰਕਮ ਮਿਲ ਗਈ ਹੈ।' ਉਨ੍ਹਾਂ ਕਿਹਾ, ‘ਕਈ ਸਾਲ ਬਾਅਦ ਅੱਜ ਖੁਸ਼ੀ ਦਾ ਦਿਨ ਹੈ। ਇਹ ਸਟਿੰਗ ਟੇਪ 2016 ਵਿੱਚ ਰਿਲੀਜ਼ ਕੀਤੀ ਸੀ। ਸੀ ਬੀ ਆਈ ਤਿੰਨ ਸਾਲ ਪਹਿਲਾਂ ਵੀ ਚਾਰਜਸ਼ੀਟ ਤਿਆਰ ਕਰ ਲੈਂਦੀ ਤਾਂ ਉਹ ਇਨ੍ਹਾਂ ਸਿਆਸੀ ਆਗੂਆਂ ਖਿਲਾਫ ਕਾਰਵਾਈ ਨਹੀਂ ਕਰ ਸਕਦੀ ਸੀ।' ਸੈਮੁਅਲ ਨੇ ਕਿਹਾ ਕਿ ਨਾਰਦਾ ਟੇਪ ਕੇਸ 'ਚ ਬੈਨਰਜੀ ਦੇ ਸਾਬਕਾ ਸਾਥੀ ਮੁਕੁਲ ਰੌਇ ਤੇ ਸੁਵੇਂਦੂ ਅਧਿਕਾਰੀ ਦੇ ਨਾਂਅ ਵੀ ਆਏ ਸਨ, ਜਿਹੜੇ ਟੀ ਐਮ ਸੀ ਛੱਡ ਕੇ ਭਾਜਪਾ ਵਿੱਚ ਚਲੇ ਗਏ ਸਨ। ਇਨ੍ਹਾਂ ਦੋਵਾਂ ਖਿਲਾਫ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

# ਗਊ ਮੂਤਰ ਪੀਣ ਨਾਲ ਕੋਰੋਨਾ ਨਹੀਂ ਹੁੰਦਾ: ਸਾਧਵੀ ਪ੍ਰੱਗਿਆ ਠਾਕੁਰ



ਭੋਪਾਲ, 20 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭੋਪਾਲ ਲੋਕ ਸਭਾ ਹਲਕੇ ਵਿਚੋਂ ਭਾਜਪਾ ਦੀ ਪਾਰਲੀਮੈਂਟ ਮੈਂਬਰ ਪ੍ਰੱਗਿਆ ਠਾਕੁਰ ਨੇ ਕੱਲ੍ਹ ਦਾਅਵਾ ਕੀਤਾ ਕਿ ਗਊ ਮੂਤਰ ਦਾ ਅਰਕ ਪੀਣ ਨਾਲ ਕੋਵਿਡ 19 ਨਹੀਂ ਹੋਵੇਗਾ ਕਿਉਂਕਿ ਇਸ ਨਾਲ ਫੇਫੜਿਆਂ ਦੀ ਇਨਫੈਕਸ਼ਨ ਦੂਰ ਹੁੰਦੀ ਹੈ। ਉਨ੍ਹਾਂ ਕਿਹਾ, ‘ਮੈਂ ਰੋਜ਼ ਗਊ ਮੂਤਰ ਦਾ ਅਰਕ ਪੀਂਦੀ ਹਾਂ। ਇਸ ਲਈ ਮੈਨੂੰ ਕੋਰੋਨਾ ਵਾਇਰਸ ਨਹੀਂ ਹੋਇਆ ਅਤੇ ਨਾ ਹੀ ਹੋਵੇਗਾ।'

ਭੋਪਾਲ ਦੇ ਬੇਰਾਗੜ੍ਹ ਇਲਾਕੇ ਵਿੱਚ ਆਕਸੀਜਨ ਪਲਾਂਟ ਜਨਤਾ ਨੂੰ ਸਮਰਪਿਤ ਕਰਨ ਦੇ ਬਾਅਦ ਉਨ੍ਹਾਂ ਕਿਹਾ ਕਿ ‘ਦੇਸੀ ਗਾਂ ਦੇ ਪਿਸ਼ਾਬ ਦਾ ਅਰਕ ਜੇ ਅਸੀਂ ਲੈਂਦੇ ਹਾਂ ਉਸ ਨਾਲ ਫੇਫੜਿਆਂ ਦੀ ਇਨਫੈਕਸ਼ਨ ਦੂਰ ਹੁੰਦੀ ਹੈ।' ਉਨ੍ਹਾਂ ਕਿਹਾ, ‘ਮੈਂ ਬਹੁਤ ਤਕਲੀਫ ਵਿੱਚ ਹਾਂ, ਪਰ ਰੋਜ਼ਾਨਾ ਗਊ ਦੇ ਪਿਸ਼ਾਬ ਦਾ ਅਰਕ ਲੈਂਦੀ ਹਾਂ ਅਤੇ ਇਸ ਕਾਰਨ ਮੈਨੂੰ ਕੋਰੋਨਾ ਲਈ ਕੋਈ ਹੋਰ ਦਵਾਈ ਨਹੀਂ ਲੈਣੀ ਪੈ ਰਹੀ। ਮੈਨੂੰ ਕੋਰੋਨਾ ਨਹੀਂ ਹੈ ਤੇ ਨਾ ਹੀ ਹੋਵੇਗਾ।' ਮੱਧ ਪ੍ਰਦੇਸ਼ ਕਾਂਗਰਸ ਦੇ ਮੀਡੀਆ ਮੀਤ ਪ੍ਰਧਾਨ ਭੁਪਿੰਦਰ ਗੁਪਤਾ ਨੇ ਇਸ 'ਤੇ ਤਣਜ਼ ਕੱਸਿਆ, ‘ਸਮੇਂ ਸਮੇਂ ਭਾਜਪਾ ਦੇ ਵਿਗਿਆਨਕ ਸੂਝ ਵਾਲੇ ਨੇਤਾ ਦੇਸ਼ ਨੂੰ ਕੋਰੋਨਾ ਦੇ ਇਲਾਜ ਦੇ ਨਵੇਂ-ਨਵੇਂ ਢੰਗ ਸੁਝਾਉਂਦੇ ਰਹਿੰਦੇ ਹਨ। ਇਸ ਬਾਰੇ ਵਿੱਚ ਭੋਪਾਲ ਤੋਂ ਪਾਰਲੀਮੈਂਟ ਮੈਂਬਰ ਪ੍ਰੱਗਿਆ ਠਾਕੁਰ ਦੇ ਸੁਝਾਅ ਨੂੰ ਸਰਕਾਰ ਗੰਭੀਰਤਾ ਨਾਲ ਲਵੇ ਅਤੇ ਸੂਬੇ ਦੇ ਕਿਸੇ ਮੈਡੀਕਲ ਕਾਲਜ ਵਿੱਚ ‘ਗਊ ਮੂਤਰ ਬੈਂਚ' ਦੀ ਸਥਾਪਨਾ ਕਰਨੀ ਚਾਹੀਦੀ ਹੈ। ਕਿਉਂਕਿ ਪ੍ਰੱਗਿਆ ਭੋਪਾਲ ਤੋਂ ਐਮ ਪੀ ਹੈ, ਇਸ ਲਈ ਉਨ੍ਹਾਂ ਨੂੰ ਉਸ ਮੈਡੀਕਲ ਕਾਲਜ ਵਿੱਚ ਗਊ ਮੂਤਰ ਵਾਰਡ ਵੀ ਬਣਵਾਉਣਾ ਚਾਹੀਦਾ ਹੈ ਜਿਸ ਵਿੱਚ ਸੰਘ ਅਤੇ ਭਾਜਪਾ ਦੇ ਕੋਰੋਨਾ ਪੀੜਤ ਵਰਕਰ ਆਪਣਾ ਇਲਾਜ ਕਰਵਾ ਸਕਣ।'




Jas Toor
Sales Repersentative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com

Jagdish Grewal
Sales Repersentative
President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com



Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement
Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005



## ਸਾਊਦੀ ਅਰਬ ਨੇ ਕੌਮਾਂਤਰੀ ਉਡਾਣਾਂ ਸ਼ੁਰੂ ਕੀਤੀਆਂ, ਬਾਰਡਰ ਵੀ ਖੋਲ੍ਹੇ




ਰਿਆਦ, 20 ਮਈ (ਪੋਸਟ ਬਿਊਰੋ)- ਸਾਊਦੀ ਅਰਬ ਨੇ ਕੋਰੋਨਾ ਦੇ ਕਾਰਨ ਪਿਛਲੇ ਸਾਲ ਮਾਰਚ ਤੋਂ ਬੰਦ ਕੌਮਾਂਤਰੀ ਉਡਾਣਾਂ ਤੋਂ ਰੋਕ ਹਟਾ ਲਈ ਹੈ ਅਤੇ ਆਪਣੇ ਜ਼ਮੀਨੀਅਤੇ ਸਮੁੰਦਰੀ ਬਾਰਡਰ ਵੀ ਖੋਲ੍ਹ ਦਿੱਤੇ ਹਨ। ਰਾਹਤ ਦੇਣ ਦੇ ਨਾਲ ਕੁਝ ਸ਼ਰਤਾਂ ਵੀ ਲਾਈਆਂ ਗਈਆਂ ਹਨ। ਹਾਲੇ ਭਾਰਤ ਸਮੇਤ ਲਿਬਨਾਨ, ਯਮਨ, ਈਰਾਨ ਅਤੇ ਤੁਰਕੀ ਲਈ ਸਿੱਧੇ ਜਾਂ ਅਸਿੱਧੇ ਰੂਪ ਨਾਲ ਆਉਣ-ਜਾਣ ਵਾਲੀਆਂ ਉਡਾਣਾਂ ਉੱਤੇ ਰੋਕ ਬਰਕਰਾਰ ਰਹੇਗੀ।

ਇਸ ਬਾਰੇ ਸਾਊਦੀ ਅਰਬ ਦੇ ਗ੍ਰਹਿ ਮੰਤਰੀ ਨੇ ਕਿਹਾ ਕਿ ਅਸੀਂ ਪੂਰੀ ਸਮਰੱਥਾ ਨਾਲ ਕੌਮਾਂਤਰੀ ਉਡਾਣਾਂ ਲਈ ਤਿਆਰ ਹਾਂ। ਇੱਥੇ 14 ਮਹੀਨੇ ਤੋਂ ਨਾਗਰਿਕਾਂ ਨੂੰ ਪੂਰੀ ਤਰ੍ਹਾਂ ਬਾਹਰ ਜਾਣ ਦੀ ਰੋਕ ਕਾਰਨ ਵਿਦੇਸ਼ ਵਿੱਚ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਜ਼ਿਆਦਾ ਨੁਕਸਾਨ ਹੋ ਰਿਹਾ ਸੀ। ਸਾਊਦੀ ਅਰਬ ਦੀ ਆਬਾਦੀ ਤਿੰਨ ਕਰੋੜ ਹੈ। ਇਨ੍ਹਾਂ ਵਿੱਚੋਂ ਇੱਕ ਕਰੋੜ 15 ਲੱਖ ਤੋਂ ਵੱਧ ਲੋਕਾਂ ਨੂੰ ਵੈਕਸੀਨ ਦੀ ਇੱਕ ਡੋਜ਼ ਲੱਗ ਚੁੱਕੀ ਹੈ। ਨਵੀਆਂ ਗਾਈਡਲਾਈਨਾਂ ਮੁਤਾਬਕ ਯਾਤਰਾ ਲਈ ਦੋ ਹਫਤੇ ਪਹਿਲਾਂ ਜਾਣਕਾਰੀ ਦੇਣੀ ਪਵੇਗੀ। ਇਜਾਜ਼ਤ ਇੱਕ ਵੈਕਸੀਨ ਡੋਜ਼ ਲੈਣ ਵਾਲੇ, ਪਿਛਲੇ ਛੇ ਮਹੀਨਿਆਂ ਵਿੱਚ ਕੋਰੋਨਾ ਮਰੀਜ਼ ਰਹੇ ਲੋਕਾਂ ਨੂੰ ਦਿੱਤੀ ਜਾਵੇਗੀ। ਆਉਣ ਵਾਲੀਆਂ ਉਡਾਣਾਂ ਵਿੱਚ ਹਾਲੇ ਅਮਰੀਕਾ, ਬਰਤਾਨੀਆ, ਫਰਾਂਸ ਸਮੇਤ ਵੀਹ ਦੇਸ਼ਾਂ ਦੇ ਨਾਗਰਿਕਾਂ 'ਤੇ ਰੋਕ ਜਾਰੀ ਰਹੇਗੀ।

## ਓਕਲੈਂਡ ਵਿੱਚ ਬੱਸ ਉਤੇ ਗੋਲੀਬਾਰੀ ਵਿੱਚ ਦੋ ਮੌਤਾਂ, ਕਈ ਜ਼ਖ਼ਮੀ



ਸਾਨ ਫਰਾਂਸਿਸਕੋ, 20 ਮਈ (ਪੋਸਟ ਬਿਊਰੋ)- ਓਕਲੈਂਡ ਪੁਲਸ ਨੇ ਦੱਸਿਆ ਕੱਲ੍ਹ ਰਾਤ ਕਿਸੇ ਅਣਪਛਾਤੇ ਵੱਲੋਂ ਇੱਕ ਪਾਰਟੀ ਬੱਸ ਉੱਤੇ ਅੰਨ੍ਹੇਵਾਹ ਗੋਲੀਬਾਰੀ ਕਰ ਦਿੱਤੀ ਗਈ, ਜਿਸ ਨਾਲ ਘੱਟੋ-ਘੱਟ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਜ਼ਖ਼ਮੀ ਹੋ ਗਏ। ਉਨ੍ਹਾਂ ਦੱਸਿਆ ਕਿ ਇੱਕ ਪਾਰਟੀ ਬੱਸ ਸੇਮਨਰੀ ਐਵਨਿਊ ਨੇੜੇ ਪੂਰਬੀ ਬਾਹਰੀ ਇੰਟਰ ਸਟੇਟ 580 ਉੱਤੇ ਜਾ ਰਹੀ ਸੀ ਤਾਂ ਉਸ ਉਪਰ ਗੋਲੀਬਾਰੀ ਹੋ ਗਈ, ਪਰ ਜਦੋਂ ਬੱਸ ਉਥੋਂ ਲੰਘ ਗਈ ਤਾਂ ਕੁਝ ਮਿੰਟਾਂ ਬਾਅਦ ਫੁਥਿਲ ਬੁਲੇਵਾਰਡ ਦੇ 68ਵੇਂ ਐਵਨਿਊ ਵਿਖੇ ਦੂਜੀ ਵਾਰ ਗੋਲੀਬਾਰੀ ਹੋਈ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਬੱਸ ਸੜਕ ਉੱਤੇ ਭੱਜਦੀ ਰਹੀ ਅਤੇ ਆਖਰ ਡਰਾਈਵਰ ਓਕਲੈਂਡ ਪੁਲਸ ਵਿਭਾਗ ਦੇ ਈਸਟਮੋਂਟ ਸਟੇਸ਼ਨ ਉੱਤੇ ਬੱਸ ਲੈ ਗਿਆ। ਮਾਰੇ ਗਏ ਲੋਕਾਂ ਵਿੱਚ ਇੱਕ 19 ਸਾਲਾ ਲੜਕੀ ਵੀ ਸੀ। ਪਰਵਾਰ ਦੇ ਇੱਕ ਮੈਂਬਰ ਨੇ ਦੱਸਿਆ ਕਿ ਇਹ ਲੜਕੀ ਤਿੰਨ ਸਾਲ ਦੇ ਬੱਚੇ ਦੀ ਮਾਂ ਸੀ। ਪੁਲਸ ਦਾ ਕਹਿਣਾ ਹੈ ਕਿ ਅਜੇ ਤੱਕ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ।

## ਕੋਲੰਬਸ ਦੇ ਜਨਮ ਸਥਾਨ ਬਾਰੇ ਭੇਦ ਖੁੱਲ੍ਹਣ ਦੀ ਉਲਟੀ ਗਿਣਤੀ ਸ਼ੁਰੂ



ਮੈਡ੍ਰਿਡ, 20 ਮਈ (ਪੋਸਟ ਬਿਊਰੋ)- ਕ੍ਰਿਸਟੋਫਰ ਕੋਲੰਬਸ ਦੇ ਜਨਮ ਸਥਾਨ ਦਾ ਭੇਦ ਖੁੱਲ੍ਹਣ ਦੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਕੋਲੰਬਸ ਨੂੰ ਕੁਝ ਲੋਕ ਇਟਲੀ ਦੇ ਜਿਨੋਆ, ਜਦਕਿ ਕੁਝ ਸਪੇਨ ਦਾ ਨਿਵਾਸੀ ਮੰਨਦੇ ਹਨ। ਇਹੀ ਨਹੀਂ ਉਨ੍ਹਾਂ ਨੂੰ ਪੁਰਤਗਾਲੀ ਜਾਂ ਕ੍ਰੋਸ਼ੀਆ ਦਾ ਜਾਂ ਪੋਲੈਂਡ ਦਾ ਰਹਿਣ ਵਾਲਾ ਵੀ ਦੱਸਿਆ ਜਾਂਦਾ ਹੈ।

ਪ੍ਰਸਿੱਧ ਖੋਜੀ ਯਾਤਰੀ ਕੋਲੰਬਸ ਕਿੱਥੋਂ ਆਇਆ, ਇਸ ਦਾ ਸਹੀ ਉਤਰ ਪੰਜ ਮਹੀਨੇ ਦੂਰ ਹੈ। ਅੰਤਰਰਾਸ਼ਟਰੀ ਵਿਗਿਆਨਿਕਾਂ ਨੇ ਉਨ੍ਹਾਂ ਦੇ ਭੂਗੋਲਿਕ ਪੈਦਾਇਸ਼ ਦੀ ਪਛਾਣ ਕਰਨ ਦੀ ਕੋਸ਼ਿਸ਼ ਕੱਲ੍ਹ ਸ਼ੁਰੂ ਕੀਤੀ ਹੈ। ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਅਕਤੂਬਰ ਵਿੱਚ ਜਨਤਕ ਕੀਤੇ ਜਾਣਗੇ। 15ਵੀਂ ਸਦੀ ਦੇ ਸਮੁੰਦਰੀ ਯਾਤਰੀ ਦੇ ਸ਼ੁਰੂ ਜੀਵਨ ਬਾਰੇ ਜਾਣਕਾਰੀ ਬਹੁਤ ਘੱਟ ਹੈ। ਇੱਕ ਵਿਅਕਤੀ, ਜਿਸ ਦੀ 515 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ, ਦੀ ਪੂਰੀ ਪ੍ਰੋਫਾਈਲ ਸਥਾਪਤ ਕਰਨ ਵਿੱਚ ਇੱਕ ਵੱਡੀ ਸਫਲਤਾ ਉਸ ਸਮੇਂ ਮਿਲੀ, ਜਦੋਂ 2003 ਵਿੱਚ ਹੋਈ ਡੀ ਐਨ ਏ ਜਾਂਚ ਵਿੱਚ ਪਤਾ ਲੱਗਾ ਕਿ ਸੇਵਿਲੇ ਵਿੱਚ ਗਿਰਜਾਘਰ ਵਿੱਚ ਮਕਬਰੇ ਵਿੱਚ ਰੱਖੀਆਂ ਹੱਡੀਆਂ ਕੋਲੰਬਸ ਦੀਆਂ ਹਨ ਪਰ ਉਸ ਖੋਜ ਦੇ ਬਾਅਦ ਕੋਲੰਬਸ ਬਾਰੇ ਖੋਜ ਦੀ ਅਗਵਾਈ ਕਰ ਰਹੀ ਸਪੇਨ ਦੀ ਗ੍ਰੇਨਾਡਾ ਯੂਨੀਵਰਸਿਟੀ ਤੋਂ ਖੋਜੀਆਂ ਦੀ ਟੀਮ ਨੇ ਜਾਂਚ ਰੋਕਣ ਦਾ ਫੈਸਲਾ ਕਰ ਲਿਆ।ਇਸ ਦਾ ਕਾਰਨ ਇਹ ਸੀ ਕਿ ਉਸ ਸਮੇਂ ਦੀ ਡੀ ਐਨ ਏ ਪ੍ਰੋਯੋਗਿਕੀ ਨਾ ਪੂਰੀ ਸਟੀਕ ਸੀ ਤੇ ਨਾ ਭਰੋਸੇ ਲਾਇਕ। ਪਿਛਲੇ ਸਾਲਾਂ ਵਿੱਚ ਡੀ ਐਨ ਏ ਜਾਂਚ ਦੇ ਅਧਿਐਨ ਵਿੱਚ ਮਿਲੀ ਸਫਲਤਾ ਪਿੱਛੋਂ ਯੂਰਪੀ ਵਿਅਕਤੀ ਦੀ ਵੰਸ਼ਾਵਲੀ ਦੇ ਖੇਤਰ ਨੂੰ ਜਾਨਣ ਵਿੱਚ ਵੰਸ਼ਾਨੂ ਭੂਗੋਲ ਮਦਦ ਕਰ ਸਕਦਾ ਹੈ। ਕੋਲੰਬਸ, ਉਨ੍ਹਾਂ ਦੇ ਬੇਟੇ ਹਰਨਾਡੋ ਅਤੇ ਉਨ੍ਹਾਂ ਦੇ ਭਰਾ ਡਿਏਗੋ ਦੀ ਹੱਡੀਆਂ ਦਾ ਗ੍ਰੇਨਾਡਾ ਵਿਸ਼ਵਿਦਿਆਲੇ ਵਿੱਚ ਮੁਲਾਂਕਣ ਕੀਤਾ ਜਾਵੇਗਾ।

## ਚੀਨ ਵਿੱਚ ਤਿੰਨ ਕਰੋੜ ਕੁਆਰੇ, ਕੁੜੀਆਂ ਜੰਮਣ ਦੀ ਦਰ ਵਿੱਚ ਵੱਡੀ ਗਿਰਾਵਟ



ਪੇਈਚਿੰਗ, 20 ਮਈ (ਪੋਸਟ ਬਿਊਰੋ)- ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਵਾਲੇ ਚੀਨ ਵਿੱਚ ਤਿੰਨ ਕਰੋੜ ਵਿਅਕਤੀ ਵਿਆਹ ਕਰਵਾਉਣ ਲਈ ਘੁੰਮ ਰਹੇ ਹਨ ਪਰ ਕੁੜੀਆਂ ਦੀ ਕਮੀ ਹੋਣ ਕਾਰਨ ਉਨ੍ਹਾਂ ਦੇ ਵਿਆਹ ਨਹੀਂ ਹੋ ਰਹੇ। ਦੇਸ਼ ਵਿੱਚ ਕੁਆਰੇ ਮਰਦਾਂ ਦੀ ਗਿਣਤੀ ਕੁਝ ਦੇਸ਼ਾਂ ਦੀ ਕੁਲ ਆਬਾਦੀ ਦੇ ਬਰਾਬਰ ਹੈ।

ਵਰਨਣ ਯੋਗ ਹੈ ਕਿ ਚੀਨ ਵਿੱਚ 10 ਸਾਲ ਵਿੱਚ ਇੱਕ ਵਾਰ ਹੋਣ ਵਾਲੀ ਮਰਮਦ ਸ਼ੁਮਾਰੀ ਤੋਂ ਪਤਾ ਲੱਗਾ ਹੈ ਕਿ ਦੇਸ਼ ਵਿੱਚ ਲੱਗਭਗ ਤਿੰਨ ਕਰੋੜ ਕੁਆਰੇ ਮਰਦ ਹਨ। ਸਾਊਥ ਚਾਈਨਾ ਮਾਰਨਿੰਗ ਪੋਸਟ (ਐਸ ਸੀ ਐਮ ਪੀ) ਨੇ ਦੱਸਿਆ ਕਿ ਚੀਨ ਨੇ ਲੰਬੇ ਸਮੇਂ ਤੋਂ ਮੁੰਡੇ ਦੀ ਜਨਮਦਰ ਨੂੰ ਪਹਿਲ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਮਰਮਦਸ਼ੁਮਾਰੀ ਦੇ ਨਵੇਂ ਅੰਕੜਿਆਂ ਵਿੱਚ ਕੁੜੀਆਂ ਦੀ ਗਿਣਤੀ ਵਿੱਚ ਮਾਮੂਲੀ ਵਾਧਾ ਹੋਣ ਦੇ ਬਾਵਜੂਦ ਚੀਨ ਵਿੱਚ ਲਿੰਗ ਫਰਕ ਦਾ ਮੁੱਦਾ ਜਲਦੀ ਹੱਲ ਹੋਣ ਦੀ ਸੰਭਾਵਨਾ ਦਿਖਾਈ ਨਹੀਂ ਦੇ ਰਹੀ।ਨੈਸ਼ਨਲ ਬਿਊਰੋ ਆਫ ਸਟੈਟਿਸਟਿਕਸ (ਐਨ ਬੀ ਐਸ) ਵੱਲੋਂ ਚੀਨ ਦੀ 7ਵੀਂ ਮਰਦਮ ਸ਼ੁਮਾਰੀ ਮੁਤਾ-ਬਕ ਪਿਛਲੇ ਸਾਲ ਪੈਦਾ ਹੋਏ 1.2 ਕਰੋੜ ਬੱਚਿਆਂ ਵਿੱਚੋਂ ਹਰ 100 ਕੁੜੀਆਂ ਲਈ 111.3 ਮੁੰਡੇ ਸਨ। 2010 ਵਿੱਚ ਇਹ ਅਨੁਪਾਤ 118.1 ਤੋਂ 100 ਸੀ। ਪ੍ਰੋਫੈਸਰ ਸਟੁਅਰਟ ਗਿਏਟੇਨ-ਬਾਸਟੇਨ ਦੱਸਦੇ ਹਨ ਕਿ ਚੀਨੀ ਪਰਵਾਰ ਕੁੜੀਆਂ ਦੀ ਥਾਂ ਮੁੰਡਿਆਂ ਦੇ ਚਾਹਵਾਨ ਹਨ ਜਿਸ ਨਾਲ ਸਥਿਤੀ ਹੋਰ ਖ਼ਰਾਬ ਹੁੰਦੀ ਜਾਂਦੀ ਹੈ।

ਇੱਕ ਹੋਰ ਪ੍ਰੋਫੈਸਰ ਬਿਓਰਨ ਐਲਪਰਮੈਨ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਜਨਮ ਲੈਣ ਵਾਲੇ ਬੱਚਿਆਂ ਦੀ ਉਮਰ ਵਿਆਹ ਕਰਨ ਦੀ ਹੋਵੇਗੀ, ਓਦੋਂ ਸੰਭਾਵੀ ਲਾੜੀਆਂ ਦੀ ਭਾਰੀ ਕਮੀ ਹੋ ਜਾਏਗੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਪੈਦਾ ਹੋਏ ਇਨ੍ਹਾਂ 1.2 ਕਰੋੜ ਬੱਚਿਆਂ ਵਿੱਚੋਂ ਛੇ ਲੱਖ ਮੁੰਡੇ ਵੱਡੇ ਹੋਣ ਉੱਤੇ ਆਪਣੀ ਉਮਰ ਦੀ ਜੀਵਨਸਾਥਣ ਨਹੀਂ ਲੱਭ ਸਕਣਗੇ। ਡੈਮੋਗ੍ਰਾਫ਼ੀ ਦੇ ਪ੍ਰੋਫੈਸਰ ਜਿਯਾਂਗ ਕਵਾਨਬਾਓ ਨੇ ਕਿਹਾ ਕਿ ਚੀਨ ਦੀ ਇੱਕ ਬੱਚੇ ਦੀ ਨੀਤੀ, 1979 ਵਿੱਚ ਲਾਗੂ ਕੀਤੀ ਗਈ ਅਤੇ 2016 ਵਿੱਚ ਵਾਪਸ ਲੈ ਲਈ ਗਈ, ਜਿਸਨੇ ਮੁੰਡਿਆਂ ਦੇ ਪੱਖ ਵਿੱਚ ਗਰਭਪਾਤ ਦੇ ਰਿਵਾਜ਼ ਨੂੰ ਵਧਾ ਦਿੱਤਾ ਸੀ। ਇਸ ਦੌਰਾਨ, ਐਸ ਸੀ ਐਮ ਪੀ ਨੇ ਐਮ ਐਸ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਚੀਨ ਦੀ ਪ੍ਰਜਨਣ ਦਰ ਪ੍ਰਤੀ ਔਰਤ 1.3 ਬੱਚੇ ਸੀ, ਜੋ ਸਥਿਰ ਆਬਾਦੀ ਨੂੰ ਬਣਾਈ ਰੱਖਣ ਲਈ ਜ਼ਰੂਰੀ 2.1 ਤੋਂ ਬਹੁਤ ਘੱਟ ਹੈ।

## ਕਾਰਬਨ ਨਿਕਾਸੀ ਕਾਰਨ ਵੱਡੇ ਬਦਲਾਅ ਵੱਲ ਵੱਧ ਰਿਹੈ ਅੰਟਰਕਟਿਕਾ



ਮੈਸੇਚੁਐਸਟਸ, 20 ਮਈ (ਪੋਸਟ ਬਿਊਰੋ)- ਇੱਕ ਨਵੇਂ ਅਧਿਐਨ ਮੁਤਾਬਕ ਅੰਟਰਕਟਿਕਾ ਦੀਆਂ ਬਰਫ ਦੀਆਂ ਚਾਦਰਾਂ 2060 ਤੱਕ ਜਲਵਾਯੂ ਤਬਦੀਲੀ ਦੇ ਬਿੰਦੂ (ਕਲਾਈਮੇਟ ਟਿਪਿੰਗ ਪੁਆਇੰਟ) ਵੱਲ ਵੱਧ ਰਹੀਆਂ ਹਨ।

ਵਰਨਣ ਯੋਗ ਹੈ ਕਿ ਅੰਟਾਰਕ-ਟਿਕਾ ਵਿੱਚ ਬਰਫ ਦੇ ਕਈ ਵੱਡੇ ਤੋਦੇ ਹਨ। ਇਹ ਤੋਦੇ ਜਦ ਟੁੱਟਦੇ ਹਨ ਤਾਂ ਬਰਫ ਦੀਆਂ ਇਹ ਉਚੀਆਂ ਚੱਟਾਨਾਂ ਆਪਣੇ ਆਪ ਖੜ੍ਹੀਆਂ ਨਹੀਂ ਹੋ ਸਕਦੀਆਂ। ਇਸ ਅਧਿਐਨ ਮੁਤਾਬਕ ਇਹ ਬਰਫ ਦੇ ਤੋਦੇ ਤੇਜ਼ੀ ਨਾਲ ਟੁੱਟਦੇ ਹਨ। ਜਲਵਾਯੂ ਤਬਦੀਲੀ ਬਿੰਦੂ ਦੀ ਦਹਿਲੀਜ਼ ਵੱਡੇ ਬਦਲਾਅ ਵੱਲ ਲੈ ਜਾਂਦੀ ਹੈ। ਅੰਟਾਰਕਟਿਕਾ ਦੀਆਂ ਬਰਫ ਦੀਆਂ ਚਾਦਰਾਂ ਤੇ ਤੋਦੇ ਉਸ 'ਬੈਡਰਾਕ' ਉਤੇ ਜੰਮੀਆਂ ਪਈਆਂ ਹਨ, ਜੋ ਮਹਾਦੀਪ ਦੇ ਕੇਂਦਰ ਵੱਲ ਢਲਦਾ ਹੈ। ਸਮੁੰਦਰ ਦਾ ਪਾਣੀ ਗਰਮ ਹੋਣ ਕਾਰਨ ਇਨ੍ਹਾਂ ਦੇ ਹੇਠਲੇ ਕਿਨਾਰੇ ਪਿਘਲ ਰਹੇ ਹਨ। 'ਨੇਚਰ' ਜਰਨਲ ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ 2060 ਤੱਕ ਅੰਟਾਰਕਟਿਕਾ ਦੀਆਂ ਆਈਸ ਸ਼ੀਟਾਂ ਪਿਘਲਣ ਦੀਆਂ ਸਿਖਰਲੀਆਂ ਹੱਦਾਂ ਪਾਰ ਕਰ ਜਾਣਗੀਆਂ ਤੇ ਸਮੁੰਦਰ ਦਾ ਪੱਧਰ ਬਹੁਤ ਵੱਧ ਜਾਵੇਗਾ, ਜਿਸ ਨੂੰ ਮੁੜ ਪਹਿਲਾਂ ਵਾਲੇ ਪੱਧਰ ਉਤੇ ਨਹੀਂ ਲਿਆਂਦਾ ਜਾ ਸਕੇਗਾ। ਇਹ ਸਭ ਓਦੋਂ ਹੋਵੇਗਾ ਜਦੋਂ ਅੱਜ ਐਲੀਮੈਂਟਰੀ ਸਕੂਲਾਂ ਵਿਚ ਪੜ੍ਹਦੇ ਬੱਚੇ ਆਪਣੇ ਪਰਵਾਰ ਪਾਲ ਰਹੇ ਹੋਣਗੇ। ਸੰਨ 2100 ਤੱਕ ਸਮੁੰਦਰ ਦਾ ਦਾ ਪੱਧਰ ਹੁਣ ਨਾਲੋਂ 10 ਗੁਆ ਜ਼ਿਆਦਾ ਤੇਜ਼ ਰਫਤਾਰ ਨਾਲ ਵਧੇਗਾ।

ਵਰਨਣ ਯੋਗ ਹੈ ਕਿ ਅਮਰੀਕੀ ਵਿਦੇਸ਼ ਮੰਤਰੀ ਐਂਟੀ ਬਲਿੰਕਨ ਨੇ ਆਈਸਲੈਂਡ ਵਿੱਚ ਹੋਰਨਾਂ ਦੇਸ਼ਾਂ ਦੇ ਆਗੂਆਂ ਨਾਲ ਇਸੇ ਹਫਤੇ ਕੀਤੀ ਬੈਠਕ ਵਿੱਚ ਉਨ੍ਹਾਂ ਦਾ ਧਿਆਨ ਅੰਟਰਕਟਿਕਾ ਵਿਚਲੀ ਜਲਵਾਯੂ ਤਬਦੀਲੀ ਵੱਲ ਦਿਵਾਇਆ ਸੀ, ਪਰ ਇਸ ਅਧਿਐਨ ਤੋਂ ਬਾਅਦ ਅੰਟਾਰਕਟਿਕਾ ਵਿੱਚ ਵੱਡੇ ਪੱਧਰ ਉਤੇ ਤਬਦੀਲੀ ਦਾ ਸ਼ੱਕਕੀਤਾ ਗਿਆ ਹੈ।

## ਬੰਗਲਾ ਦੇਸ਼ ਵਿੱਚ ਮਹਿਲਾ ਪੱਤਰਕਾਰ ਪ੍ਰਾਈਵੇਸੀ ਲਾਅ ਦੀ ਉਲੰਘਣਾ ਦੇ ਦੋਸ਼ ਹੇਠ ਗ੍ਰਿਫ਼ਤਾਰ



ਢਾਕਾ, 20 ਮਈ (ਪੋਸਟ ਬਿਊਰੋ)- ਖੋਜੀ ਪੱਤਰਕਾਰਤਾ ਕਰਨ ਲਈ ਮਸ਼ਹੂਰ, ਬੰਗਲਾਦੇਸ਼ ਦੀ ਇੱਕ ਸੀਨੀਅਰ ਮਹਿਲਾ ਪੱਤਰਕਾਰ ਨੂੰ ਕੋਲੋਨੀਅਲ ਦੌਰ ਦੇ ਸਰਕਾਰੀ ਪ੍ਰਾਈਵੇਸੀ ਲਾਅ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਸ ਦੇ ਬਾਅਦ ਮਨੁੱਖੀ ਅਧਿਕਾਰ ਵਰਕਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ, ਜਿਸ ਬਾਰੇ ਇਹ ਸਾਰੀ ਜਾਣਕਾਰੀ ਕੱਲ੍ਹ ਪੁਲਸ ਨੇ ਦਿੱਤੀ ਹੈ।

ਬੰਗਲਾ ਅਖਬਾਰ 'ਫਸਟ ਆਲੋ' ਦੀ ਇੱਕ ਸੀਨੀਅਰ ਪੱਤਰਕਾਰ ਰੋਜੀਨਾ ਇਸਲਾਮ ਨੂੰ ਕੱਲ੍ਹ ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨੇ ਲੱਗਭਗ ਪੰਜ ਘੰਟੇ ਹਿਰਾਸਤ ਵਿੱਚ ਰੱਖਿਆ। ਉਨ੍ਹਾਂ ਉਤੇ ਬਿਨਾਂ ਇਜਾਜ਼ਤ ਦੇ ਇੱਕ ਦਸਤਾਵੇਜ਼ ਦੀ ਫ਼ੋਟੋ ਖਿੱਚਣ ਦਾ ਦੋਸ਼ ਸੀ। ਬਾਅਦ ਵਿੱਚ ਪੁਲਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।ਪੁਲਸ ਨੇ ਦੱਸਿਆ ਕਿ ਮੰਤਰਾਲੇ ਨੇ 1923 ਦੇ ਸਰਕਾਰੀ ਪ੍ਰਾਈਵੇਸੀ ਲਾਅ ਦੇ ਤਹਿਤ ਉਨ੍ਹਾਂ ਉਤੇ ਅੱਧੀ ਰਾਤ ਦੇ ਕਰੀਬ ਕੇਸ ਦਰਜ ਕਰਾਇਆ ਅਤੇ ਉਨ੍ਹਾਂ ਨੂੰ ਪੁਲਸ ਹਿਰਾਸਤ ਵਿੱਚ ਰਾਤ ਗੁਜ਼ਾਰਨੀ ਪਈ। ਉਨ੍ਹਾਂ ਨੂੰ ਇੱਥੋਂ ਦੀ ਇੱਕ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਪੰਜ ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ ਗਈ, ਜਿਸ ਨੂੰ ਜੱਜ ਨੇ ਰੱਦ ਕਰ ਦਿੱਤਾ ਅਤੇ ਉਸ ਨੂੰ ਜੇਲ੍ਹ ਭੇਜ ਦਿੱਤਾ।

## ਆਸਟ੍ਰੇਲੀਆ ਦੇ ਨਿਊ ਸਾਊਥ ਵੇਲਜ਼ ਸੂਬੇ ਦੇ ਸਕੂਲਾਂ ਵਿੱਚ ਕਿਰਪਾਨ 'ਤੇ ਪਾਬੰਦੀ ਲੱਗੀ

* ਸਿੱਖ ਬੱਚੇ ਵੱਲੋਂ ਦੂਸਰੇ ਨੂੰ ਕਿਰਪਾਨ ਮਾਰਨ ਦਾ ਮਾਮਲਾ



ਸਿਡਨੀ, 20 ਮਈ (ਪੋਸਟ ਬਿਊਰੋ)- ਨਿਊ ਸਾਊਥ ਵੇਲਜ਼ ਸੂਬੇ ਦੇ ਸਕੂਲਾਂ ਵਿੱਚ ਧਾਰਮਿਕ ਚਿੰਨ੍ਹ ਕਿਰਪਾਨ ਨੂੰ ਪਾ ਕੇ ਆਉਣ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। 19 ਮਈ ਤੋਂ ਧਾਰਮਿਕ ਪ੍ਰਤੀਕ ਦੇ ਤੌਰ ਉੱਤੇ ਰੱਖੀ ਜਾਂਦੀ ਕਿਰਪਾਨ ਦੀ ਮਨਾਹੀ ਲਾਗੂ ਹੋ ਗਈ ਹੈ, ਜਿਸ ਕਾਰਨ ਇੱਕ ਧਾਰਮਿਕ ਬਹਿਸ ਛਿੜ ਗਈ ਹੈ।

ਵਰਨਣ ਯੋਗ ਹੈ ਕਿ ਛੇ ਮਈ ਨੂੰ ਪੰਜਾਬੀਆਂ ਦੇ ਗੜ੍ਹ ਮੰਨੇ ਜਾਣ ਵਾਲੇ ਗਲੈਨਵੁੱਡ ਦੇ ਹਾਈ ਸਕੂਲ ਵਿਖੇ ਇੱਕ ਅੰਮ੍ਰਿਤਧਾਰੀ 9ਵੀਂ ਜਮਾਤ ਵਿੱਚ ਪੜ੍ਹਦੇ ਬੱਚੇ ਨੇ ਦੂਸਰੇ ਵਿਦਿਆਰਥੀ ਦੇ ਢਿੱਡ ਵਿੱਚ ਕਿਰਪਾਨ ਮਾਰ ਦਿੱਤੀ ਸੀ। ਜ਼ਖ਼ਮੀ ਵਿਦਿਆਰਥੀ ਖ਼ਤਰੇ ਤੋਂ ਬਾਹਰ ਹੈ। ਇਸ ਰਾਜ ਦੀ ਸਿੱਖਿਆ ਮੰਤਰੀ ਸਾਰਾ ਮਿਸ਼ੇਲ ਨੇ ਕਿਹਾ ਕਿ ਇਹ ਸਖ਼ਤ ਕਦਮ ਉਨ੍ਹਾਂ ਨੂੰ ਇਸ ਲਈ ਚੁੱਕਣਾ ਪਿਆ ਕਿ ਦੁਬਾਰਾ ਅਜਿਹੀਆਂ ਘਟਨਾਵਾਂ ਨਾ ਵਾਪਰਨ।

ਵਰਨਣ ਯੋਗ ਹੈ ਕਿ ਦਸਤਾਰਧਾਰੀ ਬੱਚੇ ਨੂੰ ਦਸਤਾਰ ਤੇ ਦਾੜ੍ਹੀ ਉਤੇ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪਿਆ ਸੀ। ਦੂਸਰੇ ਪਾਸੇ ਪੰਜਾਬੀ ਭਾਈਚਾਰੇ ਵਿੱਚ ਇਸ ਪਾਬੰਦੀਬਾਰੇ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਬਲਵਿੰਦਰ ਸਿੰਘ ਚਾਹਲ ਨੇ ਇਸ ਬਾਰੇ ਕਿਹਾ ਕਿ ਸਰਕਾਰ ਨੂੰ ਇਸ ਕਾਨੂੰਨ ਦਾ ਬਦਲਾਅ ਕਰਨ ਤੋਂ ਪਹਿਲਾਂ ਪੰਜਾਬੀ ਭਾਈਚਾਰੇ ਤੇ ਪ੍ਰਮੁੱਖ ਜਥੇਬੰਦੀਆਂ ਨਾਲ ਜ਼ਰੂਰ ਗੱਲਬਾਤ ਕਰਨੀ ਚਾਹੀਦੀ ਸੀ। ਇਹ ਕਾਨੂੰਨ ਸਕੂਲ ਵਿੱਚ ਬੱਚਿਆਂ ਦੇ ਨਾਲ-ਨਾਲ ਅਧਿਆਪਕਾਂ ਅਤੇ ਹੋਰਨਾਂ ਕਰਮਚਾਰੀਆਂ 'ਤੇ ਵੀ ਲਾਗੂ ਹੋ ਰਿਹਾ ਹੈ।

## ਬਾਇਡੇਨ ਤੋਂ ਕਈ ਗੁਣਾ ਵੱਧ ਕਮਾਈ ਹੈ ਕਮਲਾ ਹੈਰਿਸ ਦੀ



ਵਾਸ਼ਿੰਗਟਨ, 20 ਮਈ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ, ਉਨ੍ਹਾਂ ਦੀ ਪਤਨੀ ਜ਼ਿਲ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਉਨ੍ਹਾਂ ਦੇ ਪਤੀ ਡਗਲੱਸ ਨੇ 2020 ਦੀ ਆਪਣੀ ਆਮਦਨ ਦੀ ਰਿਟਰਨ ਐਲਾਨ ਦਿੱਤੀ ਗਈ ਹੈ। ਇਸ ਰਿਟਰਨ ਮੁਤਾਬਕ ਕਮਲਾ ਹੈਰਿਸ ਜੋਅ ਬਾਇਡੇਨ ਦੀ ਆਮਦਨ ਤੋਂ ਢਾਈ ਗੁਣਾ ਤੋਂ ਵੱਧ ਕਮਾਉਂਦੇ ਹਨ। ਰਾਸ਼ਟਰਪਤੀ ਬਾਇਡੇਨ ਦੀ ਜਿੰਨੀ ਕੁੱਲ ਆਮਦਨ ਹੈ, ਉਸ ਤੋਂ ਜ਼ਿਆਦਾ ਉਹ ਟੈਕਸ ਦਿੰਦੇ ਹਨ। ਬਾਇਡੇਨ ਦੀ 2019 ਦੇ ਮੁਕਾ-ਬਲੇ ਪਿਛਲੇ ਸਾਲ ਆਮਦਨ ਵੀ ਘੱਟ ਗਈ ਹੈ।

ਵ੍ਹਾਈਟ ਹਾਊਸ ਦੇ ਮੁਤਾਬਕ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਤੇ ਉਨ੍ਹਾਂ ਦੀ ਪਤਨੀ ਜਿਲ ਨੇ 2020 ਵਿੱਚ ਲਗਭਗ ਛੇ ਲੱਖ ਸੱਤ ਹਜ਼ਾਰ ਡਾਲਰ ਦੀ ਕਮਾਈ ਕੀਤੀ ਹੈ। 2019 ਵਿੱਚ ਇਸ ਜੋੜੇ ਦੀ ਆਮਦਨ ਨੌਂ ਲੱਖ 85 ਹਜ਼ਾਰ ਡਾਲਰਸੀ। 2019 ਦੇ ਮੁਕਾਬਲੇ ਪਿਛਲੇ ਸਾਲ ਉਨ੍ਹਾਂ ਦੀ ਆਮਦਨ ਉੱਤੇ 25.9 ਫੀਸਦੀ ਟੈਕਸ ਦਰ ਰਹੀ। ਦੂਸਰੇ ਪਾਸੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਉਨ੍ਹਾਂ ਦੇ ਪਤੀ ਡਗਲੱਸ ਐਮਹਾਫ ਦੀ ਆਮਦਨ 2020 ਵਿੱਚ ਲਗਭਗ 17 ਲੱਖ ਡਾਲਰ ਰਹੀ। ਇਸ ਜੋੜੇ ਨੇ ਸਰਕਾਰ ਨੂੰ ਛੇ ਲੱਖ 21 ਹਜ਼ਾਰ ਡਾਲਰ ਟੈਕਸ ਦਿੱਤਾ। ਉਨ੍ਹਾਂ ਦੀ ਟੈਕਸ ਦਰ 36.7 ਫੀਸਦੀ ਰਹੀ। ਅਮਰੀਕੀ ਰਾਸ਼ਟਰਪਤੀ ਤੇ ਉਨ੍ਹਾਂ ਦੀ ਪਤਨੀ ਦੀ ਜਿੰਨੀ ਕਮਾਈ ਹੈ, ਉਸ ਤੋਂ ਵੱਧ ਕਮਲਾ ਹੈਰਿਸ ਨੇ ਸਵਾ ਲੱਖ ਡਾਲਰ ਦਾ ਟੈਕਸ ਕੈਲੀਫੋਰਨੀਆ ਵਿੱਚ ਤੇ ਉਨ੍ਹਾਂ ਦੇ ਪਤੀ ਨੇ 56 ਹਜ਼ਾਰ ਡਾਲਰ ਦਾ ਟੈਕਸ ਕੋਲੰਬੀਆ ਵਿੱਚ ਦਿੱਤਾ ਹੈ। ਉਨ੍ਹਾਂ ਨੇ 27 ਹਜ਼ਾਰ ਡਾਲਰ ਦਾਨ ਵਿੱਚ ਵੀ ਦਿੱਤੇ। ਅਮਰੀਕੀ ਰਾਸ਼ਟਰਪਤੀ ਤੇ ਉਨ੍ਹਾਂ ਦੀ ਪਤਨੀ ਨੇ ਵੀ ਦਾਨ ਵਿੱਚ ਤੀਹ ਹਜ਼ਾਰ ਡਾਲਰ ਦਿੱਤੇ ਹਨ, ਯਾਨੀ ਆਪਣੀ ਆਮਦਨ ਦਾ 5.1 ਫੀਸਦੀ ਉਨ੍ਹਾਂ ਨੇ ਦਾਨ ਵਿੱਚ ਦਿੱਤਾ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)

416-454-3031

647-784-8240

Email: tochisangha1@hotmail.com

CANADIAN GLASS AND WINDOW

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਸ਼ੁਰੂ ਹੋਣ ਤੋਂ 142 ਸਾਲਾਂ ਬਾਅਦ ਸੀ ਐਨ ਈ ਦੇ ਸਥਾਈ ਤੌਰ ਉਤੇ ਬੰਦ ਹੋਣ ਦਾ ਖਤਰਾ ਵਧਿਆ

ਟੋਰਾਂਟੋ, 20 ਮਈ (ਪੋਸਟ ਬਿਊਰੋ) : 142 ਸਾਲਾਂ ਤੱਕ ਕੰਮ ਕਰਦੇ ਰਹਿਣ ਤੋਂ ਬਾਅਦ ਵਿੱਤੀ ਸਮੱਸਿਆਵਾਂ ਦੇ ਚੱਲਦਿਆਂ ਕੈਨੇਡੀਅਨ ਨੈਸ਼ਨਲ ਐਗਜ਼ੀਬਿਟ (ਸੀ ਐਨ ਈ) ਨੂੰ ਹਮੇਸ਼ਾਂ ਲਈ ਬੰਦ ਕੀਤੇ ਜਾਣ ਦਾ ਖਤਰਾ ਖੜ੍ਹਾ ਹੋ ਗਿਆ ਹੈ। ਇਸ ਨੂੰ ਜਾਰੀ ਰੱਖਣ ਲਈ ਤਿਆਰ ਕੀਤੀ ਗਈ ਪਟੀਸ਼ਨ ਉੱਤੇ 6000 ਤੋਂ ਵੱਧ ਦਸਤਖ਼ਤ ਕਰਵਾ ਲਏ ਗਏ ਹਨ।

ਇਹ ਐਗਜ਼ੀਬਿਸ਼ਨ 20 ਅਗਸਤ ਤੋਂ 6 ਸਤੰਬਰ, 2021 ਤੱਕ ਹੋਣੀ ਸੀ ਪਰ ਲਗਾਤਾਰ ਦੂਜੇ ਸਾਲ ਰੱਦ ਹੋਣ ਤੋਂ ਬਾਅਦ ਸੀ ਐਨ ਈ ਨੇ ਆਖਿਆ ਕਿ ਉਨ੍ਹਾਂ ਨੂੰ ਕਾਫੀ ਵਿੱਤੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵੀ ਆਖਿਆ ਗਿਆ ਕਿ ਉਹ ਇੱਕ ਹੋਰ ਫੇਅਰ ਆਯੋਜਿਤ ਕਰਨ ਦੀ



ਹਿੰਮਤ ਨਹੀਂ ਰੱਖਦੇ। ਇਹ ਪਟੀਸ਼ਨ ਸਿਟੀ ਆਫ ਟੋਰਾਂਟੋ ਦੇ ਕਾਊਂਸਲਰ ਮਾਈਕ ਲੇਅਟਨ ਵੱਲੋਂ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਵੱਲੋਂ ਫੌਰੀ ਤੌਰ ਉੱਤੇ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰ ਤੋਂ 5·5 ਮਿਲੀਅਨ ਡਾਲਰ (ਸਰਕਾਰ ਦੇ ਦੋਵਾਂ ਪੱਧਰਾਂ ਨੂੰ) ਦਾ ਫੌਰੀ ਯੋਗਦਾਨ ਪਾਉਣ ਦੀ ਮੰਗ ਕੀਤੀ ਗਈ।

ਪਟੀਸ਼ਨ ਵਿੱਚ ਆਖਿਆ ਗਿਆ ਹੈ ਕਿ 18 ਦਿਨ ਚੱਲਣ ਵਾਲੇ ਇਸ ਫੇਅਰ ਨਾਲ ਜੀਟੀਏ ਤੇ ਪ੍ਰੋਵਿੰਸ ਨੂੰ 93·1 ਮਿਲੀਅਨ ਤੇ 128·3 ਮਿਲੀਅਨ ਡਾਲਰ ਦਾ ਫਾਇਦਾ ਕ੍ਰਮਵਾਰ ਹੁੰਦਾ ਹੈ। ਸੀ ਐਨ ਈ ਅਹਿਮ ਇੰਪਲੌਇਰ ਵੀ ਹੈ। ਹਰ ਫੇਅਰ ਸੀਜ਼ਨ ਵਿੱਚ ਇੱਥੇ 5000 ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾਂਦਾ ਹੈ ਤੇ ਇਸ ਦੇ ਨਾਲ ਹੀ 700 ਵੈਂਡਰਜ਼ ਦੀ ਵੀ ਮਦਦ ਹੁੰਦੀ ਹੈ।

2021 ਸੀ ਐਨ ਈ ਨੂੰ 14 ਮਈ ਦਿਨ ਸ਼ੁੱਕਰਵਾਰ ਨੂੰ ਰੱਦ ਕਰ ਦਿੱਤਾ ਗਿਆ। ਇਹ ਖਬਰ ਲਿਖੇ ਜਾਣ ਤੱਕ ਪਟੀਸ਼ਨ ਆਪਣੇ 7000 ਦਸਤਖ਼ਤਾਂ ਦੇ ਟੀਚੇ ਤੋਂ ਸਿਰਫ 500 ਦਸਤਖ਼ਤ ਪਿੱਛੇ ਸੀ।

# ਹੁਣ ਓਨਟਾਰੀਓ ਵਿੱਚ ਸਾਰੇ ਯੋਗ ਬਾਲਗਾਂ ਦੀ ਹੋਵੇਗੀ ਵੈਕਸੀਨੇਸ਼ਨ

ਓਨਟਾਰੀਓ, 20 ਮਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਅੱਜ ਤੋਂ 18 ਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਲਈ ਕੋਵਿਡ-19 ਵੈਕਸੀਨੇਸ਼ਨ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ।

ਸਵੇਰੇ 8:00 ਵਜੇ ਤੋਂ ਸ਼ੁਰੂ ਹੋ ਕੇ ਯੋਗ ਵਿਅਕਤੀ ਪ੍ਰੋਵਿੰਸ ਦੇ ਆਨਲਾਈਨ ਬੁਕਿੰਗ ਪੋਰਟਲ ਰਾਹੀਂ ਜਾਂ ਸਿੱਧੇ ਤੌਰ ਉੱਤੇ ਪਬਲਿਕ ਹੈਲਥ ਯੂਨਿਟਸ, ਜਿਹੜੀਆਂ ਆਪਣੇ ਬੁਕਿੰਗ ਸਿਸਟਮ ਦੀ ਵਰਤੋਂ ਕਰਦੀਆਂ ਹਨ, ਰਾਹੀਂ ਮਾਸ ਇਮਿਊਨਾਈਜ਼ੇਸ਼ਨ ਕਲੀਨਿਕਸ ਵਿੱਚ ਵੈਕਸੀਨੇਸ਼ਨ ਲਈ ਬੁਕਿੰਗ ਕਰਵਾ ਸਕਣਗੇ। ਸ਼ੁਰੂ ਵਿੱਚ ਪ੍ਰੋਵਿੰਸ ਵੱਲੋਂ ਇਹ ਆਖਿਆ ਗਿਆ ਸੀ ਕਿ ਉਹ ਅਗਲੇ ਹਫਤੇ ਸਾਰੇ ਬਾਲਗਾਂ ਲਈ ਟੀਕਾਕਰਣ ਸਬੰਧੀ ਅਪੁਆਇੰਟਮੈਂਟਸ ਸ਼ੁਰੂ ਕਰ ਦੇਵੇਗੀ ਪਰ ਵੈਕਸੀਨ ਸਪਲਾਈ ਦੀ ਘਾਟ ਕਾਰਨ ਥੋੜ੍ਹੀ ਦੇਰ ਜ਼ਰੂਰ ਹੋਈ।

ਕੈਨੇਡਾ ਨੂੰ 1·4 ਮਿਲੀਅਨ ਸ਼ੌਟਸ ਵਾਧੂ ਮਿਲ ਰਹੇ ਹਨ, ਜਿਹੜੇ ਅਗਲੇ ਹਫਤੇ ਆਉਣੇ ਸਨ ਪਰ ਹੁਣ ਇਨ੍ਹਾਂ ਦੇ ਆਉਣ ਵਾਲੇ ਵੀਕੈਂਡ ਤੋਂ ਪਹਿਲਾਂ ਹੀ ਇੱਥੇ ਪਹੁੰਚਣ ਦੀ ਆਸ ਹੈ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇਸ ਹਫਤੇ ਫਾਈਜ਼ਰ ਤੇ ਮੌਡਰਨਾ ਦੀ 4·5 ਮਿਲੀਅਨ ਡੋਜ਼ ਕੈਨੇਡਾ




ਪਹੁੰਚਣ ਦੀ ਉਮੀਦ ਹੈ। ਇਸ ਤੋਂ ਇਲਾਵਾ ਇਹ ਦਿੱਕਤ ਆ ਰਹੀ ਹੈ ਕਿ ਦੇਸ਼ ਭਰ ਵਿੱਚ ਦਵਾਈਆਂ ਦੀ ਵੰਡ ਦਾ ਕੰਮਕਾਜ ਸਾਂਭ ਰਹੇ ਮੇਜਰ ਜਨਰਲ ਡੈਨੀ ਫੋਰਟਿਨ ਉੱਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਇਸ ਕੈਂਪੇਨ ਤੋਂ ਪਾਸੇ ਕਰ ਦਿੱਤਾ ਗਿਆ ਹੈ ਤੇ ਹੁਣ ਲਿਬਰਲ ਸਰਕਾਰ ਤੋਂ ਇਹੋ ਸਵਾਲ ਵਾਰੀ ਵਾਰੀ ਪੁੱਛਿਆ ਜਾ ਰਿਹਾ ਹੈ ਕਿ ਇਸ ਮੁਹਿੰਮ ਦੀ ਵਾਗਡੋਰ ਕੌਣ ਸਾਂਭੇਗਾ।

ਪਿਛਲੇ ਹਫਤੇ ਓਨਟਾਰੀਓ ਵੱਲੋਂ ਟੀਕਾਕਰਣ ਲਈ ਯੋਗਤਾ 40 ਸਾਲ ਤੇ ਇਸ ਤੋਂ ਵੱਧ ਕੀਤੀ ਗਈ ਸੀ ਤੇ ਇਸ ਦੇ ਨਾਲ ਹੀ ਮਾੜੀ ਸਿਹਤ ਵਾਲੇ ਹਾਈ ਰਿਸਕ ਲੋਕਾਂ ਤੇ ਅਜਿਹੇ ਲੋਕ ਜਿਹੜੇ ਘਰ ਤੋਂ ਕੰਮ ਨਹੀਂ ਕਰ ਸਕਦੇ, ਲਈ ਵੀ ਉਮਰ ਦਰ ਘਟਾਈ ਗਈ ਸੀ। ਓਨਟਾਰੀਓ ਦਾ ਇਹ ਵੀ ਕਹਿਣਾ ਹੈ ਕਿ 12ਤੋਂ 17 ਸਾਲ ਉਮਰ ਵਰਗ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨੇਸ਼ਨ 31 ਮਈ ਤੋਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ 14 ਤੇ 21 ਜੂਨ ਵਾਲੇ ਹਫਤਿਆਂ ਦਰਮਿਆਨ ਯੂਥ ਨੂੰ ਸਮਰਪਿਤ ਸਪੈਸ਼ਲ ਵੈਕਸੀਨ ਕਲੀਨਿਕਸ ਖੋਲ੍ਹੇ ਜਾਣਗੇ।

# 50 ਲੱਖ ਦੀ ਡਰੱਗ ਮਨੀ ਅਤੇ ਹੈਰੋਇਨ ਸਣੇ ਤਿੰਨ ਜਣੇ ਗ੍ਰਿਫਤਾਰ

ਹੁਸ਼ਿਆਰਪੁਰ, 20 ਮਈ (ਪੋਸਟ ਬਿਊਰੋ)- ਇੱਥੇ ਪੁਲਸ ਨੇ ਕੱਲ੍ਹ ਤਿੰਨ ਜਣਿਆਂ ਨੂੰ 1.60 ਕਿਲੋ ਹੈਰੋਇਨ, 580 ਗ੍ਰਾਮ ਅਫੀਮ, 560 ਗ੍ਰਾਮ ਸੋਨਾ ਅਤੇ 50 ਲੱਖ ਰੁਪਏ ਦੀ ਡਰੱਗ ਸਣੇ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਪੁਸ਼ਪਿੰਦਰ ਸਿੰਘ ਵਾਸੀ ਨਾਰਾਇਣ ਨਗਰ, ਅਮਿਤ ਚੌਧਰੀ ਤੇ ਜਗਰੂਪ ਕੌਰ ਵਾਸੀ ਅੰਮ੍ਰਿਤਸਰ ਵਜੋਂ ਹੋਈ ਹੈ, ਚੌਥਾ ਦੋਸ਼ੀ ਜਸਵੀਰ ਸਿੰਘ ਵਾਸੀ ਅੰਮ੍ਰਿਤਸਰ ਫਰਾਰ ਹੋ ਗਿਆ ਹੈ, ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਐਸ ਐਸ ਪੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਮੰਗਲਵਾਰ ਨੂੰ ਥਾਣਾ ਮਾਡਲ ਟਾਊਨ ਦੇ ਮੁਖੀ ਇੰਸਪੈਕਟਰ ਕਰਨੈਲ ਸਿੰਘ ਦੀ ਅਗਵਾਈ ਵਿੱਚ ਐਸ ਆਈ ਦਲਵਿੰਦਰ ਸਿੰਘ ਨੇ ਟਾਂਡਾ ਚੌਕ ਨੇੜੇ ਨਾਕਾ ਲਾਇਆ ਸੀ। ਇਸ ਦੌਰਾਨ ਜਦੋਂ ਉਨ੍ਹਾਂ ਨੇ ਸ਼ੱਕ ਦੇ ਆਧਾਰ ਉੱਤੇ ਇੱਕ ਸਵਿਫਟ ਕਾਰ ਰੋਕ ਕੇ ਤਲਾਸ਼ੀ ਲਈ ਤਾਂ ਉਸ ਵਿੱਚ ਬੈਠੇ ਪੁਸ਼ਪਿੰਦਰ ਸਿੰਘ ਕੋਲੋਂ 45 ਗਰਾਮ ਹੈਰੋਇਨ ਅਤੇ ਅਮਿਤ ਚੌਧਰੀ ਕੋਲੋਂ 25 ਗਰਾਮ ਹੈਰੋਇਨ ਤੇ 50



ਗਰਾਮ ਦੀ ਡਰੱਗ ਮਨੀ ਬਰਾਮਦ ਹੋਈ। ਜਾਂਚ ਦੌਰਾਨ ਪਤਾ ਲੱਗਾ ਕਿ ਉਨ੍ਹਾਂ ਨੇ ਇਹ ਹੈਰੋਇਨ ਜਸਵੀਰ ਸਿੰਘ ਅਤੇ ਉਸ ਨਾਲ ਰਹਿੰਦੀ ਜਗਰੂਪ ਕੌਰ ਕੋਲੋਂ ਲਿਆਂਦੀ ਹੈ। ਜਦੋਂ ਪੁਸ਼ਪਿੰਦਰ ਤੇ ਅਮਿਤ ਵੱਲੋਂ ਦੱਸੀ ਜਗ੍ਹਾਛਾਪਾ ਮਾਰਿਆ ਤਾਂ ਪੁਲਸ ਨੇ ਜਗਰੂਪ ਕੌਰ ਨੂੰ ਗ੍ਰਿਫਤਾਰ ਕਰ ਲਿਆ, ਪਰ ਜਸਵੀਰ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਪੁਲਸ ਨੇ ਉਸ ਕੋਲੋਂ 100 ਗਰਾਮ ਹੈਰੋਇਨ ਤੇ ਉਨ੍ਹਾਂ ਦੇ ਘਰੋਂ 1.48 ਕਿਲੋ ਹੈਰੋਇਨ, 590 ਗਰਾਮ ਅਫੀਮ, 560 ਗਰਾਮ ਸੋਨਾ ਅਤੇ 49 ਲੱਖ 48 ਹਜ਼ਾਰ ਡਰੱਗ ਮਨੀ ਬਰਾਮਦ ਕੀਤੀ। ਜਸਵੀਰ ਤੇ ਪੁਸ਼ਪਿੰਦਰ ਖਿਲਾਫ ਪਹਿਲਾਂ ਵੀ ਕੇਸ ਦਰਜ ਹਨ।

# ਵੈਕਸੀਨ ਉਤਪਾਦਨ ਲਈ ਮਿਸੀਸਾਗਾ ਪਲਾਂਟ ਵਾਸਤੇ ਫੈਡਰਲ ਸਰਕਾਰ ਦੇਵੇਗੀ 200 ਮਿਲੀਅਨ ਡਾਲਰ

ਓਟਵਾ, 20 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਮਿਸੀਸਾਗਾ, ਓਨਟਾਰੀਓ ਸਥਿਤ ਰਿਲਾਇੰਸ ਬਾਇਓਟੈਕਨਾਲੋਜੀਜ਼ ਨੂੰ ਘਰੇਲੂ ਪੱਧਰ ਉੱਤੇ ਵੈਕਸੀਨ ਦੇ ਨਿਰਮਾਣ ਲਈ 200 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਫੈਡਰਲ ਇਨੋਵੇਸ਼ਨ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਮੰਗਲਵਾਰ ਨੂੰ ਇਸ ਐਲਾਨ ਬਾਰੇ ਗੱਲ ਕਰਦਿਆਂ ਦੱਸਿਆ ਕਿ 199·16 ਮਿਲੀਅਨ ਡਾਲਰ ਕੰਪਨੀ ਦੀ ਫੈਸਿਲਿਟੀਜ਼ ਨੂੰ ਆਧੁਨਿਕ ਰੂਪ ਰੰਗ ਦੇਣ ਤੇ ਕੰਮਕਾਜ ਦੇ ਪਸਾਰ ਉੱਤੇ ਖਰਚਿਆ ਜਾਵੇਗਾ। ਅਸਲ ਵਿੱਚ ਇਹ ਪ੍ਰੋਜੈਕਟ 401·5 ਮਿਲੀਅਨ ਡਾਲਰ ਦਾ ਹੈ।

ਸ਼ੈਂਪੇਨ ਨੇ ਦੱਸਿਆ ਕਿ ਇੱਕ ਵਾਰੀ ਮੁਕੰਮਲ ਹੋਣ ਉੱਤੇ ਇਹ ਨਵੀਂ ਫੈਸਿਲਿਟੀ ਹਰ ਸਾਲ ਐਮ ਆਰ ਐਨ ਏ ਵੈਕਸੀਨਜ਼ ਦੀਆਂ 112 ਮਿਲੀਅਨ ਤੋਂ 640 ਮਿਲੀਅਨ ਡੋਜ਼ਾਂ ਦਰਮਿਆਨ



ਤਿਆਰ ਕਰਵਾਉਣ ਦੇ ਸਮਰੱਥ ਹੋਵੇਗੀ। ਇਸ ਨਾਲ ਸਾਡੀ ਵੈਕਸੀਨ ਤਿਆਰ ਕਰਨ ਦੀ ਘਰੇਲੂ ਸਮਰੱਥਾ ਦਾ ਪਸਾਰ ਹੋਵੇਗਾ। ਇਸ ਨਾਲ ਅਸੀਂ ਕੈਨੇਡੀਅਨ ਮਾਰਕਿਟ ਦੇ ਨਾਲ ਨਾਲ ਐਕਸਪੋਰਟ ਮਾਰਕਿਟ ਲਈ ਵੈਕਸੀਨ ਤਿਆਰ ਕਰਨ ਦੇ ਸਮਰੱਥ ਹੋ ਸਕਾਂਗੇ।

ਇਸ ਸਮੇਂ ਫੈਡਰਲ ਸਰਕਾਰ ਨੂੰ ਵੈਕਸੀਨ ਦੀ ਘਰੇਲੂ ਮੰਗ ਨੂੰ ਪੂਰਾ ਕਰਨ ਲਈ ਕੌਮਾਂਤਰੀ ਵੈਕਸੀਨ ਉਤਪਾਦਨ ਉੱਤੇ ਨਿਰਭਰ ਕਰਨਾ ਪੈਂਦਾ ਹੈ। ਉਨ੍ਹਾਂ ਆਖਿਆ ਕਿ ਸਾਡਾ ਬਾਇਓਮੈਨੂਫੈਕਚਰਿੰਗ ਸੈਕਟਰ ਪਿਛਲੇ ਚਾਰ ਦਹਾਕਿਆਂ ਤੋਂ ਠੱਪ ਪਿਆ ਹੈ। ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਫੰਡ ਨਾਲ 500 ਦੇ ਨੇੜੇ ਤੇੜੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ, ਮਿਸੀਸਾਗਾ ਦੀ ਇਸ ਫੈਸਿਲਿਟੀ ਵਿੱਚ ਫੁੱਲ ਟਾਈਮ ਜੌਬਜ਼ ਦਾ ਮੁੱਢ ਬੱਝੇਗਾ ਤੇ ਕਈ ਪਰਿਵਾਰਾਂ ਨੂੰ ਸਹਾਰਾ ਮਿਲੇਗਾ। ਇਸ ਦੇ ਨਾਲ ਹੀ 50 ਕੋ-ਆਪ ਸਪੌਟਸ ਵੀ ਸ਼ੁਰੂ ਹੋਣਗੇ ਤੇ ਉਭਰਦੇ ਹੋਏ ਸੈਕਟਰ ਵਿੱਚ ਨੌਜਵਾਨਾਂ ਨੂੰ ਨਵੇਂ ਮੌਕੇ ਮਿਲਣ-ਗੇ।

# ਨੋਟਿਸ ਦੇ ਬਾਅਦ ਪੁਲਸ ਮੁਲਾਜ਼ਮ ’ਤੇ ਅੱਠ ਮਹੀਨੇ ਬਾਅਦ ਦਾਜ ਲਈ ਤੰਗ ਕਰਨ ਦਾ ਕੇਸ ਦਰਜ

ਜਲੰਧਰ, 20 ਮਈ (ਪੋਸਟ ਬਿਊਰੋ)- ਪੀ ਏ ਪੀ ਵਿੱਚ ਤੈਨਾਤ ਇੱਕ ਦੋਸ਼ੀ ਨੇ ਆਪਣੀ ਪਤਨੀ ਨੂੰ ਦਾਜ ਦੇ ਲਈ ਤੰਗ ਕੀਤਾ ਤੇ ਘਰੋਂ ਕੱਢ ਦਿੱਤਾ। ਇਸ ਦੀ ਸ਼ਿਕਾਇਤ ਦੇਣ ਦੇ ਅੱਠ ਮਹੀਨੇ ਬਾਅਦ ਵੀ ਪੁਲਸ ਨੇ ਕੇਸ ਦਰਜ ਨਹੀਂ ਕੀਤਾ। ਪੀੜਤ ਨੇ ਡੀ ਜੀ ਪੀ ਅਤੇ ਪੁਲਸ ਕਮਿਸ਼ਨਰ ਨੂੰ ਲੀਗਲ ਨੋਟਿਸ ਭੇਜਿਆ, ਜਿਸ ਦੇ ਬਾਅਦ ਪੁਲਸ ਨੇ ਕਾਹਲੀ-ਕਾਹਲੀ ਵਿੱਚ ਸ਼ੁਰੂ ਦੀ ਜਾਂਚ ਕਰਨ ਦੇ ਬਾਅਦ ਦੋਸ਼ੀ ਪੁਲਸ ਮੁਲਾਜ਼ਮ ਵਿਰੁੱਧ ਮਾਮਲਾ ਦਰਜ ਕਰ ਲਿਆ।

ਦਕੋਹੇ ਦੀ ਗੁਰਿੰਦਰਜੀਤ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ 2017 ਵਿੱਚ ਪੀ ਏ ਪੀ ਦੇ ਸਿਪਾਹੀ ਲੁਧਿਆਣਾ ਵਾਸੀ ਅਮਨਦੀਪ ਨਾਲ ਹੋਇਆ ਸੀ। ਵਿਆਹ ਤੋਂ ਪਹਿਲਾਂ ਦੋਵਾਂ ਪਰਵਾਰਾਂ ਵਿੱਚ ਲੈਣ-ਦੇਣ ਨਾ ਕਰਨ ਦੀ ਸਹਿਮਤੀ ਬਣੀ ਸੀ। ਗੁਰਿੰਦਰਜੀਤ ਕੌਰ ਨੇ ਕਿਹਾ ਕਿ ਵਿਆਹ ਦੇ ਕੁਝ ਦਿਨ ਬਾਅਦ ਉਸ ਦਾ ਪਤੀ ਉਸ ਨੂੰ ਪਿਤਾ ਦੀ ਜਾਇਦਾਦ ਵਿੱਚੋਂ ਹਿੱਸਾ ਮੰਗਣ ਅਤੇ ਕਾਰ ਜਾਂ ਬਾਈਕ ਲਿਆਉਣ ਲਈ ਦਬਾਅ ਪਾਉਣ ਲੱਗਾ। ਵਿਰੋਧ ਕਰਨ ਉੱਤੇ ਉਸ ਦੇ ਨਾਲ ਮਾਰਕੁੱਟ ਕੀਤੀ ਜਾਂਦੀ ਸੀ। ਸਾਲ 2019 ਵਿੱਚ ਉਸ ਨੇ ਬੇਟੇ ਨੂੰ ਜਨਮ ਦਿੱਤਾ, ਪਰ ਪਤੀ ਦਾ ਵਤੀਰਾ ਨਹੀਂ ਬਦਲਿਆ। ਪਿਛਲੇ ਸਾਲ ਜੂਨ ਵਿੱਚ ਦੋਸ਼ੀ ਨੇ ਉਸ ਨੂੰ ਮਾਰਕੁੱਟ ਕਰ ਕੇ ਸਰਕਾਰੀ ਕੁਆਰਟਰ ਵਾਲੇ ਘਰੋਂ ਕੱਢ ਦਿੱਤਾ। ਪੀੜਤਾ ਮੁਤਾਬਕ ਉਸ ਨੇ ਇਸ ਦੀ ਸ਼ਿਕਾਇਤ ਕਰੀਬ ਅੱਠ ਮਹੀਨੇ ਪਹਿਲਾਂ ਡੀ ਸੀ ਪੀ ਨੂੰ ਕੀਤੀ ਸੀ। ਫਿਰ ਜਾਂਚ ਏ ਸੀ ਪੀ ਹੈਡਕੁਆਰਟਰ ਨੂੰ ਭੇਜੀ ਗਈ, ਪਰ ਦੋਸ਼ੀ ਦੇ ਪੁਲਸ ਵਾਲਾ ਹੋਣ ਕਾਰਨ ਕੋਈ ਕਾਰਵਾਈ ਨਹੀਂ ਹੋਈ। ਇਸ ਦੇ ਬਾਅਦ ਪੀੜਤਾ ਨੇ ਸੁਪਰੀਮ ਕੋਰਟ ਵਿੱਚ ਚੱਲਦੇ ਯੂ ਪੀ ਦੇ ਕੇਸ ਦਾ ਹਵਾਲਾ ਦਿੰਦੇ ਹੋਏ ਡੀ ਜੀ ਪੀ ਅਤੇ ਕਮਿਸ਼ਨਰ ਨੂੰ ਲੀਗਲ ਨੋਟਿਸ ਭੇਜਿਆ ਅਤੇ ਕੇਸ ਦਰਜ ਕਰਨ ਉੱਤੇ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰਨ ਦੀ ਗੱਲ ਕਹੀ ਸੀ।

# ਟੂਲ ਕਿੱਟ ਕੇਸ ਦੇ ਕਾਂਗਰਸ-ਭਾਜਪਾ ਝਗੜੇ ਵਿੱਚ ਸੁਪਰੀਮ ਕੋਰਟ ’ਚ ਪਟੀਸ਼ਨ ਪੇਸ਼

ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰ ਕੇ ਟੂਲ ਕਿੱਟ ਕੇਸ ਦੀ ਜਾਂਚ ਦੀ ਮੰਗ ਅਤੇ ਕਾਂਗਰਸ ਪਾਰਟੀ ਦੀ ਰਜਿਸਟਰੇਸ਼ਨ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਜੇ ਕਾਂਗਰਸ ਪਾਰਟੀ ਖਿਲਾਫ ਦੇਸ਼ ਵਿਰੋਧੀ ਕਾਰਵਾਈਆਂ ਦੇ ਦੋਸ਼ ਸਾਬਤ ਹੋਣ ਤਾਂ ਇਸ ਦੀ ਰਜਿਸਟਰੇਸ਼ਨ ਰੱਦ ਕੀਤੀ ਜਾਵੇ। ਵਰਨਣ ਯੋਗ ਹੈ ਕਿ ਭਾਜਪਾ ਨੇ ਬੀਤੇ ਦਿਨੀਂ ਦੋਸ਼ ਲਾਇਆ ਸੀ ਕਿ ਕਾਂਗਰਸ ਨੇ ਇੱਕ ਟੂਲ ਕਿੱਟ ਤਿਆਰ ਕੀਤੀ ਹੈ, ਜਿਸ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਖ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਪਟੀਸ਼ਨ ਵਕੀਲ ਸ਼ਸ਼ਾਂਕ ਸ਼ੇਖਰ ਝਾਅ ਨੇ ਪੇਸ਼



ਕੀਤੀ ਹੈ ਤੇ ਕਾਰਵਾਈ ਲਈ ਕੇਂਦਰ ਨੂੰ ਹੁਕਮ ਦੇਣ ਦੀ ਬੇਨਤੀ ਕੀਤੀ ਹੈ। ਸ਼ਸ਼ਾਂਕ ਸ਼ੇਖਰ ਝਾਅ ਨੇ ਸੁਪਰੀਮ ਕੋਰਟ ਨੂੰ ਇਹ ਬੇਨਤੀ ਵੀ ਕੀਤੀ ਹੈ ਕਿ ਕੇਂਦਰ ਸਰਕਾਰ ਨੂੰ ਹੁਕਮ ਦਿੱਤੇ ਜਾਣ ਤੇ ਮਹਾਮਾਰੀ ਦੌਰਾਨ ਜ਼ਰੂਰੀ ਵਸਤਾਂ ਦਾ ਭੰਡਾਰ ਕਰ ਕੇ ਰੱਖਣ ਵਾਲਿਆਂ ਵਿਰੁੱਧ ਹਿਦਾਇਤਾਂ ਜਾਰੀ ਕਰਨ ਲਈ ਕਿਹਾ ਜਾਵੇ। ਪਟੀਸ਼ਨ ਵਿੱਚ ਕਾਂਗਰਸ, ਕੇਂਦਰ ਸਰਕਾਰ ਤੇ ਚੋਣ ਕਮਿਸ਼ਨ ਨੂੰ ਧਿਰ ਬਣਾਇਆ ਗਿਆ ਹੈ।

ਇਸ ਦੌਰਾਨ ਕਾਂਗਰਸ ਨੇ ਕੱਲ੍ਹ ਮੁੜ ਕੇ ਟੂਲ ਕਿੱਟ ਕੇਸ ਉੱਤੇ ਭਾਜਪਾ ਨੂੰ ਨਿਸ਼ਾਨਾ ਬਣਾਇਆ। ਭਾਜਪਾ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਨੇ ਦੋਸ਼ ਲਇਆ ਹੈ ਕਿ ਸੈਂਟਰਲ ਵਿਸਟਾ ਪ੍ਰੋਜੈਕਟ ਉੱਤੇ ਇੱਕ ਟੂਲ ਕਿੱਟ ਕਾਂਗਰਸ ਨੇ ਬਣਾਈ ਹੈ। ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਪਾਤਰਾ ਨੂੰ ਆਪਣੀ ਡਿਗਰੀ ਲੋਕਾਂ ਦੀਆਂ ਜਾਨਾਂ ਬਚਾਉਣ ਵਿੱਚ ਲਾਉਣੀ ਚਾਹੀਦੀ ਹੈ ਤੇ ‘ਡਰਾਮੇਬਾਜ਼ੀ' ਵਿੱਚ ਨਹੀਂ ਪੈਣਾ ਚਾਹੀਦਾ। ਕਾਂਗਰਸ ਨੇ ਕਿਹਾ ਕਿ ਭਾਜਪਾ ਨੇ ਅਦਾਲਤ ਵਿੱਚ ਪਟੀਸ਼ਨ ਪਾਈ ਹੈ, ਪਰ ਕਾਂਗਰਸ ਅਦਾਲਤ ਨਹੀਂ ਗਈ ਤੇ ਦਿੱਲੀ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ। ਇਸੇ ਦੌਰਾਨ ਐਨ ਐਸ ਯੂ ਆਈ ਨੇ ਪਾਤਰਾ ਖਿਲਾਫ ਇਸ ਕੇਸ ਵਿੱਚ ਐਫ ਆਈ ਆਰ ਦਰਜ ਕਰਵਾਈ ਹੈ ਤੇ ਭਾਜਪਾ ਉੱਤੇ ‘ਫਰਜ਼ੀ ਟੂਲ ਕਿੱਟ' ਤਿਆਰ ਕਰਨ ਦਾ ਦੋਸ਼ ਲਾਇਆ ਹੈ।

# ਪਟਨਾ ਵਿੱਚ ਬਲੈਕ ਫੰਗਸ ਤੋਂ ਕਈ ਗੁਣਾ ਖਤਰਨਾਕ ਵ੍ਹਾਈਟ ਫੰਗਸ ਦੇ ਚਾਰ ਮਰੀਜ਼ ਮਿਲੇ


ਪਟਨਾ, 20 ਮਈ (ਪੋਸਟ ਬਿਊਰੋ)- ਅੱਜੇ ਤੱਕ ਬਲੈਕ ਫੰਗਸ (ਮਿਊਕਰ ਮਾਈਕੋਸਿਸ) ਨਾਲ ਜੂਝ ਰਹੇ ਭਾਰਤ ਵਿਚਲੇ ਬਿਹਾਰ ਰਾਜ ਦੇ ਪਟਨਾ ਸ਼ਹਿਰ ਵਿੱਚ ਵ੍ਹਾਈਟ ਫੰਗਸ ਦੇ ਮਰੀਜ਼ਾਂ ਦੇ ਮਿਲਣ ਨਾਲ ਹਫੜਾ-ਤਫੜੀ ਮੱਚ ਗਈ ਹੈ। ਬਲੈਕ ਫੰਗਸ ਤੋਂ ਵੱਧ ਖਤਰਨਾਕ ਮੰਨੀ ਜਾਂਦੀ ਇਸ ਬਿਮਾਰੀ ਦੇ ਚਾਰ ਮਰੀਜ਼ ਪਿਛਲੇ ਕੁਝ ਦਿਨਾਂ ਵਿੱਚ ਮਿਲੇ ਹਨ।

ਪਤਾ ਲੱਗਾ ਹੈ ਕਿ ਵ੍ਹਾਈਟ ਫੰਗਸ (ਕੈਂਡਿਡੋਸਿਸ) ਫੇਫੜਿਆਂ ਦੀ ਇਨਫੈਕਸ਼ਨ ਦਾ ਮੁੱਖ ਕਾਰਨ ਹੈ। ਫੇਫੜਿਆਂ ਦੇ ਇਲਾਵਾ ਸਕਿਨ, ਨਹੁੰ, ਮੂੰਹ ਦੇ ਅੰਦਰੂਨੀ ਭਾਗ, ਲਿਵਰ ਅਤੇ ਅੰਤੜੀ, ਕਿਡਨੀ, ਗੁਪਤ ਅੰਗ ਅਤੇ ਬ੍ਰੇਨ ਆਦਿ ਨੂੰ ਵੀ ਇਨਫੈਕਟਿਡ ਕਰਦਾ ਹੈ ਅਤੇ ਇਹ ਨੱਕ ਜਾਂ ਮੂੰਹ ਦੇ ਰਸਤੇ ਅੰਦਰ ਜਾਂਦਾ ਹੈ। ਪਟਨਾ ਮੈਡੀਕਲ ਕਾਲਜ ਅਤੇ ਹਸਪਤਾਲ (ਪੀ ਐਮ ਸੀ ਐਚ) ਵਿੱਚ ਮਾਈਕ੍ਰੋ ਬਾਇਓਲਾਜੀ ਵਿਭਾਗ ਦੇ ਮੁਖੀ ਡਾਕਟਰ ਐਸ ਐਨ ਸਿੰਘ ਦੇ ਅਨੁਸਾਰ ਅਜਿਹੇ ਚਾਰ ਮਰੀਜ਼ ਮਿਲੇ ਹਨ, ਜਿਨ੍ਹਾਂ ਵਿੱਚ ਕੋਰੋਨਾ ਵਰਗੇ ਲੱਛਣ ਸਨ, ਪਰ ਉਹ ਕੋਰੋਨਾ ਨਹੀਂ, ਵ੍ਹਾਈਟ ਫੰਗਸ ਤੋਂ ਪੀੜਤ ਸਨ। ਮਰੀਜ਼ਾਂ ਵਿੱਚ ਕੋਰੋਨਾ ਦੇ ਤਿੰਨੇ ਟੈਸਟ ਰੈਪਿਡ ਐਂਟੀਜਨ, ਰੈਪਿਡ



ਐਂਟੀਬਾਡੀ ਤੇ ਆਰ ਟੀ-ਪੀ ਸੀ ਆਰ ਨੈਗੇਟਿਵ ਸਨ। ਇੱਕ ਮਰੀਜ਼ ਦੇ ਐਚ ਆਰ ਸੀ ਟੀ ਜਾਂਚ ਵਿੱਚ ਫੇਫੜਿਆਂ ਵਿੱਚ ਕੋਰੋਨਾ ਵਰਗੇ ਲੱਛਣ (ਧੱਬੇ) ਸਨ। ਬਲਗਮ ਦੇ ਕਲਚਰ ਵ੍ਹਾਈਟ ਫੰਗਸ (ਕੈਂਡਿਡਾ) ਦੀ ਗ੍ਰੋਥ ਹੋਈ ਸੀ। ਜਾਂਚ ਹੋਣ ਉੱਤੇ ਸਿਰਫ ਐਂਟੀ ਫੰਗਸ ਦਵਾਈਆਂ ਨਾਲ ਠੀਕ ਹੋ ਗਏ। ਇਸ ਵਿੱਚ ਪਟਨਾ ਦੇ ਚਰਚਿਤ ਸਰਜਨ ਵੀ ਹਨ, ਜਿਨ੍ਹਾਂ ਨੂੰ ਇੱਕ ਵੱਡੇ ਪ੍ਰਾਈਵੇਟ ਹਸਪਤਾਲ ਵਿੱਚ ਕੋਰੋਨਾ ਵਾਰਡ ਵਿੱਚ ਭਰਤੀ ਕੀਤਾ ਗਿਆ ਅਤੇ ਇਨ੍ਹਾਂ ਦਾ ਆਕਸੀਜਨ ਲੈਵਲ 65 ਤੋਂ 70 ਸੀ। ਜਾਂਚ ਤੋਂ ਪਤਾ ਲੱਗਾ ਕਿ ਉਹ ਵ੍ਹਾਈਟ ਫੰਗਸ ਤੋਂ ਪੀੜਤ ਹਨ। ਐਂਟੀ ਫੰਗਸ ਦਵਾਈਆਂ ਪਿੱਛੋਂ ਉਨ੍ਹਾਂ ਦਾ ਆਕਸੀਜਨ ਲੈਵਲ 95 ਹੋ ਗਿਆ। ਬਾਕੀ ਤਿੰਨ ਮਰੀਜ਼ਾਂ ਵਿੱਚ ਵੀ ਵ੍ਹਾਈਟ ਫੰਗਸ ਸੀ, ਜਿਨ੍ਹਾਂ ਨੂੰ ਐਚ ਆਰ ਸੀ ਟੀ ਦੇ ਅਧਾਰ ਉੱਤੇ ਕੋਰੋਨਾ ਪੀੜਤ ਦੱਸਿਆ ਜਾ ਰਿਹਾ ਸੀ।

ਵ੍ਹਾਈਟ ਫੰਗਸ ਦੇ ਵੀ ਉਹੀ ਕਾਰਨ ਹਨ, ਜੋ ਬਲੈਕ ਫੰਗਸ ਦੇ ਹਨ, ਜਿਵੇਂ ਰੋਗਾਂ ਨਾਲ ਲੜਨ ਦੀ ਕਮੀ। ਇਸ ਦੇ ਨਾਲ ਸ਼ੁਗਰ, ਐਂਟੀਬਾਓਟਿਕ ਦੀ ਵਰਤੋਂ ਜਾਂ ਸਟੇਰਾਈਡ ਦੀ ਲੰਬੇ ਸਮੇਂ ਤੱਕ ਵਰਤੋਂ, ਕੈਂਸਰ ਦੇ ਮਰੀਜ਼ ਜੋ ਦਵਾ ਉੱਤੇ ਹਨ, ਕਿਡਨੀ ਟਰਾਂਸਪਲਾਂਟ ਦੇ ਮਰੀਜ਼ ਜੋ ਪ੍ਰਤੀਰੋਧਕ ਸਮਰੱਥਾ ਘੱਟ ਕਰਨ ਦੀ ਦਵਾ ਲੈ ਰਹੇ ਹਨ ਅਤੇ ਕੋਰੋਨਾ ਦੇ ਮਰੀਜ਼ ਜੋ ਇਲਾਜ ਵਿੱਚ ਲੰਬੇ ਸਮੇਂ ਤੋਂ ਆਕਸੀਜਨ ਜਾਂ ਵੈਂਟੀਲੇਟਰ ਉੱਤੇ ਰਹੇ ਹੋਣ, ਉਹ ਵੀ ਪੀੜਤ ਹੋ ਸਕਦੇ ਹਨ।ਨਵਜੰਮੇ ਬੱਚਿਆਂ ਵਿੱਚ ਇਹ ਡਾਇਪਰ ਕੈਂਡਿਸੋਸਿਸ ਵਜੋਂ ਹੁੰਦਾ ਹੈ, ਜਿਸ ਵਿੱਚ ਕ੍ਰੀਮੀ ਸਫੈਦ ਧੱਬੇ ਦਿਸਦੇ ਹਨ। ਛੋਟੇ ਬੱਚਿਆਂ ਵਿੱਚ ਇਹ ਓਰਲ ਥ੍ਰਾਸਟ (ਮੂੰਹ ਵਿੱਚ ਛਾਲਾ) ਕਰਦਾ ਹੈ, ਜਿਸ ਵਿੱਚ ਇਹ ਸਫੈਦ ਡਿਸਚਾਰਜ (ਲਿਊਕੋਰੀਆ) ਦਾ ਮੁੱਖ ਕਾਰਨ ਹੈ। ਕੈਥੇਟਰਾਈਜ਼ਡ ਮਰੀਜ਼ਾਂ ਵਿੱਚ ਇਹ ਸੈਪਟੀਸੀਮੀਆ ਦਾ ਕਾਰਨ ਬਣ ਕੇ ਜਾਨਲੇਵਾ ਸਾਬਤ ਹੋ ਸਕਦਾ ਹੈ।



# ਕਾਂਗਰਸ ਵਿਧਾਇਕ ਨੇ ਸਿਹਤ ਮੰਤਰੀ ਨੂੰ 'ਗਊ ਮੂਤਰ' ਭੇਜਿਆ ਅਤੇ ਸਾਧਵੀ ਪ੍ਰਗਿਆ ਦੇ ਦਾਅਵੇ ਬਾਰੇ ਪੁੱਛਿਆ

ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਵੱਲੋਂ ਗਊ ਮੂਤਰ ਨਾਲ ਕੋਰੋਨਾ ਠੀਕ ਹੋਣ ਵਾਲੇ ਬਿਆਨ ਉੱਤੇ ਵਿਵਾਦ ਰੁਕ ਨਹੀਂ ਰਿਹਾ। ਸਾਬਕਾ ਮੰਤਰੀ ਤੇ ਕਾਂਗਰਸ ਵਿਧਾਇਕ ਪੀ ਸੀ ਸ਼ਰਮਾ ਨੇ ਗਊ ਮੂਤਰ ਦੀ ਸ਼ੀਸ਼ੀ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਨੂੰ ਕੋਰੀਅਰ ਰਾਹੀਂ ਭੇਜ ਕੇ ਸਾਧਵੀ ਪ੍ਰਗਿਆ ਸਿੰਘ ਠਾਕੁਰ ਦੇ ਦਾਅਵੇ ਦਾ ਵਿਗਿਆਨਕ ਆਧਾਰ ਪੁੱਛਿਆ ਹੈ।

ਵਰਨਣ ਯੋਗ ਹੈ ਕਿ ਭੋਪਾਲ ਤੋਂ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਠਾਕੁਰ ਨੇ ਕੁਝ ਦਿਨ ਪਹਿਲਾਂ ਗਊ ਮੂਤਰ ਨਾਲ ਕੋਰੋਨਾ ਠੀਕ ਕਰਨ ਦਾ ਦਾਅਵਾ ਕੀਤਾ ਸੀ। ਸਾਧਵੀ ਪ੍ਰਗਿਆ ਨੇ ਕਿਹਾ ਸੀ, ''ਗਊ ਮੂਤਰ ਪੀਣ ਨਾਲ ਫੇਫੜਿਆਂ ਦੀ ਲਾਗ ਦੂਰ ਹੁੰਦੀ ਹੈ। ਮੈਂ ਖੁਦ ਗਊ ਮੂਤਰ ਦੀ ਵਰਤੋਂ ਕਰਦੀ ਹਾਂ ਅਤੇ ਇਸ ਲਈ ਮੈਨੂੰ ਅਜੇ ਤੱਕ ਕੋਰੋਨਾ ਦੀ ਕੋਈ ਦਵਾਈ ਨਹੀਂ ਲੈਣੀ ਪਈ ਅਤੇ ਨਾ ਮੈਨੂੰ ਅਜੇ ਤੱਕ ਕੋਰੋਨਾ ਹੋਇਆ ਹੈ।''

ਪੀਸੀ ਸ਼ਰਮਾ ਨੇ ਕੱਲ੍ਹ ਕੇਂਦਰੀ ਸਿਹਤ ਮੰਤਰੀ ਤੇ ਰਾਸ਼ਟਰੀ ਸਿਹਤ ਮਿਸ਼ਨ ਨੂੰ ਇੱਕ ਪੱਤਰ ਲਿਖਿਆ ਅਤੇ ਮੰਗ ਕੀਤੀ ਹੈ ਕਿ ਸਾਧਵੀ ਪ੍ਰਗਿਆ ਸਿੰਘ ਠਾਕੁਰ ਦੇ ਦਾਅਵੇ ਦਾ ਵਿ- ਗਆਨਕ ਸਬੂਤ ਦੱਸਿਆ ਜਾਵੇ। ਉਨ੍ਹਾ ਨੇ ਕੇਂਦਰੀ ਸਿਹਤ ਮੰਤਰੀ ਨੂੰ ਇੱਕ ਪੱਤਰ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਨੇ ਲਿਖਿਆ ਹੈ ਕਿ ਕੀ ਆਈ ਸੀ ਐਮ ਆਰ (ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ) ਅਤੇ ਡੀ ਆਰ ਡੀ ਓ (ਡਿਫੈਂਸ ਰਿਸਰਚ ਡਿਵੈਲਪਮੈਂਟ ਆਰਗੇਨਾਈਜ਼ੇਸ) ਵੱਲੋਂ ਉਹ ਭਾਜਪਾ ਪਾਰਲੀਮੈਂਟ ਮੈਂਬਰ ਦੇ ਇਸ ਦਾਅਵੇ ਦੀ ਸੱਚਾਈ ਦੁਨੀਆ ਸਾਹਮਣੇ ਲਿਆਉਣਗੇ? ਕਾਂਗਰਸ ਵਿਧਾਇਕ ਦਾ ਕਹਿਣਾ ਹੈ ਕਿ ਗਊ ਨੂੰ ਮਾਂ ਦਾ ਦਰਜਾ



ਦਿੱਤਾ ਜਾਂਦਾ ਹੈ, ਪਰ ਕੀ ਪਾਰਲੀਮੈਂਟ ਮੈਂਬਰ ਦਾ ਬਿਆਨ ਉਸ ਸਮੇਂ ਗੁਮਰਾਹ ਨਹੀਂ ਕਰਦਾ, ਜਦੋਂ ਕੋਰੋਨਾ ਪਿੰਡਾਂ ਵੱਲ ਫੈਲ ਰਿਹਾ ਹੈ? ਪੀ ਸੀ ਸ਼ਰਮਾ ਨੇ ਕੇਂਦਰੀ ਸਿਹਤ ਮੰਤਰੀ ਤੋਂ ਮੰਗ ਕੀਤੀ ਹੈ ਕਿ ਪ੍ਰਗਿਆ ਸਿੰਘ ਠਾਕੁਰ ਦੇ ਦਾਅਵੇ ਨੂੰ ਵਿਗਿਆਨਕ ਸਬੂਤ ਦੇ ਨਾਲ ਲੋਕਾਂ ਸਾਹਮਣੇ ਰੱਖਿਆ ਜਾਵੇ। ਇਸ ਪੱਤਰ ਵਿੱਚ ਪੀ ਸੀ ਸ਼ਰਮਾ ਨੇ ਲਿਖਿਆ ਹੈ ਕਿ ''ਕੀ ਆਈ ਸੀ ਐਮ ਆਰ ਅਤੇ ਡੀ ਆਰ ਡੀ ਓ ਨੇ ਵਿਗਿਆਨਕ ਪੱਖ ਤੋਂਮੰਨਿਆ ਹੈ ਕਿ ਗਊ ਮੂਤਰ ਕੋਰੋਨਾ ਨੂੰ ਠੀਕ ਕਰ ਸਕਦਾ ਹੈ? ਅਸੀਂ ਗਊ ਨੂੰ ਮਾਂ ਮੰਨਦੇ ਹਾਂ, ਪਰ ਕੀ ਸਾਡੀਆਂ ਧਾਰਮਿਕ ਭਾਵਨਾਵਾਂ ਦੇਸ਼ ਅਤੇ ਰਾਜਾਂ ਦੇ ਲੋਕਾਂ ਨੂੰ ਗੁਮਰਾਹ ਕਰਨ ਲਈ ਨਹੀਂ ਵਰਤੀਆਂ ਜਾ ਰਹੀਆਂ? ਕੀ ਕੇਂਦਰੀ ਸਿਹਤ ਵਿਭਾਗ ਤੇ ਮੱਧ ਪ੍ਰਦੇਸ਼ ਦੇ ਸਿਹਤ ਵਿਭਾਗ ਨੇ ਫ਼ੈਸਲਾ ਕੀਤਾ ਹੈ ਕਿ ਕੋਰੋਨਾ, ਬਲੈਕ ਫ਼ੰਗਸ ਦਾ ਇਲਾਜ ਗਊ ਮੂਤਰ ਨਾਲ ਕੀਤਾ ਜਾਏਗਾ? ਕੀ ਵੈਕਸੀਨ ਲਵਾਉਣ ਦੀ ਜ਼ਰੂਰਤ ਨਹੀਂ ਹੈ ਅਤੇ ਆਈ ਸੀ ਐਮ ਆਰ ਅਤੇ ਡੀ ਆਰ ਡੀ ਓ ਇਸ ਨੂੰ ਵਿਗਿਆਨਕ ਪੱਖੋਂ ਸਾਬਤ ਕਰਦੇ ਹਨ? ਇਸ ਲਈ ਮੈਂ ਤੁਹਾਨੂੰ ਗਊ ਮੂਤਰ ਦੀ ਬੋਤਲ ਭੇਜ ਰਿਹਾ ਹਾਂ ਤਾਂ ਜੋ ਤੁਸੀਂ ਇਸ ਬਾਰੇ ਵਿਗਿਆਨਕ ਸਬੂਤ ਪੱਤਰਾਂ ਨਾਲ ਕੋਰੋਨਾ ਤੋਂ ਪੀੜਤ ਇਸ ਦੇਸ਼ ਦੇ ਲੋਕਾਂ ਨੂੰ ਕੋਰੋਨਾ ਤੋਂ ਜਾਨਾਂ ਬਚਾਉਣ ਲਈ ਸਹੀ ਸੰਦੇਸ ਦੇਵੋਂਗੇ।''

# ਤੂੜੀ ਦੇ ਝਗੜੇ ਵਿੱਚ ਪੁੱਤਰਾਂ ਨਾਲ ਮਿਲ ਕੇ ਵੱਡੇ ਭਰਾ ਦਾ ਕਤਲ

ਅੰਮ੍ਰਿਤਸਰ, 20 ਮਈ (ਪੋਸਟ ਬਿਊਰੋ)- ਚਾਟੀਵਿੰਡ ਥਾਣੇ ਦੇ ਪਿੰਡ ਗੁਰਵਾਲੀ ਵਿੱਚ ਤੂੜੀ ਦੇ ਝਗੜੇ ਕਾਰਨ ਛੋਟੇ ਭਰਾ ਨੇ ਦੋ ਪੁੱਤਰਾਂ ਨਾਲ ਮਿਲ ਕੇ ਭਰਾ ਉੱਤੇ ਤੰਗਲੀਆਂ ਨਾਲ ਹਮਲਾ ਕੀਤਾ ਤੇ ਵੱਡੇ ਨੂੰ ਮਾਰ ਦਿੱਤਾ। ਇਸ ਦੌਰਾਨ ਉਸ ਨੇ ਭਤੀਜੇ ਨੂੰ ਵੀ ਫੱਟੜ ਕਰ ਦਿੱਤਾ। ਮ੍ਰਿਤਕ ਦੀ ਪਛਾਣ ਮੁਖਤਾਰ ਸਿੰਘ ਵਜੋਂ ਹੋਈ ਹੈ। ਪਿੰਡ ਕਾਲੇਚੱਕ, ਤਰਨ ਤਾਰਨ ਦੇ ਵਸਨੀਕ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਮੁਖਤਾਰ ਸਿੰਘ ਅਤੇ ਚਾਚਾ ਸ਼ਮਸ਼ੇਰ ਸਿੰਘ ਬਾਹਰੋਂ ਤੂੜੀ ਖਰੀਦ ਕੇ ਵੇਚਦੇ ਸਨ। ਚਾਚਾ ਇਸ ਦੀ ਰੰਜਿਸ਼ ਰੱਖਦਾ ਸੀ। ਬੀਤੇ ਮੰਗਲਵਾਰ ਸਵੇਰੇ ਸਾਢੇ ਛੇ ਵਜੇ ਉਹ ਆਪਣੇ ਪਿਤਾ ਨਾਲ ਗੁਰਵਾਲੀ ਤੋਂ ਤੂੜੀ ਖਰੀਦ ਕੇ ਉਸ ਦਾ ਵਜ਼ਨ ਕਰਵਾਉਣ ਲਈ ਕੰਡੇ ਉੱਤੇ ਪੁੱਜਾ ਤਾਂ ਸ਼ਮਸ਼ੇਰ ਚਾਚੇ ਅਤੇ ਦੋਵਾਂ ਪੁੱਤਰਾਂ ਜਸਪਾਲ ਤੇ ਰਛਪਾਲ ਨੇ ਤੰਗਲੀਆਂ ਨਾਲ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ। ਇਸ ਪਿੱਛੋਂ ਉਸ ਦੇ ਪਿਤਾ ਦੇ ਡੂੰਘੀਆਂ ਸੱਟਾਂ ਲੱਗਣ ਕਾਰਨ ਉਸ ਦੀ ਮੌਤ ਹੋ ਗਈ, ਜਦ ਕਿ ਬਿਆਨਕਰਤਾ ਖੁਦ ਜ਼ਖਮੀ ਹੋ ਗਿਆ। ਰਾਹਗੀਰਾਂ ਨੇ ਉਨ੍ਹਾਂ ਨੂੰ ਸਿਵਲ ਹਸਪਤਾਲ ਮਾਨਾਂਵਾਲਾ ਵਿੱਚ ਦਾਖਲ ਕਰਾਇਆ ਸੀ।ਥਾਣਾ ਚਾਟੀਵਿੰਡ ਦੇ ਮੁਖੀ ਸਬ ਇੰਸਪੈਕਟਰ ਮਨਮੀਤਪਾਲ ਸਿੰਘ ਨੇ ਦੱਸਿਆ ਕਿ ਤਿੰਨੇ ਹਮਲਾਵਰ ਸ਼ਮਸ਼ੇਰ ਸਿੰਘ, ਜਸਪਾਲ ਸਿੰਘ ਤੇ ਰਛਪਾਲ ਸਿੰਘ ਵਿਰੁੱਧ ਮਾਮਲਾ ਦਰਜ ਕਰ ਕੇ ਗ੍ਰਿਫਤਾਰੀ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਤਿੰਨੇ ਜਣੇ ਹਾਲੇ ਫਰਾਰ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDERCHHINA
BROKER
647.293.2327

## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL
Manager
AMAN UPPAL
Barrister,Solicitor
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Century 21

President Realty Inc

Brokerage*

Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ

Call Now: (416)-970-5005

Jagdish Grewal

Sales Repersentative



Brampton

$799,900

Sandalwood & Kennedy

ਬਹੁਤ ਹੀ ਖੁਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!



Brampton

$849,900

Bramalea & Peter Robertson

3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Brampton

$699,900

Bovaird & Royal Orchard

3 ਬੈੱਡਰੂਮ ਟਾਉਨ ਹਾਉਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ



Brampton

$799,999

Bovaird & Bramlea Rd

3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Brampton

$1,199,000

Bovaird & Worthington

4 ਬੈੱਡਰੂਮ, ਡੀਟੈਚਡ ਘਰ
ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Brampton

$1,179,000

Pertosa & WillamsParkway

4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Brampton

$1,299,000

Gore & Cotrelle

3 ਬੈੱਡਰੂਮ, ਡੀਟੈਚਡ ਘਰ ,
2000 sq.ft ,1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Brampton

$999,800

Bovaird & Hwy 410

4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com

80 Maritime Ontario Blvd #246 Brampton, ON L6S 0E7 Call: 905-488-2100 Fax : 905-488-2101


# ਡਬਲ ਮਿਊਟੈਂਟ ਵੈਰੀਐਂਟ ਦੇ ਦੋਵੇਂ ਸਟਰੇਨ ਭਾਰਤ ਵਿੱਚ ਪਿਛਲੇ ਸਾਲ ਹੀ ਮਿਲ ਗਏ ਸਨ



ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦੀ ਦੂਸਰੀ ਲਹਿਰ ਦੇ ਲਈ ਜ਼ਿੰਮੇਵਾਰ ਮੰਨੇ ਜਾ ਰਹੇ ਵਾਇਰਸ ਦੇ ਡਬਲ ਮਿਊਟੈਂਟ ਵੈਰੀਐਂਟ ਦੇ ਦੋਵੇਂ ਸਟਰੇਨ ਪਿਛਲੇ ਸਾਲ ਮਾਰਚ ਤੇ ਮਈ ਵਿੱਚ ਮਿਲ ਗਏ ਸਨ। ਨਵੰਬਰ ਦੇ ਬਾਅਦ ਵੱਖੋ-ਵੱਖ ਦੋਵੇਂ ਸਟਰੇਨ ਮਿਲ ਕੇ ਇੱਕ ਹੋ ਗਏ ਅਤੇ ਨਵੇਂ ਵੈਰੀਐਂਟ ਦਾ ਰੂਪ ਧਾਰਨ ਕਰ ਲਿਆ, ਜਿਸ ਨੂੰ ਡਬਲ ਮਿਊਟੈਂਟ ਵੈਰੀਆਂਟ ਕਿਹਾ ਜਾਂਦਾ ਹੈ।

ਭਾਰਤੀ ਮੈਡੀਕਲ ਖੋਜ ਕੌਂਸਲ (ਆਈ ਸੀ ਐਮ ਆਰ) ਦੀ ਖੋਜ ਵਿੱਚ ਇਹ ਜਾਣਕਾਰੀ ਪਤਾ ਲੱਗੀ ਹੈ। ਇਸ ਤੋਂ ਸਮਝਣ ਵਿੱਚ ਮਦਦ ਮਿਲ ਸਕਦੀ ਹੈ ਕਿ ਦੂਸਰੀ ਲਹਿਰ ਨੇ ਪ੍ਰਚੰਡ ਰੂਪ ਕਿੱਥੋਂ ਧਾਰਨ ਕੀਤਾ ਹੈ। ਕੌਮਾਂਤਰੀ ਸਾਇੰਸ ਜਨਰਲ ਐਮ ਡੀ ਪੀ ਆਈ ਵਿੱਚ ਛਪੀ ਆਈ ਸੀ ਐਮ ਆਰ ਦੀ ਤਾਜ਼ਾ ਸਟੱਡੀ ਦੇ ਮੁਤਾਬਕ ਡਬਲ ਵੈਰੀਐਂਟ ਵਾਇਰਸ ਪਹਿਲਾ ਸਟਰੇਨ ਈ 484 ਕਿਊ ਪਹਿਲੀ ਵਾਰ ਪਿਛਲੇ ਸਾਲ ਮਾਰਚ ਵਿੱਚ ਮਹਾਰਾਸ਼ਟਰ ਵਿਚ ਕੋਰੋਨਾ ਵਾਇਰਸ ਦੇ ਇੱਕ ਸੈਂਪਲ ਤੋਂ ਪਤਾ ਲੱਗਾ ਸੀ। ਇਸ ਦੇ ਚਾਰ ਮਹੀਨੇ ਬਾਅਦ ਜੁਲਾਈ ਵਿੱਚ ਮਹਾਰਾਸ਼ਟਰ ਵਿੱਚ ਫਿਰ ਇਹ ਸਟਰੇਨ ਕੋਰੋਨਾ ਵਾਇਰਸ ਦੇ ਦੋ ਸੈਂਪਲ ਵਿੱਚ ਮਿ-ਲਿਆ। ਮਈ ਵਿੱਚ ਦੂਸਰਾ ਸਟਰੇਨ ਐਲ 452 ਆਰ ਤੇਲੰਗਾਨਾ ਵਿੱਚ ਸੱਤ ਸੈਂਪਲਾਂ, ਆਂਧਰਾ ਪ੍ਰਦੇਸ਼ ਵਿੱਚ ਪੰਜ ਅਤੇ ਅਸਾਮ ਵਿੱਚ ਇੱਕ ਸੈਂਪਲ ਵਿੱਚ ਪਤਾ ਲੱਗਾ। ਅਲੱਗ-ਅਲੱਗ ਰਹਿੰਦੇ ਹੋਏ ਇਨ੍ਹਾਂ ਦੋਵਾਂ ਸਟਰੇਨਾਂ ਦੇ ਜ਼ਿਆਦਾ ਇਨਫੈਕਸ਼ਨ ਹੋਣ ਦੇ ਸਬੂਤ ਨਹੀਂ ਮਿਲੇ ਹਨ। ਇਨ੍ਹਾਂ ਦੋਵਾਂ ਨੂੰ ਮਿਲ ਕੇ ਬਣਿਆ ਡਬਲ ਮਿਊਟੈਂਟ ਵੈਰੀਐਂਟ ਸਭ ਤੋਂ ਪਹਿਲਾਂ ਇਸ ਸਾਲ ਜਨਵਰੀ-ਫਰਵਰੀ ਦੇ ਆਸਪਾਸ ਮਹਾਰਾਸ਼ਟਰ ਵਿੱਚ ਦਿਸਿਆ ਅਤੇ ਫਿਰ ਇਸ ਦਾ ਕਹਿਰ ਗੁਜਰਾਤ, ਯੂ ਪੀ ਅਤੇ ਦਿੱਲੀ ਤੋਂ ਲੈ ਕੇ ਉਤਰ ਪੂਰਬ ਤੱਕ ਫੈਲ ਗਿਆ।


ਆਈ ਸੀ ਐਮ ਆਰ ਦਾ ਮੰਨਣਾ ਹੈ ਕਿ ਲਾਕਡਾਊਨ ਅਤੇ ਪਾਬੰਦੀਆਂ ਦੇ ਖਤਮ ਹੋਣ ਦੇ ਬਾਅਦ ਜਨਵਰੀ ਤੋਂ ਮਾਰਚ ਅਤੇ ਅਪ੍ਰੈਲ ਤੱਕ ਲੋਕਾਂ ਦਾ ਦੇਸ਼ ਦੇ ਅੰਦਰ ਤੇ ਬਾਹਰ ਆਉਣਾ-ਜਾਣਾ ਸ਼ੁਰੂ ਹੋਇਆ ਅਤੇ ਇਸੇ ਦੌਰਾਨ ਵਾਇਰਸ ਦੇ ਦੋਵੇਂ ਸਟਰੇਨ ਇੱਕ ਹੋ ਕੇ ਡਬਲ ਮਿਊਟੈਂਟ ਵੈਰੀਐਂਟ ਵਿੱਚ ਬਦਲ ਗਏ। ਆਈ ਸੀ ਐਮ ਆਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਪਿਛਲੇ ਸਾਲ ਨੌਂ ਦਸੰਬਰ ਤੱਕ ਪੂਰੀ ਦੁਨੀਆ ਦੇ ਵਿਗਿਆਨੀਆਂ ਨੂੰ ਇਸ ਡਬਲ ਮਿਊਟੈਂਟ ਵੈਰੀਆਂਟ ਦੇ ਫੈਲਣ ਦੀ ਜਾਣਕਾਰੀ ਵੀ ਨਹੀਂ ਹੋਈ ਸੀ। ਆਈ ਸੀ ਐਮ ਆਰ ਦੀ ਸਟੱਡੀ ਤੋਂ ਸਾਫ ਹੈ ਕਿ ਕੋਰੋਨਾ ਵਿੱਚ ਤਬਦੀਲੀ ਦੀ ਸ਼ੁਰੂਆਤ ਪਿਛਲੇ ਸਾਲ ਤੋਂ ਹੀ ਹੋ ਗਈ ਸੀ ਅਤੇ ਉਸ ਨੇ ਨਵੇਂ-ਨਵੇਂ ਰੂਪ ਬਦਲਣੇ ਸ਼ੁਰੂ ਕਰ ਦਿੱਤੇ ਸੀ।ਆਈ ਸੀ ਐਮ ਆਰ ਦੇ ਸੀਨੀਅਰ ਵਿਗਿਆਨੀ ਨੇ ਕਿਹਾ ਕਿ ਇਹ ਸਟੱਡੀ ਪਿਛਲੇ ਸਾਲ ਜਨਵਰੀ ਤੋਂ ਅਗਸਤ ਦੌਰਾਨ ਵਾਇਰਸ ਦੇ ਰੂਪ ਵਿੱਚ ਬਦਲਾਅ ਬਾਰੇ ਹੈ। ਇਸ ਵਿੱਚ ਦੇਸ਼ ਦੇ 26 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਕੋਰੋਨਾ ਦੇ 1603 ਸੈਂਪਲਾਂ ਨੂੰ ਨੈਸ਼ਨਲ ਇੰਸਟੀਚਿਊਟ ਆਫ ਇਮਿਊਨੋਲੋਜੀ ਵਿੱਚ ਵਿਸਥਾਰਤ ਵਿਸ਼ਲੇਸ਼ਣ ਲਈ ਭੇਜਿਆ ਸੀ। ਇਨ੍ਹਾਂ ਵਿੱਚੋਂ 79 ਸੈਂਪਲ ਤੈਅ ਮਾਪਦੰਡਾਂ ਅਨੁਸਾਰ ਨਾ ਪਾਏ ਜਾਣ ਕਾਰਨ ਹਟਾ ਦਿੱਤੇ ਗਏ। ਇਸ ਪਿੱਛੋਂ 1524 ਸੈਂਪਲਾਂ ਦੇ ਵਾਇਰਸ ਦੇ ਜਿਨੋਮ ਸਿਕਵੈਂਸਿੰਗ ਕਰ ਕੇ ਵਿਸਥਾਰਤ ਅਧਿਐਨ ਕੀਤਾ ਗਿਆ ਤਾਂ ਸਾਫ ਹੋ ਗਿਆ ਹੈ ਕਿ ਸ਼ੁਰੂ ਵਿੱਚ ਵਾਇਰਸ ’ਚ ਭਾਵੇਂ ਖਾਸ ਤਬਦੀਲੀ ਨਾ ਦਿਸੀ ਹੋਵੇ, ਜਲਦੀ ਹੀ ਇਸ ਦੇ ਜ਼ਿਆਦਾ ਖਤਰਨਾਕ ਰੂਪ ਧਾਰਨ ਕਰਨ ਦੀ ਸ਼ੁਰੂਆਤ ਹੋ ਗਈ ਸੀ।

# ਮਹਿਲਾ ਬੈਂਕ ਮੈਨੇਜਰ ਨੂੰ ਸ਼ਾਦੀ ਦਾ ਝਾਂਸਾ ਦੇ ਕੇ 2.53 ਲੱਖ ਠੱਗੇ

ਲੁਧਿਆਣਾ, 20 ਮਈ (ਪੋਸਟ ਬਿਊਰੋ)- ਖੁਦ ਨੂੰ ਐਨ ਆਰ ਆਈ ਦੱਸ ਕੇ ਸੋਸ਼ਲ ਮੀਡੀਆ ਉੱਤੇ ਦੋਸਤ ਬਣੇ ਹੋਏ ਨੌਸਰਬਾਜ ਨੇ ਬੈਂਕ ਮੈਨੇਜਰ ਮਹਿਲਾ ਨੂੰ ਸ਼ਾਦੀ ਦਾ ਝਾਂਸਾ ਦੇ ਕੇ 2.53 ਲੱਖ ਦੀ ਠੱਗੀ ਕਰ ਲਈ।

ਇਸ ਬਾਰੇ ਥਾਣਾ ਦੁਗਰੀ ਪੁਲਸ ਨੇ ਦਿੱਲੀ ਦੇ ਰਹਿਣ ਵਾਲੇ ਲੋਕੇਸ਼ ਸਿੰਘ ਅਤੇ ਗੁਰੂਗ੍ਰਾਮ ਦੇ ਰਹਿਣ ਵਾਲੇ ਸ਼ਾਨੂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।ਜਾਂਚ ਅਧਿਕਾਰੀ ਏ ਐਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਅਕਤੂਬਰ 2019 ਵਿੱਚ ਦਿੱਤੀ ਸ਼ਿਕਾਇਤ ਵਿੱਚ ਦੁਗਰੀ ਫੇਸ-2 ਦੀ ਵਸਨੀਕ 27 ਸਾਲ ਦੀ ਮਹਿਲਾ ਬੈਂਕ ਮੈਨੇਜਰ ਨੇ ਦੱਸਿਆ ਕਿ ਉਸਦੀ ਜੇਮਸ ਐਂਨਥੀ ਨਾਮਕ ਨੌਜਵਾਨ ਨਾਲ ਫੇਸਬੁੱਕ ਉੱਤੇ ਦੋਸਤੀ ਹੋਈ ਸੀ ਜਿਸ ਨੇ ਕੁਝ ਸਮੇਂ ਬਾਅਦ ਸ਼ਾਦੀ ਕਰਨ ਦੀ ਗੱਲ ਰੱਖੀ ਅਤੇ ਦੋਵਾਂ ਨੇ ਇੱਕ ਦੂਸਰੇ ਦਾ ਨੰਬਰ ਲੈ ਲਿਆ। ਫਿਰ ਕਾਫ਼ੀ ਸਮੇਂ ਤੱਕ ਆਪਸ ਵਿੱਚ ਗੱਲਾਂ ਹੋਣ ਲੱਗ ਪਈਆਂ। ਇਹੀ ਨਹੀਂ, ਦੋਸ਼ੀ ਨੇ ਸ਼ਾਦੀ ਦੇ ਬਾਅਦ ਆਪਣੇ ਨਾਲ ਵਿਦੇਸ਼ ਲੈ ਜਾਣ ਦੇ ਸੁਫਨੇ ਦਿਖਾਏ।8 ਜੁਲਾਈ 2019 ਨੂੰ ਦੋਸ਼ੀ ਨੇ ਫ਼ੋਨ ਕਰਕੇ ਦੱਸਿਆ ਕਿ ਉਸਕੋਲ ਲੱਖਾਂ ਦੀ ਪੇਮੈਂਟ ਆਉਣ ਵਾਲੀ ਹੈ, ਜਿਸ ਦੇ ਬਾਅਦ ਉਹ ਸ਼ਾਦੀ ਕਰਵਾ ਲੈਣਗੇ। ਫਿਰ ਉਸ ਨੇ ਦੱਸਿਆ ਕਿ ਉਸਦਾ ਲੱਖਾਂ ਦੀ ਕੀਮਤ ਦਾ ਸਾਮਾਨ ਦਿੱਲੀ ਕਸਟਮ ਵਿੱਚ ਫਸ ਗਿਆ ਹੈ, ਪਰ ਅਜੇ ਪੈਸੇ ਨਹੀਂ ਹਨ। ਉਸ ਨੇ ਬੈਂਕ ਮੈਨੇਜਰ ਤੋਂ ਪੈਸੇ ਦੇ ਕੇ ਪਾਰਸਲ ਛੁਡਾਉਣ ਲਈ ਕਿਹਾ।ਫਿਰ ਉਸ ਨੇ ਇੱਕ ਮੋਬਾਇਲ ਨੰਬਰ ਉੱਤੇ ਗੱਲ ਕਰਵਾਈ। ਫ਼ੋਨ ਉੱਤੇ ਗੱਲ ਕਰਨ ਵਾਲੀ ਮਹਿਲਾ ਨੇ ਤਿੰਨ ਲੱਖ ਰੁਪਏ ਜਮ੍ਹਾ ਕਰਾਉਣ ਨੂੰ ਕਿਹਾ, ਜਿਸ ਦੇ ਬਾਅਦ ਉਸਦੇ ਖਾਤੇ ਵਿੱਚ ਪੈਸੇ ਟ੍ਰਾਂਸਫਰ ਕਰਵਾ ਦਿੱਤੇ। ਫਿਰ ਕੁਝ ਸਮੇਂ ਬਾਅਦ ਨੌਸਰਬਾਜ ਦਾ ਨੰਬਰ ਬੰਦ ਆਉਣ ਲੱਗ ਪਿਆ ਤਾਂ ਪਤਾ ਲੱਗਾ ਕਿ ਉਸ ਨਾਲ ਠੱਗੀ ਕੀਤੀ ਗਈ ਹੈ।


Dr. Randhawa Dentistry



Your own dentist who really cares for you

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa

General Family Dentist

New Patients welcome

Deal Directly with all Insurance Companies

NEW LOCATION

10 SQUIRE ELLIS DR, UNIT 5-6

BRAMPTON, ON L6P 4K6


(MAJOR INTERSECTION: GORE RD/MAYFIELD)

Tel :905-794-5111

INVISALIGN & BRACES INCLUDING CLEAR BRACES

Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ

Show Your Smile More With Invisible Braces!



FIRST LOCATION


DENTISTRY @ BONNIE BRAES

50 CHESTERWOOD CRES, UNIT 2

BRAMPTON, ON L6Y 0Z4

(OPP. CHRUCHVILLE PUBLIC SCHOOL, JAMES POTTER / BONNIE BRAES INTERSECTION)

Tel : 905-230-9044






ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana

Sales Representative



Tel: 905.793.5777 416.802.5866

31 Melanie Dr. Unit #4 Brampton, ON L6T 5H8



FOR SALE

$1,399,999

CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



FOR SALE

$1,449,995

COTTRELLE/HWY50

ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ



SOLD

$1,149,000

SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈੱਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

1% Top Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON



$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



$1,299,905

ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

## BRAMPTON



CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

# Chapel Ridge
FUNERAL HOME & CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009


10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017



## ਤੁਹਾਡੀ ਵਾਰੀ
## ਛੇਤੀ ਹੀ ਆਉਣ ਵਾਲੀ ਹੈ।





ਓਨਟਾਰੀਓ ਦੀ ਕੋਵਿਡ-19 ਵੈਕਸੀਨ ਪਲੈਨ ਵਾਇਰਸ ਦੇ ਫੈਲਣ ਨੂੰ ਰੋਕਣ ਅਤੇ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰ ਰਹੀ ਹੈ।

ਸਾਰੇ ਓਨਟਾਰੀਓ ਵਿੱਚ ਹਰ ਰੋਜ਼ ਹਜ਼ਾਰਾਂ ਲੋਕਾਂ ਦੇ ਵੈਕਸੀਨ ਲਾਏ ਜਾ ਰਹੇ ਹਨ।

ਵੈਕਸੀਨ ਲੱਗਣੇ ਜਾਰੀ ਹਨ, ਇਸ ਦੇ ਨਾਲ ਹੀ ਸਾਨੂੰ ਮਾਸਕ ਪਾਉਣ, ਆਪਣੇ ਹੱਥ ਧੋਣ ਅਤੇ ਦੂਜਿਆਂ ਤੋਂ ਦੂਰੀ ਬਣਾ ਕੇ ਰੱਖਣ ਨੂੰ ਜਾਰੀ ਰੱਖਣ ਦੀ ਲੋੜ ਹੈ।

**ontario.ca/covidvaccineplan** 'ਤੇ ਹੋਰ ਜਾਣੋ ਜਾਂ 300 ਬੋਲੀਆਂ ਵਿੱਚ ਸਹਾਇਤਾ ਲਈ 1-888-999-6488 'ਤੇ ਕਾਲ ਕਰੋ।

ਇਸ ਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

**Ontario**